ਬੀ.ਕਾਮ. ਭਾਗ ਪਹਿਲਾ
(ਸਮੈਸਟਰ ਪਹਿਲਾ)

ਬੀ.ਸੀ. 104
ਬਿਜ਼ਨਸ ਲਾਅ

ਯੂਨਿਟ ਨੰ. 2

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰ.

2.1 ਮੁਆਇਦੇ ਦੀ ਪਾਲਣਾ ਅਤੇ ਮੁਆਇਦੇ ਦੀ ਸਮਾਪਤੀ
(Performance and Discharge of Contract)

2.2 ਹਾਨੀ ਪੂਰਤੀ ਅਤੇ ਗਰੰਟੀ
(Indemnity and Guarantee)

2.3 ਨਿਖੇਪ ਅਤੇ ਗਿਰਵੀ
(Bailment and Pledge)

2.4 ਏਜੰਸੀ
(Agency)

2.5 ਮਾਲ ਵਿਕਰੀ ਐਕਟ
(Law of Sales of Goods)

ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈੱਬਸਾਈਟ **www.pbidde.org** ਤੋਂ ਡਾਊਨਲੋਡ ਕਰਨ।

ਮੁਆਇਦੇ ਦੀ ਪਾਲਣਾ ਅਤੇ ਮੁਆਇਦੇ ਦੀ ਸਮਾਪਤੀ

(Performance of Contract and Discharge of Contract)

ਮੁਆਇਦੇ ਦੀ ਪਾਲਣਾ ਕੀ ਹੈ?

ਜਾਇਜ਼ ਮੁਆਇਦੇ ਨਾਲ ਧਿਰਾਂ ਉਪਰ ਕੁਝ ਕਾਨੂੰਨੀ ਜ਼ਿੰਮੇਵਾਰੀਆਂ ਉਤਪੰਨ ਹੁੰਦੀਆਂ ਹਨ, ਜ਼ਿੰਮੇ ਵਾਰੀਆਂ ਨੂੰ ਪੂਰਾ ਕਰ ਦੇਣਾ ਹੀ ਮੁਆਇਦੇ ਦੀ ਪਾਲਣਾ ਅਖਵਾਉਂਦਾ ਹੈ।

ਉਦਾਹਰਣ : ਰਿ-ਮੂਰ ਐਂਡ ਕੰ. ਅਤੇ ਲਾਂਡਾਊਰ ਐਂਡ ਕੰ. ਦੇ ਕੇਸ ਵਿਚ ਇਕ ਵਪਾਰੀ ਨੇ 3000 ਟਨ ਫਲ ਆਸਟ੍ਰੇਲੀਆ ਤੋਂ ਮੰਗਵਾਏ, ਜਿਨ੍ਹਾਂ ਨੂੰ ਇਸ ਪ੍ਰਕਾਰ ਦੇ ਡੱਬਿਆਂ ਵਿਚ ਪੈਕ ਕਰਕੇ ਭੇਜਣਾ ਸੀ ਕਿ ਜਿਸ ਨਾਲ ਇਕ ਪੈਕਟ ਵਿਚ 30 ਟਿਨ ਹੋਣ। ਜਦੋਂ ਮਾਲ ਆਇਆ ਤਾਂ ਵੇਖਿਆ ਗਿਆ ਕਿ ਇਕ ਪੈਕਟ ਵਿਚ 24 ਹੀ ਟਿਨ ਹਨ। ਨਿਰਣਾ ਦਿੱਤਾ ਗਿਆ ਕਿ ਵਪਾਰੀ ਸਾਰੇ ਮਾਲ ਦੇ ਮੁਆਇਦੇ ਨੂੰ ਮਨਸੂਖ ਕਰ ਸਕਦਾ ਹੈ।

ਮੁਆਇਦੇ ਦੀ ਪਾਲਣਾ ਦੀਆਂ ਕਿਸਮਾਂ

(Kinds of Performance of Contract)

ਮੁਆਇਦੇ ਦੀ ਪਾਲਣਾ ਦੋ ਪ੍ਰਕਾਰ ਨਾਂਲ ਹੋ ਸਕਦੀ ਹੈ :-

1. ਵਾਸਤਵਿਕ ਪਾਲਣਾ (Actual Performance)
2. ਪ੍ਰਸਤਾਵਿਤ ਪਾਲਣਾ ਜਾਂ ਟੈਂਡਰ (Attempted Performance)

1. ਵਾਸਤਵਿਕ ਪਾਲਣਾ (Actual Performance) : ਜਦੋਂ ਮੁਆਇਦੇ ਦੀ ਹਰ ਧਿਰ ਮੁਆਇਦੇ ਤੋਂ ਉਤਪੰਨ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਸ਼ਚਿਤ ਸਮੇਂ ਅਤੇ ਕਾਨੂੰਨੀ ਰੂਪ ਵਿਚ ਯਥਾਰਥ ਅਤੇ ਪੂਰਣ ਰੂਪ ਵਿਚ ਪੂਰਾ ਕਰ ਦਿੰਦੀ ਹੈ ਤਾਂ ਇਸ ਨੂੰ ਵਾਸਤਵਿਕ ਪਾਲਣਾ ਕਿਹਾ ਜਾਵੇ ਗਾ, ਪਰੰਤੂ ਜੇ ਮੁਆਇਦੇ ਦੀ ਇਕ ਧਿਰ ਹੀ ਆਪਣੇ ਵਚਨ ਦੀ ਪਾਲਣਾ ਕਰਦੀ ਹੈ ਤਾਂ ਉਸ ਵੇ ਲੇ ਇਹ ਵਾਸਤਵਿਕ ਪਾਲਣਾ ਹੈ ਅਤੇ ਉਸ ਨੂੰ ਮੁਆਇਦੇ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤੀ ਮਿਲ ਜਾਏਗੀ ਅਤੇ ਦੂਜੀ ਧਿਰ ਤੇ ਦਾਅਵਾ ਕਰਨ ਦਾ ਅਧਿਕਾਰ ਮਿਲ ਜਾਵੇਗਾ।

ਉਦਾਹਰਣ :- ਮੁਕੁਲ, ਸ਼ਾਮ ਲਈ ਇਕ ਪੁਸਤਕ 50/- ਰੁਪਏ ਵਿਚ ਵੇਚਣ ਦਾ ਵਾਇਦਾ ਕਰਦਾ ਹੈ। ਮੁਕੁਲ ਵਸਤੂ ਦੀ ਸਪੁਰਦਗੀ ਸ਼ਾਮ ਨੂੰ ਦੇ ਦਿੰਦਾ ਹੈ ਅਤੇ ਸ਼ਾਮ 50/- ਰੁਪਏ ਦੀ ਅਦਾਇਗੀ ਮੁਕੁਲ ਨੂੰ ਕਰ ਦਿੰਦਾ ਹੈ ਤਾਂ ਇਸ ਨੂੰ ਵਾਸਤਵਿਕ ਪਾਲਣਾ ਕਿਹਾ ਜਾਵੇਗਾ।

2. ਪ੍ਰਸਤਾਵਿਤ ਪਾਲਣਾ ਜਾਂ ਟੈਂਡਰ (Attempted Performance or Tender) :- ਜਦੋਂ ਵਚਨਦਾਤਾ ਮੁਆਇਦੇ ਤੋਂ ਉਤਪੰਨ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਦੀ ਪੇਸ਼ਕਸ਼ ਕਰਦਾ ਹੈ, ਪਰੰਤੂ ਆਪਣੇ ਸਮੁੱਚੇ ਜਤਨਾਂ ਦੇ ਬਾਵਜੂਦ ਵੀ ਪਾਲਣਾ ਕਰਨ ਵਿਚ ਅਸਮਰਥ ਰਹਿੰਦਾ ਹੈ ਕਿਉਂਕਿ ਦੂਜੀ ਧਿਰ ਇਸ ਨੂੰ ਸਵੀਕਾਰ ਨਹੀਂ ਕਰਦੀ, ਤਾਂ ਇਸ ਨੂੰ ਪ੍ਰਸਤਾਵਿਤ ਪਾਲਣਾ ਕਿਹਾ ਜਾਵੇਗਾ। ਪ੍ਰਸਤਾਵਿਤ ਪਾਲਣਾ ਨੂੰ 'ਪਾਲਣਾ ਦੀ ਪੇਸ਼ਕਸ਼ ਜਾਂ ਪਾਲਣਾ ਦਾ ਟੈਂਡਰ, ਦੋਨਾਂ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਕ ਜਾਇਜ਼ ਪਾਲਣਾ ਦੇ ਪ੍ਰਸਤਾਵ ਜਾਂ ਟੈਂਡਰ ਦਾ ਉਹੀ ਪ੍ਰਭਾਵ ਹੁੰਦਾ ਹੈ ਜਦੋ ਵਾਸਤਵਿਕ ਪਾਲਣਾ ਦਾ, ਅਰਥਾਤ ਵਚਨਦਾਤਾ ਦੁਆਰਾ ਜਾਇਜ਼ ਰੂਪ ਵਿਚ ਆਪਣੇ ਵਚਨਾਂ ਦੀ ਪਾਲਣਾ ਦੇ ਪ੍ਰਸਤਾਵ ਜਾਂ ਟੈਂਡਰ ਕਰਨ ਦੀ ਸਥਿਤੀ ਵਿਚ ਉਹ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਜਾਂਦਾ ਹੈ।

ਪ੍ਰਸਤਾਵ ਜਾਂ ਟੈਂਡਰ ਦੇ ਪ੍ਰਕਾਰ (Kinds of Tender or Offer) :– 'ਐਨਸਨ' ਦੇ ਵਿਚਾਰ ਅਨੁਸਾਰ ਮੁਆਇਦੇ ਦੀ ਪਾਲਣਾ ਦਾ ਪ੍ਰਸਤਾਵ ਜਾਂ ਟੈਂਡਰ ਦੋ ਪ੍ਰਕਾਰ ਦਾ ਹੋ ਸਕਦਾ ਹੈ।

(1) ਕਾਰਜ ਜਾਂ ਮਾਲ ਦਾ ਟੈਂਡਰ (Tender of Act) :– ਜਦੋਂ ਇਕ ਧਿਰ ਦੁਆਰਾ ਆਪਣੇ ਵਚਨ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਕਿਸੇ ਵਸਤੂ ਦੀ ਸਪੁਰਦਗੀ ਦੇਣੀ ਹੈ ਅਤੇ ਉਹ ਇਸ ਵਸਤੂ ਨੂੰ ਸਪੁਰਦਗੀ ਯੋਗ ਸਥਿਤੀ ਵਿਚ ਲਿਆ ਕੇ ਦੂਜੀ ਧਿਰ ਨੂੰ ਸਪੁਰਦ ਕਰਨ ਦਾ ਪ੍ਰਸਤਾਵ ਕਰਦਾ ਹੈ ਤਾਂ ਇਸ ਨੂੰ ਕਾਰਜ ਜਾਂ ਮਾਲ ਦਾ ਪ੍ਰਸਤਾਵ ਜਾਂ ਟੈਂਡਰ ਆਖਾਂਗੇ। ਜਿਸ ਧਿਰ ਲਈ ਇਹ ਪ੍ਰਸਤਾਵ ਕੀਤਾ ਗਿਆ ਹੈ ਜੇ ਉਹ ਇਸ ਨੂੰ ਸਵੀਕਾਰ ਨਹੀਂ ਕਰਦੀ ਤਾਂ ਪ੍ਰਸਤਾਵ ਕਰਨ ਵਾਲੀ ਧਿਰ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਦੀ ਹੈ।

(2) ਭੁਗਤਾਨ ਦਾ ਟੈਂਡਰ ਜਾਂ ਪ੍ਰਸਤਾਵ (Tender of Payment) :– ਜਦੋਂ ਮੁਆਇਦੇ ਦੀ ਇਕ ਧਿਰ ਦੁਆਰਾ ਆਪਣੇ ਵਚਨਾਂ ਦੀ ਪਾਲਣਾ ਵਿਚ ਕੁਝ ਧਨ ਦਾ ਭੁਗਤਾਨ ਕੀਤਾ ਜਾਣਾ ਹੈ ਅਤੇ ਉਹ ਭੁਗਤਾਨ ਕਰਨ ਦਾ ਪ੍ਰਸਤਾਵ ਕਰਦੀ ਹੈ ਤਾਂ ਇਸ ਨੂੰ ਭੁਗਤਾਨ ਦਾ ਟੈਂਡਰ ਜਾਂ ਪ੍ਰਸਤਾਵ ਆਖਿਆ ਜਾਵੇਗਾ। ਜਿਸ ਧਿਰ ਲਈ ਇਹ ਪ੍ਰਸਤਾਵ ਕੀਤਾ ਜਾਂਦਾ ਹੈ ਜੇ ਉਹ ਇਸ ਨੂੰ ਸਵੀਕਾਰ ਨਹੀਂ ਕਰਦੀ ਤਾਂ ਵੀ ਪਾਲਣਾ ਦਾ ਪ੍ਰਸਤਾਵ ਕਰਨ ਵਾਲੀ ਧਿਰ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕੇਗੀ, ਭਾਵੇਂ ਉਹ ਇਸ ਟੈਂਡਰ ਨੂੰ ਦਾਅਵੇ ਦੇ ਸਮੇਂ ਬਚਾਓ ਦੇ ਰੂਪ ਵਿਚ ਕੰਮ ਲਿਆ ਸਕੇਗੀ।

ਜਾਇਜ਼ ਟੈਂਡਰ ਜਾਂ ਪ੍ਰਸਤਾਵ ਦੇ ਲਾਜ਼ਮੀ ਤੱਤ (Essential Elements of a Valid Tender or Offer) :– ਜਾਇਜ਼ ਟੈਂਡਰਾਂ ਦੇ ਲੱਛਣਾਂ ਨੂੰ ਮੁਆਇਦਾ ਐਕਟ ਦੀ ਧਾਰਾ 38 ਅਤੇ ਵੱਖ-ਵੱਖ ਅਦਾਲਤਾਂ ਦੇ ਫੈਸਲਿਆਂ ਦੇ ਆਧਾਰ ਤੇ ਸਪੱਸ਼ਟ ਕੀਤਾ ਜਾ ਸਕਦਾ ਹੈ। ਇਸ ਦੇ ਮੁੱਖ ਲੱਛਣ ਨਿਮਨ ਹੋ ਸਕਦੇ ਹਨ :

(1) ਸ਼ਰਤ ਰਹਿਤ :– ਧਾਰਾ 38 (1) ਅਨੁਸਾਰ ਪਾਲਣਾ ਦੇ ਪ੍ਰਸਤਾਵ ਜਾਂ ਟੈਂਡਰ ਦਾ ਸ਼ਰਤ-ਰਹਿਤ ਹੋਣਾ ਜ਼ਰੂਰੀ ਹੈ, ਨਹੀਂ ਤਾਂ ਇਹ ਜਾਇਜ਼ ਟੈਂਡਰ ਨਹੀਂ ਹੋਵੇਗਾ।

ਉਦਾਹਰਣ :– ਸੁਰੇਸ਼, ਜੋ ਰਮੇਸ਼ ਦਾ ਕਿਰਾਏਦਾਰ ਹੈ, ਪ੍ਰਸਤਾਵ ਕਰਦਾ ਹੈ ਕਿ ਉਹ ਉਸ ਦੀ ਘੜੀ ਖਰੀਦ ਲਏ ਤਾਂ ਉਹ ਉਸ ਦੇ ਕਰਜ਼ੇ ਦਾ ਭੁਗਤਾਨ ਕਰਨ ਲਈ ਤਿਆਰ ਹੈ।ਇਹ ਪਾਲਣਾ ਦਾ ਜਾਇਜ਼ ਟੈਂਡਰ ਜਾਂ ਪ੍ਰਸਤਾਵ ਨਹੀਂ ਹੈ।

(2) ਉਚਿੱਤ ਸਮਾਂ ਅਤੇ ਸਥਾਨ :– ਧਾਰਾ 38(2) ਅਨੁਸਾਰ ਨਿਰਧਾਰਿਤ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿਚ ਜਾਂ ਅਜਿਹੇ ਸਥਾਨ ਤੇ ਬਚਨ ਦੀ ਪਾਲਣਾ ਦਾ ਪ੍ਰਸਤਾਵ ਕਰਨਾ ਜੋ ਸਹਿਮਤ ਹੋਏ ਸਥਾਨ ਤੋਂ ਭਿੰਨ ਹੈ, ਤਾਂ ਇਹ ਜਾਇਜ਼ ਪ੍ਰਸਤਾਵ ਨਹੀਂ ਹੋਵੇਗਾ।

(3) ਵਸਤੂ ਦਾ ਨਿਰੀਖਣ ਕਰਨ ਦਾ ਉਚਿੱਤ ਅਵਸਰ :– ਧਾਰਾ 28 (3) ਅਨੁਸਾਰ ਜੇ ਪਾਲਣਾ ਦਾ ਪ੍ਰਸਤਾਵ ਜਾਂ ਟੈਂਡਰ ਕਰਨ ਵਾਲੀ ਧਿਰ ਨੂੰ ਆਪਣੇ ਵਚਨ ਅਨੁਸਾਰ ਕੁਝ ਮਾਲ ਦੂਜੀ ਧਿਰ ਨੂੰ ਦੇਣਾ ਹੈ ਤਾਂ ਦੂਜੀ ਧਿਰ ਨੂੰ ਇਹ ਵੇਖਣ ਦਾ ਉਚਿੱਤ ਅਵਸਰ ਮਿਲਣਾ ਚਾਹੀਦਾ ਹੈ ਕਿ ਮਾਲ ਮੁਆਇਦੇ ਵਿਚ ਦਿੱਤੇ ਵਿਵਰਣ ਅਨੁਸਾਰ ਹੈ ਕਿ ਨਹੀਂ। ਜੇ ਮਾਲ ਵਿਵਰਣ ਅਨੁਸਾਰ ਨਹੀਂ ਹੈ ਤਾਂ ਪ੍ਰਸਤਾਵ ਜਾਂ ਟੈਂਡਰ ਜਾਇਜ਼ ਨਹੀਂ ਹੋਵੇਗਾ।

(4) ਸਮੁੱਚੀ ਜ਼ਿੰਮੇਵਾਰੀ :– ਪਾਲਣਾ ਦਾ ਪ੍ਰਸਤਾਵ ਜਾਂ ਟੈਂਡਰ ਮੁਆਇਦੇ ਨਾਲ ਸੰਬੰਧਿਤ ਸਮੁੱਚੀ ਜ਼ਿੰਮੇਵਾਰੀ ਲਈ ਹੋਣਾ ਚਾਹੀਦਾ ਹੈ ਨਾ ਕਿ ਉਸ ਦੇ ਇਕ ਭਾਗ ਲਈ।

(5) ਉਚਿੱਤ ਵਿਅਕਤੀ :– ਮੁਆਇਦੇ ਦੀ ਪਾਲਣਾ ਜਾਂ ਟੈਂਡਰ ਉਚਿੱਤ ਵਿਅਕਤੀ ਨੂੰ ਕੀਤਾ ਜਾਣਾ ਚਾਹੀਦਾ ਹੈ। ਵਚਨ-ਗ੍ਰਹਿਣਕਰਤਾ ਜਾਂ ਉਸਦਾ ਕਾਨੂੰਨੀ ਪ੍ਰਤੀਨਿਧੀ ਹੀ ਉਚਿੱਤ ਵਿਅਕਤੀ ਹੁੰਦੇ ਹਨ।

(6) ਪ੍ਰਸਤਾਵਕ ਦੀ ਯੋਗਤਾ :– ਪ੍ਰਸਤਾਵ ਜਾਂ ਟੈਂਡਰ ਉਸੇ ਵਿਅਕਤੀ ਨੂੰ ਕੀਤਾ ਜਾਣਾ ਚਾਹੀਦਾ ਹੈ ਜੋ ਆਪਣੇ ਵਚਨ ਨੂੰ ਪੂਰਾ ਕਰਨ ਦੇ ਯੋਗ, ਇੱਛੁਕ ਜਾਂ ਤਿਆਰ ਹੋਵੇ।

(7) ਉਚਿੱਤ ਫਾਰਮ :– ਮੁਆਇਦੇ ਦੀ ਪਾਲਨਾ ਦਾ ਟੈਂਡਰ ਉਚਿੱਤ ਫਾਰਮ ਤੇ ਕੀਤਾ ਜਾਣਾ ਚਾਹੀਦਾ ਹੈ।

ਪਾਲਣਾ ਦੀ ਮੰਗ ਕੌਣ ਕਰ ਸਕਦਾ ਹੈ ?

(Who can demand Performance ?)

1. ਵਚਨ–ਗ੍ਰਹਿਣ ਕਰਤਾ :– ਕਾਨੂੰਨ ਦਾ ਇਹ ਆਮ ਨਿਯਮ ਹੈ ਕਿ ਜੋ ਵਿਅਕਤੀ ਮੁਆਇਦੇ ਦੀ ਧਿਰ ਨਹੀਂ ਹੈ, ਉਹ ਮੁਆਇਦੇ ਅਧੀਨ ਕੋਈ ਵੀ ਅਧਿਕਾਰ ਪ੍ਰਾਪਤ ਨਹੀਂ ਕਰਦਾ। ਅਰਥਾਤ ਪਾਲਣਾ ਦੀ ਮੰਗ ਕੇਵਲ ਵਚਨ–ਗ੍ਰਹਿਣ ਕਰਤਾ ਦੁਆਰਾ ਹੀ ਕੀਤੀ ਜਾ ਸਕਦੀ ਹੈ। ਕਿਸੇ ਹੋਰ ਵਿਅਕਤੀ ਦੁਆਰਾ ਨਹੀਂ।

ਉਦਾਹਰਣ :– ਰਾਹੁਲ, ਰੋਹਿਤ ਨੂੰ ਵਚਨ ਦਿੰਦਾ ਹੈ ਕਿ ਉਹ ਨਿਤਿਨ ਨੂੰ 500/– ਰੁਪਏ ਦੇਵੇਗਾ। ਇਥੇ ਰੋਹਿਤ ਹੀ ਵਚਨ ਦੀ ਪਾਲਨਾ ਦੀ ਮੰਗ ਕਰ ਸਕਦਾ ਹੈ, ਨਿਤਿਨ ਨਹੀਂ।

2. ਕਾਨੂੰਨੀ ਪ੍ਰਤੀਨਿਧੀ :– ਵਚਨ–ਗ੍ਰਹਿਣਕਰਤਾ ਦੀ ਮ੍ਰਿਤੂ ਹੋ ਜਾਣ ਦੀ ਸੂਰਤ ਵਿਚ ਉਸ ਦਾ ਕਾਨੂੰਨੀ ਪ੍ਰਤੀਨਿਧੀ ਮੁਆਇਦੇ ਦੀ ਪਾਲਨਾ ਦੀ ਮੰਗ ਕਰ ਸਕਦਾ ਹੈ, ਪਰ ਸ਼ਰਤ ਇਹ ਹੈ ਕਿ ਮੁਆਇਦਾ ਵਿਅਕਤੀਗਤ ਪ੍ਰਵਿਰਤੀ ਦਾ ਨਾ ਹੋਵੇ।

ਉਦਾਹਰਣ : ਵਿਨੈ, ਵਿਪੁਲ ਨੂੰ 500/– ਰੁਪਏ ਕਰਜ਼ਾ ਦਿੰਦਾ ਹੈ, ਵਿਨੈ ਦੀ ਮ੍ਰਿਤੂ ਤੋਂ ਬਾਅਦ ਵਿਨੈ ਦਾ ਕਾਨੂੰਨੀ ਪ੍ਰਤੀਨਿਧੀ ਇਸ ਰਕਮ ਨੂੰ ਵਸੂਲ ਕਰ ਸਕੇਗਾ।

3. ਸੰਯੁਕਤ ਵਚਨ–ਗ੍ਰਹਿਣ ਕਰਤਾ :– ਧਾਰਾ 45 ਅਨੁਸਾਰ ਜਦੋਂ ਕਿਸੇ ਵਿਅਕਤੀ ਨੇ ਦੋ ਜਾਂ ਦੋ ਤੋਂ ਅਧਿਕ ਵਿਅਕਤੀਆਂ ਨੂੰ ਸੰਯੁਕਤ ਰੂਪ ਵਿਚ ਕੋਈ ਵਚਨ ਦਿਤਾ ਹੋਵੇ ਅਤੇ ਮੁਆਇਦੇ ਤੋਂ ਕੋਈ ਵਿਪਰੀਤ ਭਾਵ ਪ੍ਰਤੀਤ ਨਾ ਹੁੰਦਾ ਹੋਵੇ ਤਾਂ :–

(ੳ) ਸਾਰੇ ਵਚਨ–ਗ੍ਰਹਿਣ ਕਰਤਿਆਂ ਨੂੰ ਸੰਯੁਕਤ ਰੂਪ ਵਿਚ; ਜਾਂ

(ਅ) ਸੰਯੁਕਤ ਵਚਨ–ਗ੍ਰਹਿਣ ਕਰਤਿਆਂ ਵਿਚੋਂ ਕਿਸੇ ਇਕ ਦੀ ਮ੍ਰਿਤੂ ਤੇ ਮ੍ਰਿਤਕ ਦੇ ਪ੍ਰਤੀਨਿਧੀ ਅਤੇ ਵਚਨ–ਗ੍ਰਹਿਣ ਕਰਤਿਆਂ ਨੂੰ ਸੰਯੁਕਤ ਰੂਪ ਵਿਚ; ਜਾਂ

(ੲ) ਸਾਰਿਆਂ ਦੀ ਮ੍ਰਿਤੂ ਤੇ ਸਾਰਿਆਂ ਦੇ ਕਾਨੂੰਨੀ ਪ੍ਰਤੀਨਿਧਾਂ ਨੂੰ ਸੰਯੁਕਤ ਰੂਪ ਵਿਚ ਮੁਆਇਦੇ ਦੀ ਪਾਲਨਾ ਕਰਨ ਦੀ ਮੰਗ ਕਰਨ ਦਾ ਅਧਿਕਾਰ ਹੋਵੇਗਾ।

ਉਦਾਹਰਣ : ਅਰਸ਼ ਅਤੇ ਅਰੁਣ ਨੇ ਅਸ਼ੋਕ ਨੂੰ 500/– ਰੁਪਏ ਉਧਾਰ ਦਿੱਤੇ। ਭੁਗਤਾਨ ਪ੍ਰਾਪਤ ਕਰਨ ਤੋਂ ਪਹਿਲਾਂ ਅਰਸ਼ ਦੀ ਮ੍ਰਿਤੂ ਹੋ ਜਾਂਦੀ ਹੈ। ਹੁਣ ਅਰੁਣ ਅਤੇ ਅਰਸ਼ ਦਾ ਪ੍ਰਤਿਨਿਧੀ ਮਿਲ ਕੇ ਪਾਲਣਾ ਦੀ ਮੰਗ ਕਰ ਸਕਦੇ ਹਨ।

ਮੁਆਇਦੇ ਦੀ ਪਾਲਣਾ ਕਿਸ ਦੁਆਰਾ ਹੋਣੀ ਚਾਹੀਦਾ ਹੈ ?

(By whom contract must be performed ?)

1. ਆਪ ਵਚਨ ਦਾਤਾ :– ਧਾਰਾ 40 ਅਨੁਸਾਰ ਜੇ ਸਮਝੌਤੇ ਦੀ ਪ੍ਰਕ੍ਰਿਤੀ ਤੋਂ ਅਜਿਹਾ ਮਹਿਸੂਸ ਹੁੰਦਾ ਹੈ ਕਿ ਮੁਆਇਦੇ ਦੀਆਂ ਧਿਰਾਂ ਦਾ ਭਾਵ ਇਹ ਸੀ ਕਿ ਉਸ ਅਧੀਨ ਦਿੱਤੇ ਗਏ ਵਚਨ ਦੀ ਪਾਲਣਾ ਆਪ ਵਚਨ ਦਾਤਾ ਦੁਆਰਾ ਹੀ ਕੀਤੀ ਜਾਵੇ, ਅਜਿਹੇ ਵਚਨ ਦੀ ਪਾਲਣਾ ਵਚਨਦਾਤਾ ਦੁਆਰਾ ਹੀ ਹੋਣੀ ਚਾਹੀਦੀ ਹੈ।

ਉਦਾਹਰਣ :– ਪਾਇਲ, ਘਾਇਲ ਲਈ ਇਕ ਕਵਿਤਾ ਲਿਖਣ ਦਾ ਵਚਨ ਦਿੰਦੀ ਹੈ। ਇਸ ਵਚਨ ਦੀ ਪਾਲਣਾ ਉਸ ਨੂੰ ਖੁਦ ਕਰਨੀ ਪਵੇਗੀ।

2. ਵਚਨਦਾਤਾ ਜਾਂ ਉਸ ਦਾ ਏਜੰਟ :– ਧਾਰਾ 40 ਅਨੁਸਾਰ ਜੇ ਮੁਆਇਦਾ ਵਿਅਕਤੀਗਤ ਪ੍ਰਕ੍ਰਿਤੀ ਦਾ ਨਹੀਂ ਹੈ, ਤਾਂ ਆਪ ਵਚਨਦਾਤਾ ਜਾਂ ਉਸ ਦਾ ਏਜੰਟ ਵਚਨ ਦੀ ਪਾਲਣਾ ਕਰ ਸਕੇਗਾ।

ਉਦਾਹਰਣ :– ਤਰੁਣ, ਵਰੁਣ ਨੂੰ 1000/– ਰੁਪਏ ਇਕ ਨਿਸ਼ਚਿਤ ਮਿਤੀ ਨੂੰ ਦੇਣ ਦਾ ਵਚਨ ਦਿੰਦਾ ਹੈ। ਤਰੁਣ ਆਪ ਜਾਂ ਉਸ ਦਾ ਏਜੰਟ ਵਚਨ ਦੀ ਪਾਲਣਾ ਕਰ ਸਕੇਗਾ।

3. ਕਾਨੂੰਨੀ ਪ੍ਰਤੀਨਿਧੀ :– ਧਾਰਾ 37 ਅਨੁਸਾਰ ਮੁਆਇਦੇ ਵਿਚ ਵਿਪਰੀਤ ਭਾਵ ਨਾ ਹੋਣ ਦੀ ਸੂਰਤ ਵਿਚ ਪਾਲਣਾ ਤੋਂ ਪਹਿਲਾਂ ਵਚਨਦਾਤਾ ਦੀ ਮ੍ਰਿਤੂ ਦੀ ਸੂਰਤ ਵਿਚ ਉਸ ਦਾ ਕਾਨੂੰਨੀ ਪ੍ਰਤੀਨਿਧੀ ਵਚਨ ਦੀ ਪਾਲਣਾ ਦੀ ਮੰਗ ਕਰ ਸਕਦਾ ਹੈ। ਇਹ ਨਿਯਮ ਵਿਅਕਤੀਗਤ ਕੁਸ਼ਲਤਾ ਪ੍ਰਧਾਨ ਮੁਆਇਦਿਆਂ ਤੇ ਲਾਗੂ ਨਹੀਂ ਹੋਵੇਗਾ।

4. ਤੀਜੀ ਧਿਰ :– ਧਾਰਾ 41 ਅਨੁਸਾਰ ਜੇ ਵਚਨ–ਗ੍ਰਹਿਣਕਰਤਾ ਤੀਜੀ ਧਿਰ ਤੋਂ ਪਾਲਣਾ ਸਵੀਕਾਰ ਕਰ ਲੈਂਦਾ ਹੈ, ਤਾਂ ਮੁੜ ਉਹ ਇਸ ਲਈ ਵਚਨਦਾਤਾ ਨੂੰ ਜ਼ਿੰਮੇਵਾਰ ਨਹੀਂ ਬਣਾ ਸਕਦਾ।

5. ਸੰਯੁਕਤ ਵਚਨਾਂ ਦੀ ਪਾਲਣਾ :– ਇਸ ਨਾਲ ਸੰਬੰਧਿਤ ਨਿਯਮ ਮੁਆਇਦੇ ਦੀ ਧਾਰਾ 42 ਤੋਂ 44 ਤੱਕ ਵਿਚ ਦਿੱਤੇ ਗਏ ਹਨ ਜੋ ਕਿ ਨਿਮਨ ਲਿਖਿਤ ਹਨ :–

(1) ਵਚਨਦਾਤਿਆਂ ਦੁਆਰਾ ਸੰਯੁਕਤ ਰੂਪ ਵਿਚ ਪਾਲਣਾ :– ਧਾਰਾ 42 ਅਨੁਸਾਰ ਜੇ ਮੁਆਇਦੇ ਵਿਚ ਕੋਈ ਪ੍ਰਤੀਕੂਲ ਭਾਵ ਪ੍ਰਗਟ ਨਾ ਹੁੰਦਾ ਹੋਵੇ ਤਾਂ ਸਾਰੇ ਵਚਨਦਾਤਿਆਂ ਦੁਆਰਾ, ਕਿਸੇ ਇਕ ਵਚਨਦਾਤਾ ਦੀ ਮ੍ਰਿਤੂ ਹੋਣ ਤੇ ਉਸ ਦੇ ਕਾਨੂੰਨੀ ਉਤਰਾਧਿਕਾਰੀ ਅਤੇ ਬਾਕੀ ਜੀਵਿਤ ਵਚਨਦਾਤਿਆਂ ਦੁਆਰਾ ਜਾਂ ਸਾਰਿਆਂ ਦੀ ਮ੍ਰਿਤੂ ਹੋਣ ਤੇ ਸਾਰਿਆਂ ਵਚਨਦਾਤਿਆਂ ਦੇ ਕਾਨੂੰਨੀ ਉਤਰਾਧਿਕਾਰੀ ਵਚਨਾਂ ਦੀ ਪਾਲਣਾ ਕਰਨਗੇ।

(2) ਕਿਸੇ ਵੀ ਸੰਯੁਕਤ ਵਚਨਦਾਤਾ ਨੂੰ ਪਾਲਣਾ ਲਈ ਮਜਬੂਰ ਕੀਤਾ ਜਾ ਸਕਦਾ ਹੈ :– ਧਾਰਾ 43 ਅਨੁਸਾਰ ਕਿਸੇ ਵਿਪਰੀਤ ਮੁਆਇਦੇ ਦੀ ਅਣਹੋਂਦ ਦੀ ਸੂਰਤ ਵਿਚ ਸੰਯੁਕਤ ਵਚਨਦਾਤਿਆਂ ਵਿਚੋਂ ਕਿਸੇ ਇਕ ਨੂੰ ਸਮੁੱਚੇ ਵਚਨ ਦੀ ਪਾਲਣਾ ਲਈ ਮਜਬੂਰ ਕੀਤਾ ਜਾ ਸਕਦਾ ਹੈ ਕਿਉਂਕਿ ਸੰਯੁਕਤ ਵਚਨਦਾਤਿਆਂ ਦੀ ਜ਼ਿੰਮੇਵਾਰੀ ਵਿਅਕਤੀਗਤ ਅਤੇ ਸਮੂਹਿਕ ਦੋਹਾਂ ਹੀ ਰੂਪਾਂ ਵਿਚ ਹੁੰਦੀ ਹੈ।

ਉਦਾਹਰਣ :– ਰਮੇਸ਼, ਸੁਰੇਸ਼ ਅਤੇ ਗਣੇਸ਼ 3000/– ਰੁਪਏ ਆਸ਼ੀਸ਼ ਨੂੰ ਦੇਣ ਦਾ ਵਚਨ ਦਿੰਦੇ ਹਨ। ਆਸ਼ੀਸ਼ ਇਹਨਾਂ ਤਿੰਨਾਂ ਵਿਚੋਂ ਕਿਸੇ ਨੂੰ ਭੁਗਤਾਨ ਕਰਨ ਲਈ ਮਜ਼ਬੂਰ ਕਰ ਸਕਦਾ ਹੈ।

(3) ਅੰਸ਼ਦਾਨ ਪ੍ਰਾਪਤ ਕਰਨ ਦਾ ਅਧਿਕਾਰ :– ਧਾਰਾ 43 ਅਨੁਸਾਰ ਮੁਆਇਦੇ ਵਿਚ ਕਿਸੇ ਵਿਪਰੀਤ ਭਾਵ ਦੀ ਅਣਹੋਂਦ ਦੀ ਸੂਰਤ ਵਿਚ ਸੰਯੁਕਤ ਵਚਨਦਾਤਿਆਂ ਵਿਚੋਂ ਜੇ ਕਿਸੇ ਇਕ ਨੇ ਸਮੁੱਚੀ ਜ਼ਿੰਮੇਵਾਰੀ ਦੀ ਪਾਲਣਾ ਕਰ ਦਿੱਤੀ ਹੈ, ਤਾਂ ਉਹ ਹੋਰ ਸਹਿ–ਵਚਨਦਾਤਿਆਂ ਪਾਸੋਂ ਸਮਾਨ ਅੰਸ਼ਦਾਨ ਪ੍ਰਾਪਤ ਕਰ ਸਕੇਗਾ।

ਉਦਾਹਰਣ :– ਅਰੁਣ, ਵਰੁਣ ਅਤੇ ਅਨਿਲ ਨੇ ਅਨੰਦ ਨੂੰ 3000/– ਰੁਪਏ ਦੇਣ ਦਾ ਵਚਨ ਦਿੱਤਾ, ਅਰੁਣ ਨੂੰ ਪੂਰਾ ਪੈਸਾ ਅਨੰਦ ਦੀ ਮੰਗ ਤੇ ਦੇਣਾ ਪਿਆ। ਇਸ ਲਈ ਉਹ ਵਰੁਣ, ਅਤੇ ਅਨਿਲ ਪਾਸੋਂ 1000/– ਰੁਪਿਆ ਹਰੇਕ ਤੋਂ ਵਸੂਲ ਕਰ ਸਕਦਾ ਹੈ।

(4) ਅੰਸ਼ਦਾਨ ਵਿਚ ਅਸਮਰਥਤਾ :– ਧਾਰਾ 43 ਅਨੁਸਾਰ ਜੇ ਸੰਯੁਕਤ ਵਚਨਦਾਤਿਆਂ ਵਿਚੋਂ ਕੋਈ ਆਪਣੇ ਅੰਸ਼ਦਾਨ ਦਾ ਭਾਰ ਕਿਸੇ ਕਾਰਣ ਸਹਿਣ ਕਰਨ ਤੋਂ ਅਸਮਰੱਥ ਹੈ ਤਾਂ ਵਚਨਦਾਤਿਆਂ ਨੂੰ ਇਸ ਅਸਮਰੱਥਤਾ ਤੋਂ ਹੋਈ ਹਾਨੀ ਦੀ ਰਕਮ ਬਰਾਬਰ ਬਰਾਬਰ ਰੂਪ ਵਿਚ ਸਹਿਣੀ ਪਵੇਗੀ।

ਉਦਾਹਰਣ :- ਸਮੀਰ, ਅਮੀਰ ਅਤੇ ਫਕੀਰ ਨੇ ਪੰਕਜ ਨੂੰ 3000/- ਰੁਪਏ ਦੇਣ ਦਾ ਵਚਨ ਦਿੱਤਾ। ਪੰਕਜ ਦਾ ਸੰਪੂਰਣ ਭੁਗਤਾਨ ਸਮੀਰ ਨੂੰ ਕਰਨਾ ਪਿਆ। ਫਕੀਰ ਕੁਝ ਵੀ ਦੇਣ ਦੇ ਸਮਰੱਥ ਨਹੀਂ ਹੈ। ਸਮੀਰ, ਅਮੀਰ ਪਾਸੋਂ 1,500/- ਰੁਪਏ ਪ੍ਰਾਪਤ ਕਰਨ ਦਾ ਹੱਕਦਾਰ ਹੈ।

(ਡ) ਕਿਸੇ ਇਕ ਸੰਯੁਕਤ ਵਚਨਦਾਤਾ ਦੀ ਪਾਲਣਾ ਤੋਂ ਮੁਕਤੀ ਦਾ ਪ੍ਰਭਾਵ :- ਧਾਰਾ 44 ਅਨੁਸਾਰ ਸੰਯੁਕਤ ਵਚਨਦਾਤਿਆਂ ਵਿਚੋਂ ਇਕ ਵਚਨਦਾਤਾ ਦੀ ਵਚਨ ਗ੍ਰਹਿਣਕਰਤਾ ਦੁਆਰਾ ਮੁਕਤੀ ਕਰ ਦੇਣ ਤੇ ਬਾਕੀ ਸੰਯੁਕਤ ਵਚਨਦਾਤਾ ਮੁਕਤੀ ਨਹੀਂ ਪਾਉਂਦੇ ਅਤੇ ਨਾ ਹੀ ਇਹ ਮੁਕਤ ਕੀਤਾ ਗਿਆ ਵਚਨਦਾਤਾ ਹੋਰ ਸੰਯੁਕਤ ਵਚਨਦਾਤਿਆਂ ਪ੍ਰਤੀ ਜ਼ਿੰਮੇਵਾਰੀਆਂ ਤੋਂ ਮੁਕਤ ਹੁੰਦਾ ਹੈ।

ਪਾਲਣਾ ਦਾ ਸਮਾਂ ਅਤੇ ਸਥਾਨ

(Time and Place of Performance)

ਮੁਆਇਦੇ ਦੀ ਪਾਲਣਾ ਦੇ ਸਮੇਂ ਅਤੇ ਸਥਾਨ ਨਾਲ ਸੰਬੰਧਿਤ ਨਿਯਮ ਐਕਟ ਦੀ ਧਾਰਾ 46 ਤੋਂ 50 ਵਿਚ ਦੱਸੇ ਗਏ ਹਨ ਜੋ ਨਿਮਨ ਅਨੁਸਾਰ ਹਨ :-

1. ਧਾਰਾ 46 :- ਜਦੋਂ ਮੁਆਇਦੇ ਅਨੁਸਾਰ ਵਚਨਦਾਤਾ ਨੇ ਆਪਣੇ ਵਚਨ ਦੀ ਪਾਲਣਾ ਵਚਨ-ਗ੍ਰਹਿਣਕਰਤਾ ਦੁਆਰਾ ਬੇਨਤੀ ਕਰਨ ਬਗੈਰ ਕਰਨੀ ਹੋਵੇ ਅਤੇ ਇਸ ਲਈ ਕੋਈ ਸਮਾਂ ਨਿਸ਼ਚਿਤ ਨਾ ਹੋਵੇ ਤਾਂ ਅਜਿਹੀ ਸਥਿਤੀ ਵਿਚ ਪਾਲਣਾ ਉਚਿੱਤ ਰੂਪ ਵਿਚ ਜਾਂ ਉਚਿੱਤ ਸਮੇ ਂ ਦੇ ਅੰਦਰ ਹੋਣੀ ਚਾਹੀਦੀ ਹੈ। ਉਚਿੱਤ ਸਮੇਂ ਦਾ ਨਿਰਧਾਰਣ ਸੰਬੰਧਿਤ ਮਾਮਲਿਆਂ ਦੇ ਤੱਥਾਂ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ। ਜੇਕਰ Contract ਦੀ ਪਾਲਣਾ ਪਹਿਲਾਂ ਤੋਂ fixed time ਵਿੱਚ ਨਹੀ ਕੀਤੀ ਜਾਂਦੀ ਹੈ ਤਾਂ ਇਹ Contract ਪੂਰਾ ਹੋਇਆ ਨਹੀਂ ਮੰਨਿਆ ਜਾਵੇਗਾ।

2. ਧਾਰਾ 47 :- ਜਦੋਂ ਵਚਨ ਦੀ ਪਾਲਣਾ ਕਿਸੇ ਨਿਸ਼ਚਿਤ ਦਿਨ ਕੀਤੀ ਜਾਣੀ ਹੋਵੇ ਅਤੇ ਵਚਨ-ਗ੍ਰਹਿਣਕਰਤਾ ਦੀ ਬੇਨਤੀ ਕੀਤੇ ਬਿਨਾਂ ਵਚਨਾਂ ਦੀ ਪਾਲਣਾ ਦੀ ਜ਼ਿੰਮੇਵਾਰੀ ਵਚਨਦਾਤਾ ਨੇ ਆਪਣੇ ਉਪਰ ਲੈ ਲਈ ਹੋਵੇ, ਤਾਂ ਵਚਨਦਾਤਾ ਦੁਆਰਾ ਕਾਰੋਬਾਰ ਦੇ ਆਮ ਘੰਟਿਆਂ ਵਿਚ ਕਿਸੇ ਵੀ ਅਜਿਹੇ ਦਿਨ ਅਤੇ ਸਥਾਨ ਤੇ ਵਚਨ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਜਿਸ ਦੀ ਉਸ ਤੋਂ ਆਸ ਕੀਤੀ ਜਾਂਦੀ ਹੋਵੇ।

ਉਦਾਹਰਣ :- ਵਿਵੇਕ, ਕਬੀਰ ਦੇ ਗੋਦਾਮ ਤੇ ਇਕ ਜਨਵਰੀ ਨੂੰ ਮਾਲ ਦੀ ਸਪੁਰਦਗੀ ਦੇਣ ਦਾ ਵਚਨ ਦਿੰਦਾ ਹੈ। ਵਿਵੇਕ ਗੋਦਾਮ ਦੇ ਬੰਦ ਹੋ ਜਾਣ ਤੋਂ ਬਾਅਦ ਮਾਲ ਲੈ ਕੇ ਆਉਂਦਾ ਹੈ, ਇਸ ਲਈ ਮਾਲ ਦੀ ਸਪੁਰਦਗੀ ਨਹੀਂ ਲਈ ਜਾਂਦੀ। ਇਸ ਨੂੰ ਵਚਨ ਦੀ ਪਾਲਣਾ ਨਹੀਂ ਮੰਨਿਆ ਜਾਵੇ ਗਾ।

3. ਧਾਰਾ 48 :- ਜਦੋਂ ਕਿ ਮੁਆਇਦੇ ਦੀ ਪਾਲਣਾ ਕਿਸੇ ਨਿਸ਼ਚਿਤ ਦਿਨ ਕੀਤੀ ਜਾਣੀ ਹੋਵੇ ਅਤੇ ਵਚਨਦਾਤਾ ਦੁਆਰਾ ਵਚਨ-ਗ੍ਰਹਿਣਕਰਤਾ ਦੀ ਬੇਨਤੀ ਤੋਂ ਬਿਨਾਂ ਅਜਿਹਾ ਹੋਵੇ ਤਾਂ ਇਸ ਸਥਿਤੀ ਵਿਚ ਵਚਨ-ਗ੍ਰਹਿਣਕਰਤਾ ਦਾ ਇਹ ਕਰਤੱਵ ਹੈ ਕਿ ਪਾਲਣਾ ਲਈ ਬੇਨਤੀ ਉਚਿੱਤ ਸਥਾਨ ਤੇ ਕਾਰੋਬਾਰ ਦੇ ਸਾਧਾਰਣ ਘੰਟਿਆਂ ਦੇ ਅੰਦਰ ਹੋਵੇ।

4. ਧਾਰਾ 49 :- ਜਦੋਂ ਵਚਨ ਦੀ ਪਾਲਣਾ ਵਚਨ-ਗ੍ਰਹਿਣਕਰਤਾ ਦੀ ਬੇਨਤੀ ਤੋਂ ਕੀਤੀ ਜਾਣੀ ਹੋਵੇ ਅਤੇ ਪਾਲਣਾ ਦਾ ਕੋਈ ਸਥਾਨ ਨਿਸ਼ਚਿਤ ਨਾ ਕੀਤਾ ਗਿਆ ਹੋਵੇ ਤਾਂ ਵਚਨਦਾਤਾ ਦਾ ਇਹ ਕਰਤੱਵ ਹੈ ਕਿ ਉਹ ਵਚਨ ਦੀ ਪਾਲਣਾ ਲਈ ਉਚਿੱਤ ਸਥਾਨ ਨਿਯਤ ਕਰਨ ਲਈ ਵਚਨ-ਗ੍ਰਹਿਣਕਰਤਾ ਨੂੰ ਬੇਨਤੀ ਕਰੇ ਅਤੇ ਉਸ ਦੀ ਪਾਲਣਾ ਕਰੇ।

5. ਧਾਰਾ 50 :- ਵਚਨ ਦੀ ਪਾਲਣਾ ਵਚਨ-ਗ੍ਰਹਿਣਕਰਤਾ ਦੁਆਰਾ ਨਿਰਧਾਰਿਤ ਜਾਂ ਪ੍ਰਵਾਨਿਤ ਰੀਤੀ ਅਨੁਸਾਰ ਕਿਸੇ ਸਥਾਨ ਤੇ ਕੀਤੀ ਜਾ ਸਕਦੀ ਹੈ।

ਉਦਾਹਰਣ :- ਵਿਨੀਤ, ਮੁਕੁਲ ਦਾ 2000/- ਰੁਪਏ ਦਾ ਕਰਜ਼ਦਾਰ ਹੈ। ਵਿਨੀਤ ਦੁਆਰਾ

ਕਰਜ਼ੇ ਦੇ ਕੁਝ ਭਾਗ ਦੇ ਨਿਪਟਾਰੇ ਵਿਚ ਮੁਕੁਲ ਦੁਆਰਾ ਕੁਝ ਮਾਲ ਸਵੀਕਾਰ ਕਰ ਲਿਆ ਜਾਂਦਾ ਹੈ। ਇਸ ਨੂੰ ਕਰਜ਼ੇ ਦਾ ਅੰਸ਼ਿਕ ਭੁਗਤਾਨ ਮੰਨਿਆ ਜਾਵੇਗਾ।

ਪਰਸਪਰ ਵਚਨਾਂ ਦੀ ਪਾਲਣਾ
(Performance of Reciprocal Promises)

ਧਾਰਾ 2(F) ਅਨੁਸਾਰ

ਅਜਿਹੇ ਵਚਨ ਜੋ ਇਕ ਦੂਜੇ ਲਈ ਪ੍ਰਤੀਫਲ ਜਾਂ ਅੰਸ਼ਿਕ ਪ੍ਰਤੀਫਲ ਹੁੰਦੇ ਹਨ, ਪਰਸਪਰ ਵਚਨ ਅਖਵਾਉਂਦੇ ਹਨ।

ਉਦਾਹਰਣ :– ਸੁਨੀਲ ਨੇ ਆਕਾਸ਼ ਨੂੰ 200/- ਰੁਪਏ ਵਿਚ ਇਕ ਘੜੀ ਵੇਚਣ ਦਾ ਵਚਨ ਦਿੱਤਾ ਅਤੇ ਪੁਨੀਤ ਨੇ ਘੜੀ ਬਦਲੇ 200/- ਰੁਪਏ ਦੇਣ ਦਾ ਵਚਨ ਦਿੱਤਾ। ਇਹ ਪਰਸਪਰ ਵਚਨ ਹੈ।

ਪਰਸਪਰ ਵਚਨਾਂ ਨਾਲ ਸੰਬੰਧਿਤ ਨਿਯਮ ਭਾਰਤੀ ਮੁਆਇਦਾ ਐਕਟ ਦੀਆਂ ਧਾਰਾਵਾਂ 51, 52, 53, 54, 57 ਅਤੇ 58 ਵਿਚ ਦਿੱਤੇ ਗਏ ਹਨ ਜੋ ਇਸ ਪ੍ਰਕਾਰ ਹਨ :-

1. ਪਰਸਪਰ ਅਤੇ ਸਮਵਰਤੀ ਵਚਨਾਂ ਦੀ ਪਾਲਣਾ :– ਜਦੋਂ ਦੋ ਵਚਨਾਂ ਦੀ ਇਕੋ ਵੇਲੇ ਪਾਲਣਾ ਕੀਤੀ ਜਾਣੀ ਹੋਵੇ, ਤਾਂ ਉਹ ਪਰਸਪਰ ਅਤੇ ਸਮਵਰਤੀ ਵਚਨ ਅਖਵਾਉਂਦੇ ਹਨ। ਧਾਰਾ 51 ਦੇ ਅਨੁਸਾਰ ਇਸ ਪ੍ਰਕਾਰ ਦੇ ਵਚਨਾਂ ਦੀ ਸਥਿਤੀ ਵਿਚ ਵਚਨਦਾਤਾ ਉਦੋਂ ਤੱਕ ਆਪਣੇ ਵਚਨ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਨਹੀਂ ਹੈ ਜਦੋਂ ਤੱਕ ਕਿ ਵਚਨ-ਗ੍ਰਹਿਣਕਰਤਾ ਆਪਣਾ ਵਚਨ ਪੂਰਾ ਕਰਨ ਲਈ ਤਿਆਰ ਅਤੇ ਰਜ਼ਾਮੰਦ ਨਾ ਹੋਵੇ।

ਉਦਾਹਰਣ :– ਪ੍ਰੀਤੀ ਅਤੇ ਪੱਲਵੀ ਆਪਸ ਵਿਚ ਮੁਆਇਦਾ ਕਰਦੀਆਂ ਹਨ ਕਿ ਪ੍ਰੀਤੀ ਉਸ ਨੂੰ ਕੋਈ ਵਸਤੂ ਸਪੁਰਦ ਕਰੇਗੀ ਅਤੇ ਪੱਲਵੀ ਮੁੱਲ ਦਾ ਭੁਗਤਾਨ ਕਰੇਗੀ। ਪ੍ਰੀਤੀ ਨੂੰ ਵਸਤੂ ਦੀ ਸਪੁਰਦਗੀ ਕਰਨਾ ਉਦੋਂ ਤੱਕ ਜ਼ਰੂਰੀ ਨਹੀਂ ਹੈ ਜਦ ਤੱਕ ਪੱਲਵੀ ਭੁਗਤਾਨ ਲਈ ਰਜ਼ਾਮੰਦ ਨਾ ਹੋਵੇ।

2. ਪਰਸਪਰ ਅਤੇ ਸੁਤੰਤਰ ਵਚਨਾਂ ਦੀ ਪਾਲਣਾ :– ਜਦੋਂ ਹਰ ਧਿਰ ਨੇ ਆਪਣਾ ਵਚਨ ਦੂਜੀ ਧਿਰ ਦੀ ਉਡੀਕ ਕੀਤੇ ਬਿਨਾਂ ਸੁਤੰਤਰ ਰੂਪ ਵਿਚ ਪੂਰਾ ਕਰਨਾ ਹੁੰਦਾ ਹੈ ਤਾਂ ਇਹ ਪਰਸਪਰ ਅਤੇ ਸੁਤੰਤਰ ਵਚਨ ਆਖੇ ਜਾਂਦੇ ਹਨ। ਧਾਰਾ 52 ਅਨੁਸਾਰ ਇਸ ਪ੍ਰਕਾਰ ਦੇ ਵਚਨਾਂ ਦੀ ਸਥਿਤੀ ਵਿਚ ਜੇ ਮੁਆਇਦੇ ਦੀ ਪਾਲਣਾ ਦਾ ਕ੍ਰਮ ਤੈਅ ਹੈ ਤਾਂ ਪਾਲਣਾ ਉਸ ਰੂਪ ਵਿਚ ਹੀ ਹੋਣੀ ਚਾਹੀਦੀ ਹੈ। ਜੇ ਕ੍ਰਮ ਸਪੱਸ਼ਟ ਨਹੀਂ ਹੈ ਤਾਂ ਪਾਲਣਾ ਦਾ ਕ੍ਰਮ ਕਾਰੋਬਾਰ ਦੀ ਪ੍ਰਕਿਰਤੀ ਤੋਂ ਨਿਰਧਾਰਿਤ ਹੋਵੇਗਾ।

3. ਪਰਸਪਰ ਅਤੇ ਨਿਰਭਰ ਵਚਨਾਂ ਦੀ ਪਾਲਣਾ :– ਧਾਰਾ 54 ਅਨੁਸਾਰ ਜਦੋਂ ਕੋਈ ਮੁਆਇਦਾ ਅਜਿਹੇ ਪਰਸਪਰ ਵਚਨਾਂ ਦਾ ਹੈ ਜਿਸ ਵਿਚੋਂ ਇਕ ਦੀ ਪਾਲਣਾ ਉਦੋਂ ਤੱਕ ਨਹੀਂ ਹੋ ਸਕਦੀ ਜਦੋਂ ਤੱਕ ਕਿ ਦੂਜੇ ਦੀ ਪਾਲਣਾ ਨਹੀਂ ਕਰ ਦਿੱਤੀ ਜਾਂਦੀ, ਤਾਂ ਇਹਨਾਂ ਨੂੰ ਪਰਸਪਰ ਅਤੇ ਨਿਰਭਰ ਵਚਨ ਕਿਹਾ ਜਾਵੇਗਾ। ਇਸ ਪ੍ਰਕਾਰ ਦੇ ਵਚਨਾਂ ਵਿਚ ਜੇ ਅੰਤਿਮ ਵਚਨ ਦਾ ਵਚਨਦਾਤਾ ਉਸ ਦੀ ਪਾਲਣਾ ਕਰਨ ਵਿਚ ਅਸਫਲ ਰਹਿੰਦਾ ਹੈ, ਅਜਿਹਾ ਵਚਨਦਾਤਾ ਦੂਜੀ ਧਿਰ ਤੋਂ ਵਚਨ ਦੀ ਪਾਲਣਾ ਦੀ ਮੰਗ ਨਹੀਂ ਕਰ ਸਕਦਾ ਅਤੇ ਉਸ ਨੂੰ ਦੂਜੀਆਂ ਧਿਰਾਂ ਦੀ ਪਾਲਣਾ ਨਾ ਹੋਣ ਕਾਰਨ ਹੋਈ ਹਾਨੀ ਦੀ ਪੂਰਤੀ ਵੀ ਕਰਨੀ ਪਵੇਗੀ।

4. ਕਿਸੇ ਧਿਰ ਦੁਆਰਾ ਪਾਲਣਾ ਦੀ ਰੁਕਾਵਟ ਪਾਉਣ ਦਾ ਪ੍ਰਭਾਵ :– ਧਾਰਾ 53 ਅਨੁਸਾਰ ਪਰਸਪਰ ਵਚਨਾਂ ਦੇ ਮੁਆਇਦੇ ਵਿਚ ਜੇ ਇਕ ਧਿਰ ਦੂਜੀ ਧਿਰ ਦੀ ਪਾਲਣਾ ਵਿਚ

ਰੁਕਾਵਟ ਪਾਉਂਦੀ ਹੈ, ਤਾਂ ਮੁਆਇਦਾ ਰੋਕੀ ਗਈ ਧਿਰ ਦੀ ਮਰਜ਼ੀ ਅਨੁਸਾਰ ਸੁਣਨਯੋਗ ਹੋਵੇਗਾ।

5. ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਕਾਰਜ ਕਰਨ ਦੇ ਪਰਸਪਰ ਵਚਨ :- ਧਾਰਾ 57 ਅਨੁਸਾਰ ਜੇ ਕੁਝ ਵਿਅਕਤੀ ਪਰਸਪਰ ਵਚਨ ਵਾਲਾ ਮੁਆਇਦਾ ਕਰਦੇ ਹਨ ਜਿਨ੍ਹਾਂ ਵਿਚ ਪਹਿਲੀਆਂ ਕੁਝ ਗੱਲਾਂ ਕਾਨੂੰਨੀ ਰੂਪ ਵਿਚ ਜਾਇਜ਼ ਹਨ ਅਤੇ ਦੂਜੀਆਂ ਜੋ ਗੱਲਾਂ ਕਰਨ ਦੀਆਂ ਹਨ, ਉਹ ਗ਼ੈਰ-ਕਾਨੂੰਨੀ ਹਨ, ਤਾਂ ਪਹਿਲਾ ਵਰਗ ਮੁਆਇਦਾ ਹੋਵੇਗਾ ਅਤੇ ਦੂਜਾ ਵਰਗ ਵਿਅਰਥ ਹੋਵੇਗਾ।

6. ਵਿਕਲਪੀ ਵਚਨ, ਜਿਸ ਦਾ ਇਕ ਭਾਗ ਗ਼ੈਰ-ਕਾਨੂੰਨੀ ਹੋਵੇ :- ਧਾਰਾ 58 ਅਨੁਸਾਰ ਅਜਿਹਾ ਵਿਕਲਪੀ ਵਚਨ ਹੋਣ ਦੀ ਸੂਰਤ ਵਿਚ, ਜਿਸ ਦੀ ਇਕ ਸ਼ਾਖਾ ਕਾਨੂੰਨੀ ਅਤੇ ਦੂਜੀ ਗ਼ੈਰ-ਕਾਨੂੰਨੀ ਹੈ ਤਾਂ ਕੇਵਲ ਜਾਇਜ਼ ਸ਼ਾਖਾ ਦੀ ਹੀ ਪਾਲਣਾ ਕੀਤੀ ਜਾ ਸਕੇਗੀ।

ਉਦਾਹਰਣ :- ੳ ਅਤੇ ਅ ਇਕਰਾਰ ਕਰਦੇ ਹਨ ਜਿਸ ਵਿਚ ੳ, ਅ ਨੂੰ 1000/- ਰੁਪਏ ਦੇਵੇਗਾ, ਜਿਸ ਲਈ ਅ ਬਾਦ ਵਿਚ ਜਾਂ ਚਾਵਲ ਦੇਵੇਗਾ ਜਾਂ ਸਮੱਗਲ ਕੀਤੀ ਹੋਈ ਅਫੀਮ ਦੇਵੇਗਾ। ਚਾਵਲ ਦੇਣ ਦਾ ਇਕਰਾਰ ਕਾਨੂੰਨੀ ਤੌਰ ਤੇ ਜਾਇਜ਼ ਹੈ ਪਰ ਅਫੀਮ ਸੰਬੰਧੀ ਇਕਰਾਰ ਗ਼ੈਰ-ਕਾਨੂੰਨੀ ਹੈ।

ਮੁਆਇਦੇ ਦੀ ਸਮਾਪਤੀ

(Discharge of Contracts)

ਜਦ ਮੁਆਇਦੇ ਤੋਂ ਉਤਪੰਨ ਜ਼ਿੰਮੇਵਾਰੀਆਂ ਖਤਮ ਹੋ ਜਾਂਦੀਆਂ ਹਨ ਤਾਂ ਉਸ ਸਮੇਂ ਅਸੀਂ ਕਹਿੰਦੇ ਹਾਂ ਕਿ ਮੁਆਇਦੇ ਦੀ ਸਮਾਪਤੀ ਹੋ ਗਈ ਹੈ। ਮੁਆਇਦੇ ਦੀ ਸਮਾਪਤੀ ਹੇਠ ਲਿਖੇ ਤਰੀਕਿਆਂ ਵਿਚੋਂ ਕਿਸੇ ਇਕ ਕਾਰਣ ਹੋ ਸਕਦੀ ਹੈ :-

1. ਪਾਲਣਾ ਦੁਆਰਾ ਸਮਾਪਤੀ
2. ਪਰਸਪਰ ਸਹਿਮਤੀ ਦੁਆਰਾ ਸਮਾਪਤੀ
3. ਕਾਨੂੰਨ ਦੇ ਲਾਗੂ ਕਰਾਉਣ ਦੁਆਰਾ ਸਮਾਪਤੀ
4. ਮਹੱਤਵਪੂਰਣ ਪਰਿਵਰਤਨ ਕਾਰਣ ਸਮਾਪਤੀ
5. ਅਗਿਆਨ ਅਸੰਭਵਤਾ ਕਾਰਣ ਸਮਾਪਤੀ
6. ਇਕ ਧਿਰ ਦੁਆਰਾ ਮੁਆਇਦੇ ਦੀ ਉਲੰਘਣਾ ਕਰਨਾ।

ਹੁਣ ਅਸੀਂ ਇਨ੍ਹਾਂ ਬਾਰੇ ਇਕ ਇਕ ਕਰਕੇ ਵੇਰਵੇ ਸਹਿਤ ਵਿਚਾਰ ਕਰਾਂਗੇ।

1. ਪਾਲਣਾ ਦੁਆਰਾ ਸਮਾਪਤੀ (Discharge by Performance)

ਜਦੋਂ ਸਬੰਧਿਤ ਧਿਰਾਂ ਮੁਆਇਦੇ ਤੋਂ ਉਤਪੰਨ ਆਪਣੇ ਆਪਣੇ ਫਰਜ਼ਾਂ ਨੂੰ ਪੂਰਣ ਰੂਪ ਵਿਚ ਪੂਰਾ ਕਰ ਦਿੰਦੀਆਂ ਹਨ ਤਦ ਮੁਆਇਦੇ ਨੂੰ ਪੂਰਾ ਹੋਇਆ ਸਮਝਿਆ ਜਾਂਦਾ ਹੈ ਤੇ ਇਸ ਨਾਲ ਹੀ ਸਾਰੀਆਂ ਜ਼ਿੰਮੇਵਾਰੀਆਂ ਸਮਾਪਤ ਹੋ ਜਾਂਦੀਆਂ ਹਨ। ਇਸ ਤਰ੍ਹਾਂ ਮੁਆਇਦਾ ਸਮਾਪਤ ਹੋ ਜਾਂਦਾ ਹੈ। ਜੇ ਇਕ ਧਿਰ ਮੁਆਇਦੇ ਤੋਂ ਉਤਪੰਨ ਆਪਣੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਦੂਜੀ ਧਿਰ ਨੂੰ ਪੇਸ਼ ਕਰਦੀ ਹੈ ਅਤੇ ਦੂਜੀ ਧਿਰ ਉਸ ਨੂੰ ਸਵੀਕਾਰ ਨਹੀਂ ਕਰਦੀ, ਇਸ ਸੂਰਤ ਵਿਚ ਵੀ ਮੁਆਇਦਾ ਸਮਾਪਤ ਹੋ ਜਾਂਦਾ ਹੈ। ਜੇ ਇਕ ਧਿਰ ਮੁਆਇਦੇ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੀ ਯੋਗ ਪੇਸ਼ਕਸ਼ ਕਰਦੀ ਹੈ ਅਤੇ ਦੂਜੀ ਧਿਰ ਇਸ ਪੇਸ਼ਕਸ਼ ਨੂੰ ਪਰਵਾਨ ਨਹੀਂ ਕਰਦੀ ਤਾਂ ਪਹਿਲੀ ਧਿਰ ਦੀਆਂ ਜ਼ਿੰਮੇਵਾਰੀਆਂ ਸਮਾਪਤ ਹੋ ਜਾਂਦੀਆਂ ਹਨ।

2. ਪਰਸਪਰ ਸਹਿਮਤੀ ਦੁਆਰਾ ਸਮਾਪਤੀ (Discharge by Mutual Consent)

ਜੇ ਕਿਸੇ ਮੁਆਇਦੇ ਦੀਆਂ ਧਿਰਾਂ ਪਰਸਪਰ ਸਹਿਮਤੀ ਦੁਆਰਾ ਮੁਆਇਦੇ ਨੂੰ ਸਮਾਪਤ ਕਰਨਾ ਚਾਹੁੰਣ ਤਾਂ ਉਹ ਅਜਿਹਾ ਕਰ ਸਕਦੇ ਹਨ। ਉਹ ਮੂਲ ਮੁਆਇਦੇ ਦੀ ਥਾਂ ਨਵਾਂ ਮੁਆਇਦਾ ਕਰ

ਸਕਦੇ ਹਨ। ਅਜਿਹੀ ਸੂਰਤ ਵਿਚ ਪੁਰਾਣਾ ਮੁਆਇਦਾ ਸਮਾਪਤ ਹੋ ਜਾਵੇਗਾ।

(ੳ) ਜਦ ਸਬੰਧਤ ਧਿਰਾਂ ਕਿਸੇ ਪੁਰਾਣੇ ਮੁਆਇਦੇ ਦੀ ਥਾਂ ਨਵਾਂ ਮੁਆਇਦਾ ਕਰ ਲੈਂਦੀਆਂ ਹਨ ਤਾਂ ਇਸ ਨੂੰ ਪ੍ਰਤਿਸਥਾਪਨ (Novation) ਕਿਹਾ ਜਾਂਦਾ ਹੈ। ਇਹ ਪ੍ਰਤਿਸਥਾਪਨ ਪੁਰਾਣੇ ਦੀ ਥਾਂ ਨਵਾਂ ਮੁਆਇਦਾ ਕਰਨ ਨਾਲ ਹੋਂਦ ਵਿਚ ਆਉਂਦਾ ਹੈ। ਇਹ ਨਵਾਂ ਮੁਆਇਦਾ ਮੂਲ ਜਾਂ ਪੁਰਾਣੇ ਮੁਆਇਦੇ ਵਾਲੀਆਂ ਧਿਰਾਂ ਦੇ ਵਿਚਕਾਰ ਹੋ ਸਕਦਾ ਹੈ ਜਾਂ ਉਹਨਾਂ ਤੋਂ ਵੱਖਰੀਆਂ ਧਿਰਾਂ ਦੇ ਦੌਰਾਨ ਵੀ।ਪਰ ਅਜਿਹੀ ਸੂਰਤ ਵਿਚ ਪਹਿਲੇ ਮੁਆਇਦੇ ਨੂੰ ਸਮਾਪਤ ਹੋਇਆ ਸਮਝਿਆ ਜਾਵੇਗਾ। ਪ੍ਰਤਿਸਥਾਪਨ ਲਈ ਧਿਰਾਂ ਦਾ ਪਰਸਪਰ ਸਹਿਮਤ ਹੋਣਾ ਜ਼ਰੂਰੀ ਹੈ। ਪ੍ਰਤਿਸਥਾਪਨ ਲਾਜ਼ਮੀ ਨਹੀਂ ਹੈ। ਪ੍ਰਤਿਸਥਾਪਨ ਪੁਰਾਣੀਆਂ ਧਿਰਾਂ ਵਿਚਕਾਰ ਹੋ ਸਕਦਾ ਹੈ। ਪਰ ਇਸ ਵਿਚ ਦੂਜੇ ਮੁਆਇਦੇ ਦਾ ਪ੍ਰਤਿਸਥਾਪਨ ਕਰ ਲਿਆ ਜਾਂਦਾ ਹੈ, ਪਰ ਆਮ ਤੌਰ ਉਤੇ ਪ੍ਰਤਿਸਥਾਪਨ ਵਿਚ ਧਿਰਾਂ ਬਦਲ ਜਾਂਦੀਆਂ ਹਨ ਅਤੇ ਮੁਆਇਦਾ ਉਹੋ ਹੀ ਰਹਿੰਦਾ ਹੈ। ਉਦਾਹਰਣ ਵਜੋ 'ੳ' ਨੇ 'ਅ' ਦੇ 1000/- ਰੁਪਏ ਦੇਣੇ ਹਨ ਅਤੇ 'ਅ' ਨੇ 'ੲ' ਦੇ 1000/- ਰੁਪਏ ਦੇਣੇ ਹਨ। 'ੳ' 'ਅ' ਤੇ 'ੲ' ਪਰਸਪਰ ਸਹਿਮਤੀ ਰਾਹੀਂ ਇਕ ਮੁਆਇਦਾ ਕਰਦੇ ਹਨ ਜਿਸ ਰਾਾਹੀਂ 'ੳ' ਵੱਲੋਂ 'ੲ' ਨੂੰ 1000/- ਰੁਪਏ ਅਦਾ ਕੀਤੇ ਜਾਣੇ ਹਨ, 'ੲ' ਆਪਣੇ ਕਰਜ਼ਦਾਰ ਵਜੋਂ 'ੳ' ਨੂੰ ਪਰਵਾਨ ਕਰਦੀ ਹੈ। ਇਹ ਪ੍ਰਤਿਸਥਾਪਨ ਅਖਵਾਉਂਦਾ ਹੈ। ਇਸ ਨਾਲ 'ੳ' ਅਤੇ 'ਅ' ਅਤੇ 'ੲ' ਵਿਚਕਾਰ ਹੋਏ ਪੁਰਾਤਨ ਮੁਆਇਦੇ ਸਮਾਪਤ ਸਮਝੇ ਜਾਣਗੇ।

(ਅ) **ਪਰਿਵਰਤਨ** :- ਜਦ ਮੁਆਇਦੇ ਦੀਆਂ ਸ਼ਰਤਾਂ ਵਿਚ ਕੋਈ ਪਰਿਵਰਤਨ ਹੋਵੇ ਤਾਂ ਇਸ ਨੂੰ ਮੁਆਇਦੇ ਵਿਚ ਪਰਿਵਰਤਨ ਕਿਹਾ ਜਾਂਦਾ ਹੈ। ਮੁਆਇਦੇ ਦੇ ਪਰਿਵਰਤਨ ਵਿਚ ਧਿਰਾਂ ਵਿਚ ਤਬਦੀਲੀ ਨਹੀਂ ਆਉਂਦੀ। ਇਸ ਤਰ੍ਹਾਂ ਇਹ ਪ੍ਰਤਿਸਥਾਪਨ ਮੁਆਇਦੇ ਤੋਂ ਬਿਲਕੁਲ ਵੱਖਰਾ ਹੈ ਜਿਸ ਵਿਚ ਧਿਰਾਂ ਦੀ ਬਦਲੀ ਹੋ ਜਾਂਦੀ ਹੈ।

(ੲ) **ਮਾਫੀ ਜਾਂ ਛੂਟ :-** ਮੁਆਇਦੇ ਅਧੀਨ ਅਦਾਇਗੀ ਯੋਗ ਰਕਮ ਜਾਂ ਪਾਲਣ ਯੋਗ ਵਚਨਾਂ ਤੋਂ ਘੱਟ ਕਾਰਜ ਨੂੰ ਸਵੀਕਾਰ ਕਰ ਲੈਣਾ ਹੀ ਮਾਫੀ ਜਾਂ ਛੋਟ ਦੇਣਾ ਅਖਵਾਉਂਦਾ ਹੈ। ਸੈਕਸ਼ਨ 63 ਵਿਚ ਇਸ ਬਾਰੇ ਦਰਜ ਹੈ 'ਵਚਨ ਗ੍ਰਹਿਣ ਕਰਤਾ ਅਦਾਇਗੀ ਯੋਗ ਰਕਮ ਜਾਂ ਪਾਲਣ ਯੋਗ ਕਾਰਜ ਵਿਚ ਸੰਪੂਰਣ ਜਾਂ ਆਂਸ਼ਿਕ ਛੋਟ ਦੇ ਸਕਦਾ ਹੈ ਜਾਂ ਮੁਆਇਦੇ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਮਿਥੇ ਸਮੇ ਂ ਨੂੰ ਵਧਾ ਸਕਦਾ ਹੈ ਜਾਂ ਉਸ ਮੁਆਇਦੇ ਦੀ ਪੂਰਤੀ ਲਈ ਜਿਵੇਂ ਹੋ ਜਾਵੇ, ਆਪਣੀ ਸੰਤੁਸ਼ਟੀ ਕਰ ਸਕਦਾ ਹੈ। ਇਸ ਸੰਬੰਧ ਵਿਚ ਅਸੀਂ ਇਕ ਉਦਾਹਰਣ ਲੈ ਸਕਦੇ ਹਾਂ। 'ੳ' ਨੇ 'ਅ' ਦੇ 5000 ਰੁਪਏ ਦੇਣੇ ਹਨ। ੳ ਇਹਨਾਂ 5000 ਰੁਪਏ ਦੇ ਬਦਲੇ ਅ ਤੋਂ ਆਪਣੀ ਪੂਰਣ ਤੇ ਅੰਤਮ ਸੰਤੁਸ਼ਟੀ ਲਈ 2000 ਰੁਪਏ ਲੈ ਸਕਦਾ ਹੈ। ਇਸ ਸੂਰਤ ਵਿਚ ਸਾਰਾ ਮੁਆਇਦਾ ਸਮਾਪਤ ਹੋ ਜਾਵੇਗਾ ਤੇ ਬਾਕੀ ਦੀ ਰਕਮ ਦੀ ਛੋਟ ਕੀਤੀ ਗਈ ਸਮਝੀ ਜਾਵੇਗੀ।

ਹੁਣ ਅਸੀਂ ਅੰਗਰੇਜ਼ੀ ਦੇ ਦੋ ਕਾਨੂੰਨੀ ਸ਼ਬਦਾਂ ਦੇ ਅਰਥ ਸਮਝਾਉਣ ਦੀ ਕੋਸ਼ਿਸ਼ ਕਰਾਂਗੇ। ਇਹ ਸ਼ਬਦ ਹਨ ਸੰਤੁਸ਼ਟੀ (Satisfaction) ਅਤੇ ਸਮਝੌਤੇ (Accord)। ਮੁਆਇਦੇ ਵਿਚ ਦਰਜ ਅਦਾਇਗੀ ਯੋਗ ਰਕਮ ਜਾਂ ਪਾਲਣ-ਯੋਗ ਕਾਰਜ ਤੋਂ ਘੱਟ ਜਾਂ ਘੱਟ ਕਾਰਜ ਸਵੀਕਾਰ ਕਰਨਾ ਅੰਗਰੇਜੀ ਕਾਨੂੰਨੀ ਅਧੀਨ ਯੋਗ ਨਹੀਂ ਹੈ ਪਰ ਵਾਸਤਵ ਵਿਚ ਅਜਿਹਾ ਕਰ ਲਿਆ ਜਾਂਦਾ ਹੈ ਤੇ ਇਸ ਤੋਂ ਭਾਵ ਇਹ ਹੈ ਕਿ ਰਕਮ ਦੇ ਦਿੱਤੀ ਜਾਂਦੀ ਹੈ ਅਤੇ ਲੈ ਲਈ ਜਾਂਦੀ ਹੈ ਤਾਂ ਮੁਆਇਦਾ ਇਸ ਦੇ ਨਾਲ ਹੀ ਸਮਾਪਤ ਹੋ ਜਾਂਦਾ ਹੈ। ਉਦਾਹਰਣ ਵਜੋ ੳ ਨੇ ਅ ਦੇ 1000 ਦੇਣੇ ਹਨ।

ਅ ਇਕ ਹਜਾਰ ਰੁਪਏ ਦੀ ਥਾਂ ਪੂਰਣ ਅਤੇ ਅਦਾਇਗੀ ਵਜੋ 800 ਰੁਪਏ ਲੈਣ ਲਈ ਸਹਿਮਤ ਹੈ।ਕਾਨੂੰਨੀ ਤੌਰ ਤੇ ਇਹ ਲਾਗੂ ਹੋਣ ਯੋਗ ਨਹੀਂ ਹੈ ਪਰ ਜੇ ੳ 800 ਰੁਪਏ ਅ ਨੂੰ ਦੇ ਦਿੰਦਾ ਹੈ ਤਾਂ ਉਹਨਾਂ ਵਿਚਕਾਰ ਹੋਇਆ ਮੁਆਇਦਾ ਸਮਾਪਤ ਹੋ ਜਾਂਦਾ ਹੈ। ਇਸ ਨੂੰ ਸਮਝੌਤਾ ਅਸੰਤੁਸ਼ਟੀ ਕਹਿੰਦੇ ਹਨ 'ਸਮਝੌਤਾ' ਉਸ ਨੂੰ ਕਹਿੰਦੇ ਹਨ ਜਿਸ ਅਨੁਸਾਰ ਮੁਆਇਦੇ ਵਿਚ ਲਿਖੀ ਗਈ ਰਕਮ ਤੋਂ ਘੱਟ ਰਕਮ ਲੈ ਲਈ ਜਾਵੇ, ਅਤੇ ਸੰਤੁਸ਼ਟੀ ਉਹ ਜਿਸ ਰਾਹੀਂ ਮੁਆਇਦੇ ਵਿਚ ਦਰਜ ਦੇਣਦਾਰੀ ਤੋਂ ਘਟ ਦੇਣਦਾਰੀ ਸਵੀਕਾਰ ਕਰ ਲਈ ਜਾਵੇ। ਸੰਤੁਸ਼ਟੀ ਵਿਚ ਵਾਸਤਵ ਤੌਰ ਉਤੇ ਰਕਮ ਅਦਾ ਅਤੇ ਵਸੂਲ ਕੀਤੀ ਜਾਂਦੀ ਹੈ। 'ਸਮਝੌਤਾ' ਕਾਨੂੰਨੀ ਤੌਰ ਤੇ ਲਾਗੂ ਕਰਨ ਯੋਗ ਨਹੀਂ ਹੁੰਦਾ ਪਰ ਜੇ ਇਸ ਦੇ ਨਾਲ ਸੰਤੁਸ਼ਟੀ ਵੀ ਹੈ ਤਾਂ ਇਹ ਕਾਨੂੰਨੀ ਤੌਰ ਉਤੇ ਲਾਗੂ ਕਰਨ ਯੋਗ ਬਣ ਜਾਂਦਾ ਹੈ। ਸਮਝੌਤੇ ਅਤੇ ਸੰਤੁਸ਼ਟੀ ਦਾ ਇਹ ਕਾਨੂੰਨ ਭਾਰਤ ਵਿਚ ਲਾਗੂ ਹੋਣ ਯੋਗ ਨਹੀਂ ਹੈ।

(ਸ) ਮਨਸੂਖੀ (Recission) ਤੋਂ ਭਾਵ ਮੁਆਇਦੇ ਦੀ ਮਨਸੂਖੀ ਹੈ। ਹੇਠ ਲਿਖੀਆਂ ਸਥਿਤੀਆਂ ਵਿਚ ਮੁਆਇਦੇ ਦੀ ਮਨਸੂਖੀ ਹੋ ਸਕਦੀ ਹੈ।

1. **ਮੁਆਇਦੇ ਦੀਆਂ ਧਿਰਾਂ ਦੀ ਪਰਸਪਰ ਸਹਿਮਤੀ :** ਮੁਆਇਦੇ ਦੀ ਉਲੰਘਣਾ ਤੋਂ ਪਹਿਲਾਂ ਮੁਆਇਦਾ ਕਰਨ ਵਾਲੀਆਂ ਧਿਰਾਂ ਪਰਸਪਰ ਸਹਿਮਤੀ ਦੁਆਰਾ ਮੁਆਇਦੇ ਕਰ ਸਕਦੀਆਂ ਹਨ।
2. ਜਦੋਂ ਇਕ ਧਿਰ ਮੁਆਇਦੇ ਦੀ ਪਾਲਣਾ ਨਹੀਂ ਕਰਦੀ ਤਾਂ ਦੂਜੀ ਧਿਰ ਇਸ ਨੂੰ ਮਨਸੂਖ ਕਰ ਸਕਦੀ ਹੈ ਅਤੇ ਮੁਆਵਜ਼ੇ ਲਈ ਅਰਜ਼ੀ ਦੇ ਸਕਦੀ ਹੈ।
3. ਨਾ ਮੰਨਣ ਯੋਗ ਮੁਆਇਦੇ ਦੀ ਸੂਰਤ ਵਿਚ ਜਿਵੇਂ ਅਸੀਂ ਪੜ੍ਹ ਹੀ ਚੁੱਕੇ ਹਾਂ ਕਿ ਕੋਈ ਵੀ ਇਕ ਧਿਰ ਅਜਿਹੇ ਮੁਆਇਦੇ ਨੂੰ ਖਤਮ ਕਰਵਾ ਸਕਦੀ ਹੈ।
4. ਬਾਜ ਦਾਅਵਾ ਤੋਂ ਭਾਵ ਇਹ ਹੈ ਕਿ ਇਕ ਧਿਰ ਦੁਆਰਾ ਆਪਣੀ ਮਰਜ਼ੀ ਨਾਲ ਆਪਣੇ ਅਧਿਕਾਰ ਦਾ ਤਿਆਗ ਕਰਨਾ। ਮੁਆਇਦੇ ਵਿਚਲੀ ਕਿਸੇ ਇਕ ਧਿਰ ਨੂੰ ਜੇ ਕਿਸੇ ਮੁਆਇਦੇ ਅਨੁਸਾਰ ਕੋਈ ਅਧਿਕਾਰ ਪ੍ਰਾਪਤ ਹੈ ਪਰ ਉਹ ਆਪਣੀ ਮਰਜ਼ੀ ਨਾਲ ਆਪਣੇ ਅਧਿਕਾਰ ਨੂੰ ਛੱਡ ਦਿੰਦਾ ਹੈ ਤਾਂ ਦੂਜੀ ਧਿਰ ਆਪਣੀਆਂ ਦੇਣਦਾਰੀਆਂ ਤੋਂ ਮੁਕਤ ਹੋ ਜਾਂਦੀ ਹੈ।

(ਹ) ਵਿਲੀਨਤਾ (Merger) :– ਕਿਸੇ ਇਕ ਮੁਆਇਦੇ ਅਨੁਸਾਰ ਕਿਸੇ ਵਿਅਕਤੀ ਨੂੰ ਕੁਝ ਅਧਿਕਾਰ ਪ੍ਰਾਪਤ ਹਨ ਅਤੇ ਜੇ ਉਸ ਨੂੰ ਉਸ ਤੋਂ ਉਚੇਰੇ ਅਧਿਕਾਰ ਪ੍ਰਾਪਤ ਹੋ ਜਾਣ ਤਾਂ ਛੋਟੇ ਰੇ ਅਧਿਕਾਰ ਵੀ ਉਚੇਰੇ ਅਧਿਕਾਰ ਵਿਚ ਵਿਲੀਨ ਹੋ ਜਾਣਗੇ।

3. ਕਾਨੂੰਨ ਦੇ ਲਾਗੂ ਕਰਾਉਣ ਦੁਆਰਾ ਸਮਾਪਤੀ (Discharge by Operation of Law)

ਦੀਵਾਲੀਆਪਨ, ਮਿਰਤੂ ਜਾਂ ਵਿਲੀਨਤਾ ਦੀ ਸੂਰਤ ਵਿਚ ਕਾਨੂੰਨ ਦੇ ਲਾਗੂ ਕਰਾਉਣ ਦੁਆਰਾ ਮੁਆਇਦੇ ਦੀ ਸਮਾਪਤੀ ਹੋ ਜਾਂਦੀ ਹੈ। ਜੇ ਕਿਸੇ ਵਿਅਕਤੀ ਦੇ ਦੀਵਾਲੀਆ ਹੋ ਜਾਣ ਦੀ ਸੂਰਤ ਵਿਚ ਦੀਵਾਲੀਏ ਦੀਆਂ ਸਾਰੀਆਂ ਦੇਣਦਾਰੀਆਂ ਅਤੇ ਅਧਿਕਾਰ ਸਰਕਾਰੀ ਰਸੀਵਰ ਨੂੰ ਤਬਦੀਲ ਹੋ ਜਾਂਦੇ ਹਨ। ਦੀਵਾਲੀਏ ਨੂੰ ਦੀਵਾਲੀਆਪਨ ਤੋਂ ਪਹਿਲਾਂ ਕੀਤੇ ਮੁਆਇਦੇ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਸਮਝਿਆ ਜਾਂਦਾ ਹੈ।

(i) ਮੌਤ (Death) :– ਕੁਝ ਮੁਆਇਦੇ ਅਜਿਹੇ ਹੁੰਦੇ ਹਨ ਜਿਨ੍ਹਾਂ ਵਿਚ ਵਚਨਦਾਤਾ ਦੀ ਵਿਅਕਤੀਗਤ ਕਾਰਜ ਕੁਸ਼ਲਤਾ ਜਾਂ ਯੋਗਤਾ ਦੀ ਜ਼ਰੂਰਤ ਹੁੰਦੀ ਹੈ, ਅਜਿਹੇ ਮੁਆਇਦੇ ਵਚਨਦਾਤਾ ਦੀ ਮਿਰਤੂ ਹੋਣ ਉਪਰੰਤ ਸਮਾਪਤ ਹੋ ਜਾਂਦੇ ਹਨ। ਪਰ ਦੂਜੇ ਤਰਾਂ ਦੇ ਮੁਆਇਦਿਆਂ ਦੀ ਸੂਰਤ ਵਿਚ ਵਚਨਦਾਤਾ ਦੀ ਮਿਰਤੂ ਹੋਣ ਤੇ ਉਸ ਦੀਆਂ ਦੇਣਕਾਰੀਆਂ ਤੇ ਅਧਿਕਾਰ ਉਸ ਦੇ ਕਾਨੂੰਨੀ ਵਾਰਸਾਂ ਨੂੰ ਤਬਦੀਲ ਹੋ ਜਾਂਦੇ ਹਨ। ਇਸ ਦਾ ਮਤਲਬ ਇਹ ਹੈ ਕਿ ਇੱਕ ਧਿਰ ਦੀ ਮੌਤ ਹੋ ਜਾਣ ਤੇ ਵੀ ਮੁਆਇਦਾ ਖਤਮ ਹੋ ਜਾਵੇਗਾ।

(ii) ਵਿਲੀਨਤਾ (Merger) :– ਜਦੋਂ ਕਿਸੇ ਇੱਕ ਧਿਰ ਨੂੰ ਕਿਸੇ ਦੂਜੀ ਧਿਰ ਤੋਂ ਉਤਪੰਨ ਕੋਈ ਅਧਿਕਾਰ, ਉਸੇ ਵਿਸ਼ਾ-ਵਸਤੂ ਨਾਲ ਸੰਬੰਧਿਤ, ਉਸੇ ਮੁਆਇਦੇ ਦੇ ਅਧੀਨ, ਮਹੱਤਤਾ ਦੇ ਅਧਿਕਾਰਾਂ ਵਿਚ ਸ਼ਾਮਲ ਹੋ ਕੇ, ਮਹੱਤਵਹੀਨ ਹੋ ਜਾਂਦਾ ਹੈ ਤਾਂ ਇਸ ਨੂੰ ਵਿਲੀਨਤਾ ਆਖਦੇ ਹਨ।

(iii) ਦਿਵਾਲੀਆਪਨ (Insolvency) :- ਜੇ ਕਿਸੇ ਵਿਅਕਤੀ ਨੂੰ ਦਿਵਾਲੀਆ ਘੋਸ਼ਿਤ ਕਰ ਦਿੱਤਾ ਜਾਦਾ ਹੈ ਤਾਂ ਉਹ ਕੁਝ ਸ਼ਰਤਾਂ ਅਧੀਨ ਵਿਅਕਤੀਗਤ ਰੂਪ ਵਿਚ ਦੀਵਾਲੀਆਪਨ ਦੀ ਘੋਸ਼ਣਾ ਤੋਂ ਪਹਿਲਾਂ ਦੇ ਮੁਆਇਦਿਆਂ ਤੋਂ ਉਤਪੰਨ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਜਾਂਦਾ ਹੈ। ਉਸ ਦੇ ਸਾਰੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਸਰਕਾਰੀ ਪ੍ਰਾਪਕ ਪਾਸ ਤਬਦੀਲ ਹੋ ਜਾਂਦੇ ਹਨ।

4. ਮਹੱਤਵਪੂਰਣ ਪਰਿਵਰਤਨ

ਜੇ ਕਿਸੇ ਧਿਰ ਦੁਆਰਾ ਦੂਜੀ ਧਿਰ ਦੀ ਸਹਿਮਤੀ ਬਿਨਾਂ ਲਿਖਤੀ ਮੁਆਇਦੇ ਵਿਚ ਮੁਆਇਦੇ ਦੀਆਂ ਸ਼ਰਤਾਂ ਵਿਚ ਅਜਿਹੇ ਮਹੱਤਵਪੂਰਣ ਪਰਿਵਰਤਨ ਕਰ ਦਿੱਤੇ ਜਾਂਦੇ ਹਨ ਕਿ ਜਿਸ ਨਾਲ ਸਿੱਧੇ ਤੌਰ ਉਤੇ ਮੁਆਇਦੇ ਦੀ ਪ੍ਰਕ੍ਰਿਤੀ ਹੀ ਬਦਲ ਜਾਵੇ ਜਾਂ ਇਹ ਲਾਗੂ ਹੋਣ ਯੋਗ ਹੀ ਨਾ ਰਹੇ ਤੇ ਮੁਆਇਦਾ ਯੋਗ ਠਹਿਰਾਉਣ ਲਾਇਕ ਹੀ ਨਾ ਰਹੇ। ਇਹ ਪਰਿਵਰਤਨ ਜਾਣ ਬੁੱਝ ਕੇ ਕੀਤਾ ਗਿਆ ਤੇ ਦੂਜੀ ਧਿਰ ਦੀ ਸਹਿਮਤੀ ਤੋਂ ਬਿਨਾਂ ਕੀਤਾ ਹੋਵੇ। ਉਦਾਹਰਣ ਵਜੋਂ ਇਕ ਧਿਰ ਮੁਆਇਦੇ ਵਿਚ ਦਰਜ ਕਰਜ਼ੇ ਦੀ ਰਕਮ ਨੂੰ ਹੀ ਬਦਲ ਦਿੰਦੀ ਹੈ ਜਾਂ ਦੂਜੀ ਧਿਰ ਦਾ ਨਾਂ ਵੀ ਤਬਦੀਲ ਕਰ ਦਿੰਦੀ ਹੈ, ਇਹਨਾਂ ਨੂੰ ਮੁਆਇਦੇ ਵਿਚ ਮਹੱਤਵਪੂਰਣ ਪਰਿਵਰਤਨ ਸਮਝਿਆ ਜਾਵੇਗਾ। ਅਜਿਹੇ ਮੁਆਇਦੇ ਵਿਚ ਮਹੱਤਵਪੂਰਣ ਪਰਿਵਰਤਨ ਕਰਨ ਵਾਲੀ ਧਿਰ ਮੁਆਇਦੇ ਨੂੰ ਕਾਨੂੰਨੀ ਤੌਰ ਤੇ ਲਾਗੂ ਨਹੀਂ ਕਰਵਾ ਸਕਦੀ। ਪਰ ਜੇ ਮੁਆਇਦੇ ਵਿਚ ਕੋਈ ਛੋਟੀ ਮੋਟੀ ਕਲਰਕੀ ਉਕਾਈ ਜਾਂ ਸ਼ਬਦ ਜੋੜਾਂ ਦੀ ਗਲਤੀ ਹੈ ਤਾਂ ਅਜਿਹੇ ਪਰਿਵਰਤਨ ਨੂੰ ਮਹੱਤਵਪੂਰਣ ਨਹੀਂ ਸਮਝਿਆ ਜਾਵੇਗਾ।

5. ਅਸੰਭਵਤਾ ਦੁਆਰਾ ਸਮਾਪਤੀ (Discharge by Impossibility)

ਅਸੰਭਵਤਾ ਦੋ ਤਰ੍ਹਾਂ ਦੀ ਹੋ ਸਕਦੀ ਹੈ :

1. ਮੁਆਇਦਾ ਕਰਨ ਸਮੇਂ ਦੀ ਅਸੰਭਵਤਾ। ਜਦੋਂ ਮੁਆਇਦਾ ਕਰਨ ਵਾਲੀਆਂ ਧਿਰਾਂ ਨੂੰ ਇਕਰਾਰ ਕਰਦੇ ਸਮੇਂ ਅਸੰਭਵਤਾ ਦਾ ਗਿਆਨ ਹੋਵੇ ਜਾਂ ਨਾ ਗਿਆਨ ਹੋਵੇ,
2. ਉਹ ਅਸੰਭਵਤਾ ਜੋ ਮੁਆਇਦਾ ਕਰਨ ਪਿਛੋਂ ਪੈਦਾ ਹੋਈ ਹੋਵੇ। ਪਹਿਲੀ ਸੂਰਤ ਵਿਚ ਮੁਆਇਦਾ ਮੁੱਢ ਤੋਂ ਹੀ ਵਿਅਰਥ ਹੈ ਕਿਉਂਕਿ ਮੁਆਇਦਾ ਪੂਰੀ ਤਰ੍ਹਾਂ ਅਸੰਭਵਤਾ ਉਤੇ ਆਧਾਰਿਤ ਹੈ, ਜੋ ਇਸ ਬਾਰੇ ਮੁਆਇਦਾ ਕਰਨ ਵਾਲੀਆਂ ਧਿਰਾਂ ਨੂੰ ਮੁਆਇਦਾ ਕਰਨ ਤੋਂ ਪਹਿਲਾਂ ਹੀ ਪਤਾ ਹੋਵੇ। ਪਰ ਜੇ ਇਸ ਅਸੰਭਵਤਾ ਬਾਰੇ ਧਿਰਾਂ ਨੂੰ ਮੁਆਇਦਾ ਕਰਨ ਤੋਂ ਪਹਿਲਾਂ ਗਿਆਨ ਨਾ ਹੋਵੇ ਤਾਂ ਉਸ ਸੂਰਤ ਵਿਚ ਅਸੰਭਵਤਾ ਦਾ ਗਿਆਨ ਹੋ ਜਾਣ ਉਤੇ ਹੀ ਮੁਆਇਦਾ ਅਯੋਗ ਹੋ ਜਾਵੇਗਾ।

ਹੁਣ ਅਸੀਂ ਦੂਜੀ ਤਰ੍ਹਾਂ ਦੀ ਅਸੰਭਵਤਾ ਅਰਥਾਤ ਅਚੇਤ ਜਾਂ ਸਾਅਦ ਦੀ ਅਸੰਭਵਤਾ ਬਾਰੇ ਵਿਸਤਾਰ ਨਾਲ ਉਲੇਖ ਕਰਾਂਗੇ। ਇਹ ਅਸੰਭਵਤਾ ਮੁਆਇਦਾ ਕਰਨ ਤੋਂ ਬਾਅਦ ਹੋਂਦ ਵਿਚ ਆਉਂਦੀ ਹੈ। ਜਦ ਮੁਆਇਦਾ ਕੀਤਾ ਗਿਆ ਤਾਂ ਉਸ ਸਮੇਂ ਮੁਆਇਦੇ ਦੀ ਪਾਲਣਾ ਸੰਭਵ ਸੀ। ਪਰ ਕਿਸੇ ਕਾਰਨ ਕੁਝ ਦੇਰ ਬਾਅਦ ਇਸ ਮੁਆਇਦੇ ਦੀ ਪਾਲਣਾ ਕਰਨਾ ਅਸੰਭਵ ਹੋ ਜਾਂਦਾ ਹੈ। ਇਸ ਨੂੰ ਅਚੇਤ ਅਸੰਭਵਤਾ ਦਾ ਸਿਧਾਂਤ ਕਿਹਾ ਜਾਂਦਾ ਹੈ। ਇਸ ਸੂਰਤ ਵਿਚ ਮੁਆਇਦਾ ਅਯੋਗ ਬਣ ਜਾਂਦਾ ਹੈ। ਕਿਉਂਕਿ ਇਸ ਦੀ ਪਾਲਣਾ ਕਰਨਾ ਅਸੰਭਵ ਜਾਂ ਗ਼ੈਰ-ਕਾਨੂੰਨੀ ਹੋ ਜਾਂਦਾ ਹੈ।

ਅਚੇਤ ਅਸੰਭਵਤਾ ਹੇਠ ਲਿਖੀਆਂ ਸਥਿਤੀਆਂ ਵਿਚ ਉਤਪੰਨ ਹੋ ਜਾਂਦੀ ਹੈ :-

(ੳ)ਵਿਸ਼ਾ-ਵਸਤੂ ਵਿਨਾਸ਼ :- ਮੁਆਇਦੇ ਦੇ ਹੋਣ ਉਪਰੰਤ ਜਦ ਧਿਰਾਂ ਦੇ ਕਿਸੇ ਨਿੱਜੀ

ਦੋਸ਼ ਬਿਨਾਂ ਜੇ ਵਿਸ਼ਾ-ਵਸਤੂ ਨਸ਼ਟ ਹੋ ਜਾਂਦੀ ਹੈ ਤਾਂ ਮੁਆਇਦਾ ਸਮਾਪਤ ਹੋ ਜਾਵੇਗਾ। ਉਦਾਹਰਣ ਵਜੋਂ ਅਸੀ ਦੇਅਲਰ ਬਨਾਮ ਕਾਲਡਵੈਲ ਦਾ ਕੇਸ ਲੈਂਦੇ ਹਾਂ। ਇਸ ਕੇਸ ਅਧੀਨ ਇਕ ਹਾਲ ਕੁਝ ਦਿਨਾਂ ਲਈ ਕਿਰਾਏ ਉਤੇ ਦਿੱਤਾ ਗਿਆ।ਪਰ ਮੁਆਇਦਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਹਾਲ ਨੂੰ ਅੱਗ ਲੱਗ ਗਈ। ਇਸ ਕੇਸ ਵਿਚ ਮੁਆਇਦੇ ਨੂੰ ਅਯੋਗ ਠਹਿਰਾਇਆ, ਕਿਉਂ ਜੋ ਮੁਆਇਦੇ ਦੀ ਪਾਲਣਾ ਕਰਨਾ ਅਸੰਭਵ ਹੋ ਗਿਆ।

(ਅ) ਵਿਸ਼ੇਸ਼ਕ ਘਟਨਾ ਦਾ ਨਾ ਵਾਪਰਨਾ :- ਕਈ ਵਾਰ ਮੁਆਇਦਾ ਇਸ ਆਧਾਰ ਉਤੇ ਕਰ ਲਿਆ ਜਾਂਦਾ ਹੈ ਕਿ ਵਸਤੂ ਜਾਂ ਹਾਲਾਤ ਨਿਰੰਤਰ ਇਕੋ ਤਰ੍ਹਾਂ ਦੇ ਰਹਿਣਗੇ। ਅਜਿਹੀ ਸੂਰਤ ਵਿਚ ਜੇ ਵਸਤਾਂ/ਹਾਲਾਤ ਵਿਚ ਤਬਦੀਲੀ ਆਉਂਦੀ ਹੈ ਤਾਂ ਮੁਆਇਦਾ ਸਮਾਪਤ ਹੋ ਜਾਂਦਾ ਹੈ।ਇਥੇ ਅਸੀਂ ਸੈਕਸ਼ਨ 56 ਵਿਚ ਦਰਜ ਉਦਾਹਰਣ ਲੈਂਦੇ ਹਾਂ। ਓ ਅਤੇ ਅ ਨੇ ਵਿਆਹ ਕਰਨ ਦਾ ਮੁਆਇਦਾ ਕਰ ਲਿਆ। ਵਿਆਹ ਲਈ ਮਿਥੀ ਗਈ ਮਿਤੀ ਤੋਂ ਪਹਿਲਾਂ ਓ ਪਾਗਲ ਹੋ ਜਾਂਦਾ ਹੈ। ਇਸ ਲਈ ਵਿਆਹ ਦਾ ਮੁਆਇਦਾ ਅਯੋਗ ਹੋ ਜਾਂਦਾ ਹੈ। ਇਕ ਹੋਰ ਪ੍ਰਮੁਖ ਕੇਸ ਲੈਂਦੇ ਹਾਂ। ਬੈਲ ਬਨਾਮ ਹੈਰੀ। ਬੈਲ ਅਤੇ ਹੈਰੀ ਨੇ ਰਲ ਕੇ ਕਮਰਾ ਦੋ ਦਿਨਾਂ ਲਈ ਐਡਵਰਡ ਕਿੰਗ ਦੀ ਤਾਜਪੋਸ਼ੀ ਦੇ ਜਲੂਸ ਨੂੰ ਵੇਖਣ ਲਈ ਕਿਰਾਏ ਉਤੇ ਲਿਆ। ਦੋਹਾਂ ਧਿਰਾਂ ਨੂੰ ਮੁਆਇਦਾ ਕੀਤੇ ਜਾਣ ਦਾ ਮੰਤਵ ਪਤਾ ਸੀ। ਕਿੰਗ ਐਡਵਰਡ ਬੀਮਾਰ ਪੈ ਗਿਆ ਅਤੇ ਇਸ ਕਾਰਣ ਜਲੂਸ ਦਾ ਪ੍ਰੋਗਰਾਮ ਛੱਡ ਦਿੱਤਾ ਗਿਆ। ਇਸ ਕੇਸ ਵਿਚ ਹੈਨਰੀ ਨੂੰ ਕਿਰਾਇਆ ਦੇਣ ਤੋਂ ਮਾਫੀ ਦੇ ਦਿੱਤੀ ਗਈ ਅਤੇ ਮੁਆਇਦਾ ਸਮਾਪਤ ਸਮਝਿਆ ਗਿਆ।

(ੲ) ਮੌਤ ਜਾਂ ਨਿੱਜੀ ਅਸਮਰਥਤਾ :- ਜਦ ਵਿਅਕਤੀਗਤ ਯੋਗਤਾ ਹੀ ਮੁਆਇਦੇ ਦਾ ਆਧਾਰ ਹੋਵੇ ਤਾਂ ਅਜਿਹੀ ਧਿਰ ਮਿਰਤੂ ਜਾਂ ਉਸ ਦੀ ਨਿੱਜੀ ਅਸਮਰਥਤਾ ਕਾਰਣ ਮੁਆਇਦਾ ਪਾਲਣਾ ਦੇ ਯੋਗ ਨਹੀਂ ਰਹਿੰਦੀ। ਇਸ ਲਈ ਅਜਿਹੀ ਸੂਰਤ ਵਿਚ ਮੁਆਇਦਾ ਸਮਾਪਤ ਹੋ ਜਾਂਦਾ ਹੈ।

ਹੁਣ ਅਸੀਂ ਸੈਕਸ਼ਨ 56 ਵਿਚ ਦਰਜ ਇਕ ਹੋਰ ਉਦਾਹਰਣ ਲੈਂਦੇ ਹਾਂ। 'ੲ' ਇਕ ਖਿਲੇਵਰ ਵਿਚ ਕੁਝ ਮਹੀਨੇ ਅਦਾਇਗੀ ਕਰਨ ਲਈ, 'ਬੀ' ਤੋਂ ਕੁਝ ਰਕਮ ਅਗਾਊਂ ਲੈ ਕੇ, ਮੁਆਇਦਾ ਕਰਦਾ ਹੈ। ਕਈ ਵਾਰ ਇਸ ਦੌਰਾਨ 'ੲ' ਬੀਮਾਰ ਪੈ ਜਾਂਦਾ ਹੈ ਤੇ ਖਿਲੇਵਰ ਵਿਚ ਅਦਾਇਗੀ ਨਹੀਂ ਕਰ ਸਕਦਾ। ਇਸ ਸੂਰਤ ਵਿਚ ਮੁਆਇਦਾ ਉਹਨਾਂ ਮੌਕਿਆਂ ਲਈ ਮੰਨਣ ਯੋਗ ਨਹੀਂ ਰਹਿੰਦਾ।

(ਸ) ਯੁੱਧ ਦੀ ਘੋਸ਼ਣਾ :- ਯੁੱਧ ਦੇ ਦੌਰਾਨ ਵਿਦੇਸ਼ੀ ਦੁਸ਼ਮਣਾਂ ਨਾਲ ਕੀਤੇ ਮੁਆਇਦੇ ਅਵੈਧ (Void) ਹੁੰਦੇ ਹਨ। ਜੇ ਮੁਆਇਦੇ ਯੁੱਧ ਤੋਂ ਪਹਿਲਾਂ ਦੇ ਹਨ, ਯੁੱਧ ਦੇ ਦੌਰਾਨ ਉਹਨਾਂ ਨੂੰ ਨਿਲੰਬਤ ਕਰ ਦਿੱਤਾ ਜਾਂਦਾ ਹੈ ਅਤੇ ਇਹਨਾਂ ਨੂੰ ਕਾਨੂੰਨੀ ਤੌਰ ਉਤੇ ਲਾਗੂ ਨਹੀਂ ਕਰਵਾਇਆ ਜਾ ਸਕਦਾ। ਪਰ ਇਹਨਾਂ ਮੁਆਇਦਿਆਂ ਨੂੰ ਯੁੱਧ ਖਤਮ ਹੋਣ ਤੇ ਭਾਵੇਂ ਲਾਗੂ ਕੀਤਾ ਜਾ ਸਕੇ। ਇਹ ਮੁਆਇਦੇ ਜੇ ਕਿਸੇ ਤਰ੍ਹਾਂ ਦੁਸ਼ਮਣ ਨੂੰ ਮਦਦ ਕਰਨ ਵਾਲੇ ਹੋਣ ਤਾਂ ਅਜਿਹੇ ਮੁਆਇਦਿਆਂ ਨੂੰ ਰੱਦ ਕਰ ਦਿੱਤਾ ਜਾਂਦਾ ਹੈ।

(ਹ) ਕਾਨੂੰਨ ਵਿਚ ਪਰਿਵਰਤਨ :- ਕਈ ਵਾਰ ਕਾਨੂੰਨ ਵਿਚ ਪਰਿਵਰਤਨ ਹੋਣ ਨਾਲ ਮੁਆਇਦੇ ਦੀ ਪਾਲਣਾ ਕਰਨਾ ਅਸੰਭਵ ਹੋ ਜਾਂਦਾ ਹੈ। ਅਜਿਹਾ ਹੀ ਰੇਸ਼ਿਪਟਨ ਐਂਡਰਸਨ ਐਂਡ ਕੰਪਨੀ ਬਨਾਮ ਹੈਰੀਸਨ ਬਰੂਸ ਐਂਡ ਕੰਪਨੀ ਕੇਸ ਵਿਚ ਹੋਇਆ ਸੀ।

ਏ ਨੇ ਬੀ ਨੂੰ ਇਕ ਗੁਦਾਮ ਵਿਚੋਂ ਇਕ ਨਿਸ਼ਚਿਤ ਕਣਕ ਦਾ ਬੰਡਲ ਵੇਚਿਆ। ਪਰ ਇਸ ਬੰਡਲ

ਦੀ ਬੀ ਨੂੰ ਸਪੁਰਦਗੀ ਕਰਨ ਤੋਂ ਪਹਿਲਾਂ ਹੀ ਉਸ ਗੁਦਾਮ ਵਿਚ ਪਈ ਸਾਰੀ ਕਣਕ ਨੂੰ ਸਰਕਾਰ ਨੇ ਸੀਲ ਕਰ ਦਿੱਤਾ ਅਤੇ ਕਣਕ ਨੂੰ ਆਪਣੇ ਲਈ ਰਾਖਵੀਂ ਕਰ ਲਿਆ। ਕਿਉਂਕਿ ਬੀ ਨੂੰ ਬਦਲੇ ਹਾਲਾਤ ਕਾਰਣ ਏ ਵੱਲੋਂ ਕਣਕ ਦੇਣਾ ਸੰਭਵ ਨਹੀਂ ਸੀ, ਇਸ ਲਈ ਇਹ ਮੁਆਇਦਾ ਸਮਾਪਤ ਸਮਝਿਆ ਗਿਆ।

ਇਸ ਤਰ੍ਹਾਂ ਅਚੇਤ ਅਸੰਭਵਤਾ ਦੀਆਂ ਕਈ ਸਥਿਤੀਆਂ ਪੈਦਾ ਹੋ ਸਕਦੀਆਂ ਹਨ। ਪਰ ਅਜਿਹੇ ਕਈ ਕੇਸ ਹਨ ਜਿਥੇ ਇਹ ਅਚੇਤ ਅਸੰਭਵਤਾ ਦਾ ਸਿਧਾਂਤ ਲਾਗੂ ਨਹੀਂ ਹੁੰਦਾ। ਇਹਨਾਂ ਨੂੰ 'ਅਚੇਤ ਅਸੰਭਵਤਾ ਸਿਧਾਂਤ ਦੀ ਛੋਟ' (Exception) ਸਮਝਿਆ ਜਾ ਸਕਦਾ ਹੈ।

ਛੋਟਾਂ (Exceptions)

1. **ਪਾਲਣਾ ਵਿਚ ਕਠਿਨਾਈ :–** ਕੇਵਲ ਇਹ ਤੱਕ ਕਿ ਮੁਆਇਦੇ ਦੀ ਪਾਲਣਾ ਕਠਿਨ ਹੈ, ਵੱਧ ਖਰਚੀਲੀ ਹੈ ਜਾਂ ਘੱਟ ਲਾਹੇਵੰਦ ਹੈ, ਇਸ ਲਈ ਮੁਆਇਦਾ ਖਤਮ ਨਹੀਂ ਹੋ ਜਾਂਦਾ। ਬਲੈਕ ਬਚਨ ਬੌਬਿਨ ਕੰਪਨੀ ਬਨਾਮ ਐਲਨ ਐਂਡ ਸੰਨਜ ਕੇਸ ਦੁਆਰਾ ਇਹ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ। ਏ ਨੇ ਬੀ ਨੂੰ ਕਿਸੇ ਵਿਸ਼ੇਸ਼ ਕੁਆਲਿਟੀ ਦਾ ਫਿਨਲੈਂਡ ਟਿੰਬਰ ਜੁਲਾਈ ਅਤੇ ਸਤੰਬਰ, 1914 ਦੇ ਦੌਰਾਨ ਸਪਲਾਈ ਕਰਨ ਦਾ ਮੁਆਇਦਾ ਕੀਤਾ। ਅਗਸਤ ਤੋਂ ਪਹਿਲਾਂ ਕੋਈ ਮਾਲ ਸਪਲਾਈ ਨਹੀਂ ਕੀਤਾ ਜਾ ਸਕਿਆ। ਫੇਰ ਯੁੱਧ ਛਿੜ ਗਿਆ ਅਤੇ ਟ੍ਰਾਂਸਪੋਰਟ ਸਿਸਟਮ ਬਿਖਰ ਗਿਆ ਜਿਸ ਦੇ ਸਿੱਟੇ ਵਜੋਂ ਏ ਫਿਨਲੈਂਡ ਤੋਂ ਟਿੰਬਰ ਨਹੀਂ ਲਿਆ ਸਕਿਆ। ਇਥੇ ਬੀ ਨੂੰ ਇਹ ਸਰੋਕਾਰ ਨਹੀਂ ਸੀ ਕਿ ਫਿਨਲੈਂਡ ਤੋਂ ਏ ਕਿਸ ਤਰ੍ਹਾਂ ਟਿੰਬਰ ਲਿਆਵੇਗਾ। ਇਸ ਤਰ੍ਹਾਂ ਏ ਫਿਨਲੈਂਡ ਤੋਂ ਟਿੰਬਰ ਪ੍ਰਾਪਤ ਕਰਨ ਦੀ ਸੰਭਾਵਨਾ ਨੂੰ ਬੀ ਨਾਲ ਕੀਤੇ ਮੁਆਇਦੇ ਨੂੰ ਪੂਰਾ ਨਾ ਕਰਨ ਦਾ ਬਹਾਨਾ ਨਹੀਂ ਬਣਾ ਸਕਦਾ। ਇਸ ਕੇਸ ਵਿਚ ਏ ਨੂੰ ਬੀ ਦੁਆਰਾ ਉਠਾਏ ਗਏ ਨੁਕਸਾਨ ਨੂੰ ਪੂਰਾ ਕਰਨਾ ਪਵੇਗਾ।
2. **ਵਪਾਰਕ ਅਸੰਭਵਤਾ ਨਾਲ ਮੁਆਇਦਾ ਸਮਾਪਤ ਨਹੀਂ ਹੁੰਦਾ :–** ਕਈ ਵਾਰ ਤਾਂ ਭਾਵੇਂ ਮੁਆਇਦੇ ਦੀ ਪਾਲਣਾ ਕਰਨਾ ਬਹੁਤ ਖਰਚੀਲਾ ਜਾਂ ਘੱਟ ਲਾਹੇਵੰਦ ਹੋ ਜਾਂਦਾ ਹੈ, ਫੇਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਮੁਆਇਦੇ ਦੀ ਪਾਲਣਾ ਕਰਨਾ ਅਸੰਭਵ ਹੋ ਗਿਆ।
3. **ਹੜਤਾਲ, ਤਾਲਾਬੰਦੀ ਅਤੇ ਦੰਗੇ :–** ਇਹਨਾਂ ਹਾਲਾਤਾਂ ਵਿਚ, ਜਦ ਤੱਕ ਮੁਆਇਦੇ ਵਿਚ ਇਸ ਉਪਬੰਧ ਨੂੰ ਲਾਗੂ ਕਰਨ ਦੀ ਕੋਈ ਧਾਰਾ ਨਾ ਹੋਵੇ, ਮੁਆਇਦੇ ਨੂੰ ਸਮਾਪਤ ਨਹੀਂ ਕੀਤਾ ਜਾ ਸਕਦਾ। ਜੈਕਬ ਬਨਾਮ ਕਰੈਡਿਟ ਲਾਇਓਨਾ ਦੇ ਕੇਸ ਅਨੁਸਾਰ ਲੰਡਨ ਦੇ ਦੋ ਵਪਾਰੀਆਂ ਵਿਚਕਾਰ ਕੁਝ ਅਲਜੀਰੀਆ ਦੀਆਂ ਵਸਤਾਂ ਵੇਚਣ ਦਾ ਸਮਝੌਤਾ ਹੋਇਆ। ਉਸ ਮੁਲਕ ਵਿਚ ਦੰਗਿਆਂ ਅਤੇ ਸਿਵਲ ਅਫਰਾ-ਤਫਰੀ ਕਾਰਣ ਉਥੋਂ ਵਸਤਾਂ ਨਹੀਂ ਲਿਆਂਦੀਆਂ ਜਾ ਸਕੀਆਂ। ਇਸ ਤਰ੍ਹਾਂ ਮੁਆਇਦੇ ਦੀ ਪਾਲਣਾ ਕਰਨ ਵਿਚ ਕੋਈ ਅਸੰਭਵਤਾ ਨਹੀਂ ਸੀ। ਇਸ ਮੁਆਇਦੇ ਦੀ ਪਾਲਣਾ ਕਰਨਾ ਉਸ ਦੀ ਡਿਊਟੀ ਸੀ ਭਾਵੇਂ ਗੜਬੜ ਵਿਚ ਉਸ ਦਾ ਘਰ ਤਬਾਹ ਹੋ ਗਿਆ ਹੁੰਦਾ ਜਾਂ ਭੂਚਾਲ ਕਾਰਨ ਮਕਾਨ ਡਿੱਗ ਗਿਆ ਹੁੰਦਾ। ਇਸ ਕੇ ਸ ਵਿਚ ਅਜਿਹੀ ਅਸੰਭਵਤਾ ਮੁਆਇਦੇ ਦੀ ਪਾਲਣਾ ਨਾ ਕਰਨ ਲਈ ਕੋਈ ਢਾਲ ਨਹੀਂ ਸੀ ਬਣ ਸਕਦੀ। ਪਰ ਇਸ ਉਪਰੰਤ ਸਥਿਤੀ ਬਦਲ ਗਈ। ਮੁਆਇਦੇ ਦੀਆਂ ਨੀਅਤ ਸ਼ਰਤਾਂ ਨੇ ਵਿਵਸ਼ਤਾ ਦੇ ਸਿਧਾਂਤ ਨੂੰ ਪੈਦਾ ਕਰ ਦਿੱਤਾ।

ਅਰਥ :– ਜਦ ਮੁਆਇਦੇ ਦਾ ਸਾਂਝਾ ਮੰਤਵ ਪੂਰਾ ਕਰਨਾ ਸੰਭਵ ਨਾ ਹੋਵੇ ਤਾਂ ਅਦਾਲਤ ਉਸ ਮੁਆਇਦੇ ਨੂੰ ਖਤਮ ਹੋਇਆ ਐਲਾਨ ਕਰ ਸਕਦੀ ਹੈ। ਇਸ ਲਈ ਵਿਵਸ਼ਤਾ ਦੇ ਸਿਧਾਂਤ ਅਨੁਸਾਰ ਜੋ ਵਸਤੂ ਦੇ ਨਿਰੰਤਰ ਬਣੇ ਰਹਿਣ ਉਤੇ ਆਧਾਰਿਤ ਹੋਵੇ ਅਤੇ ਅਜਿਹਾ ਮੁਆਇਦਾ ਸ਼ੁਰੂ

ਤੋਂ ਹੀ ਧਿਰਾਂ ਨੂੰ ਪਤਾ ਹੋਵੇ, ਧਿਰਾਂ ਦੇ ਨਿੱਜੀ ਦੋਸ਼ ਤੋਂ ਬਿਨਾਂ ਜੇ ਉਹ ਵਿਅਕਤੀ ਜਾਂ ਵਸਤ ਹੋਂਦ ਵਿਚ ਨਹੀਂ ਰਹਿੰਦੇ ਤਾਂ ਮੁਆਇਦੇ ਦੀ ਪਾਲਣਾ ਕਰਨ ਤੋਂ ਸੰਬੰਧਤ ਧਿਰਾਂ ਨੂੰ ਮਾਫੀ ਦਿੱਤੀ ਜਾ ਸਕਦੀ ਹੈ। ਵਚਨਦਾਤਾ ਨੂੰ ਅਜਿਹੀ ਸੂਰਤ ਵਿਚ ਮੁਆਇਦੇ ਦੀ ਪਾਲਣਾ ਕਰਨ ਦੀ ਜ਼ਰੂਰਤ ਨਹੀਂ ਹੈ। ਇਸ ਤਰ੍ਹਾਂ ਕਾਨੂੰਨ ਅਸੰਭਵ ਵਸਤਾਂ ਨੂੰ ਕਰਨ ਲਈ ਮਜਬੂਰ ਨਹੀਂ ਕਰਦਾ। ਪਰ ਇਹ ਸਿਧਾਂਤ ਵਪਾਰਕ ਅਸੰਭਵਤਾ, ਜਿਸ ਨੂੰ ਅਸੀਂ ਹੁਣੇ ਪੜ੍ਹਿਆ ਹੈ, ਉਤੇ ਲਾਗੂ ਨਹੀਂ ਹੁੰਦਾ। ਇਕ ਹੋਰ ਚੀਜ਼ ਵੇਖਣ ਯੋਗ ਇਹ ਹੈ ਕਿ ਵਿਵਸ਼ਤਾ ਦੇ ਸਿਧਾਂਤ ਦੇ ਆਧਾਰ ਉਤੇ ਮੁਆਇਦਾ ਤਦ ਹੀ ਖਤਮ ਕੀਤਾ ਜਾ ਸਕਦਾ ਹੈ ਜੇ ਇਸ ਦੇ ਸਾਂਝੇ ਮੰਤਵ ਨੂੰ ਪੂਰਾ ਕਰਨਾ ਸੰਭਵ ਨਾ ਹੋਵੇ।

ਅੰਗ੍ਰੇਜੀ ਕਾਨੂੰਨ ਵਿਚ ਪ੍ਰਚੱਲਤ ਵਿਵਸ਼ਤਾ ਦਾ ਸਿਧਾਂਤ ਵਾਸਤਵ ਵਿਚ ਮੁਆਇਦਾ ਮਨਸੂਖੀ ਦਾ ਇਕ ਹਿੱਸਾ ਹੈ, ਅਸੰਭਵਤਾ ਅਤੇ ਵਿਵਸ਼ਤਾ ਇਕ ਦੂਜੇ ਦੀ ਥਾਂ ਵਰਤੇ ਜਾਣ ਵਾਲੇ ਸ਼ਬਦ ਹਨ। ਭਾਰਤ ਵਿਚ ਵਿਵਸਥਾ ਦਾ ਸਿਧਾਂਤ ਇਸ ਆਧਾਰ ਉਤੇ ਲਾਗੂ ਨਹੀਂ ਹੁੰਦਾ ਕਿ ਧਿਰਾਂ ਕਿਸੇ ਨੀਯਤ ਸ਼ਰਤ ਉਤੇ ਪਰਸਪਰ ਸਹਿਮਤ ਹਨ ਜੋ ਉਹਨਾਂ ਨੂੰ ਮੁਆਇਦੇ ਦੀ ਪਾਲਣਾ ਤੋਂ ਵਰਜਦੀ ਸੀ। ਅਦਾਲਤ ਆਪਣੇ ਤੌਰ ਉਤੇ ਗਵਾਹੀਆਂ ਦੇ ਆਧਾਰ ਉਤੇ ਇਸ ਨਤੀਜੇ ਉਤੇ ਪਹੁੰਚੇਗੀ ਕਿ ਕੀ ਬਦਲੀਆਂ ਹੋਈਆਂ ਸਥਿਤੀਆਂ ਨੇ ਮੁਆਇਦੇ ਅਤੇ ਇਸ ਦੇ ਮੰਤਵਾਂ ਦੇ ਆਧਾਰ ਨੂੰ ਹੀ ਖਤਮ ਕਰ ਦਿੱਤਾ ਹੈ।

ਇਸ ਲਈ ਜਿਥੋਂ ਤੱਕ ਵਿਵਸ਼ਤਾ ਦੇ ਸਿਧਾਂਤ ਦਾ ਸਬੰਧ ਹੈ ਭਾਰਤੀ ਅਤੇ ਅੰਗ੍ਰੇਜੀ ਕਾਨੂੰਨ ਵਿਚ ਸਮਾਨਤਾ ਹੈ।

6. ਮੁਆਇਦਾ ਭੰਗ ਦੁਆਰਾ ਸਮਾਪਤ (Discharge by Breach of Contract) :-

ਦੋ ਤਰ੍ਹਾਂ ਮੁਆਇਦਾ ਭੰਗ ਹੋ ਸਕਦਾ ਹੈ :

(ੳ) ਪੂਰਵ-ਆਭਾਸ਼ੀ ਮੁਆਇਦਾ ਭੰਗ (Anticipatory Breach)

(ਅ) ਵਾਸਤਵਿਕ ਭੰਗ, ਪੂਰਵ ਆਭਾਸ਼ੀ (Actual Breach)

(ੳ) ਪੂਰਵ-ਆਭਾਸ਼ੀ ਮੁਆਇਦਾ ਭੰਗ (Anticipatory Breach) :- ਜਦੋਂ ਪਾਲਣਾ ਦੇ ਨਿਸ਼ਚਿਤ ਸਮੇਂ ਤੋਂ ਪਹਿਲਾਂ ਹੀ ਕੋਈ ਧਿਰ ਆਪਣਾ ਇਰਾਦਾ ਸਪਸ਼ਟ ਜਾਂ ਨੀਯਤ ਮੁਆਇਦੇ ਦੀ ਪਾਲਣਾ ਕਰਨ ਲਈ ਪ੍ਰਗਟ ਕਰਦੀ ਹੈ ਜਾਂ ਆਪਣੇ ਕਿਸੇ ਕਾਰਜ ਰਾਹੀਂ ਮੁਆਇਦੇ ਦੀ ਪਾਲਣਾ ਕਰਨ ਦੇ ਅਯੋਗ ਬਣਾਉਂਦੀ ਹੈ ਤਾਂ ਮੁਆਇਦੇ ਦੇ ਇਸ ਤਰ੍ਹਾਂ ਭੰਗ ਹੋਣ ਨੂੰ ਪੂਰਵ-ਆਭਾਸ਼ੀ ਮੁਆਇਦਾ ਭੰਗ ਕਿਹਾ ਜਾਂਦਾ ਹੈ। ਉਦਾਹਰਣ ਵਜੋਂ 'ਏ' ਮੁਆਇਦਾ ਕਰਦਾ ਹੈ ਕਿ ਉਹ 'ਬੀ' ਨੂੰ ਕੁਝ ਚੀਜ਼ਾਂ 1 ਜੂਨ ਨੂੰ ਸਪਲਾਈ ਕਰੇਗਾ।ਪਰ ਇਸ ਮਿਤੀ ਤੋਂ ਪਹਿਲਾਂ 'ਏ' 'ਬੀ' ਨੂੰ ਦੱਸ ਦਿੰਦਾ ਹੈ ਕਿ ਉਹ ਵਸਤਾਂ ਸਪਲਾਈ ਨਹੀਂ ਕਰੇਗਾ। ਇਹ ਪੂਰਵ-ਆਭਾਸ਼ੀ ਮੁਆਇਦਾ ਭੰਗ ਹੈ।

ਪੂਰਵ-ਆਭਾਸ਼ੀ ਮੁਆਇਦਾ ਭੰਗ ਦੇ ਪ੍ਰਭਾਵ :-

(ੳ) ਉਹ ਪੂਰਵ-ਆਭਾਸ਼ੀ ਮੁਆਇਦਾ ਭੰਗ ਨੂੰ ਵਾਸਤਵਿਕ ਮੁਆਇਦਾ ਭੰਗ ਸਮਝਿਆ ਜਾ ਸਕਦਾ ਹੈ ਅਤੇ ਉਸ ਉਤੇ ਹਰਜਾਨਾ ਅਤੇ ਵਾਸਤਵਿਕ ਮੁਆਇਦਾ ਭੰਗ ਦੇ ਕੇਸ ਵਿਚ ਮਿਲਣ ਯੋਗ ਅਧਿਕਾਰਾਂ ਲਈ ਦੂਜੀ ਧਿਰ ਉਤੇ ਦਾਅਵਾ ਕਰ ਸਕਦਾ ਹੈ, ਇਸ ਕੇਸ ਵਿਚ ਉਸ ਨੂੰ ਮੁਆਇਦਾ ਪਾਲਣ ਲਈ ਵਾਸਤਵਿਕ ਮਿਤੀ ਦੇ ਲੰਘਣ ਦੀ ਉਡੀਕ ਕਰਨ ਦੀ ਜ਼ਰੂਰਤ ਨਹੀਂ ਹੈ।

(ਅ) ਉਹ ਮੁਆਇਦੇ ਨੂੰ ਸਮਾਪਤ ਹੋਇਆ ਮੰਨ ਸਕਦਾ ਹੈ। ਇਸ ਨਾਲ ਉਹ ਇਹ ਸਮਝ ਸਕਦਾ ਹੈ ਕਿ ਉਹ ਵੀ ਮੁਆਇਦੇ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਮੁਕਤ ਹੋ ਗਿਆ ਹੈ।

(ਅ) ਵਾਸਤਵਿਕ ਭੰਗ, ਪੂਰਵ ਆਭਾਸੀ(Actual Breach): ਮੁਆਇਦਾ ਭੰਗ ਤੋਂ ਭਾਵ ਇਹ ਹੈ ਕਿ ਮੁਆਇਦਾ ਲਾਗੂ ਹੋਣ ਤੇ ਜਾਂ ਉਸਦੇ ਦੌਰਾਨ ਇਕ ਧਿਰ ਵੀ ਮੁਆਇਦੇ ਦੀ ਪਾਲਣਾ ਕਰਨ ਵਿਚ ਅਸਫਲ ਰਹਿੰਦੀ ਹੈ। ਇਸ ਤਰ੍ਹਾਂ ਵਾਸਤਵਿਕ ਮੁਆਇਦਾ ਭੰਗ ਹੁੰਦਾ ਹੈ। ਜਿਸ ਵਿਚ ਮੁਆਇਦੇ ਦੀ ਪਾਲਣਾਂ ਤੋਂ ਇਨਕਾਰ ਕਰਨਾ ਵੀ ਸ਼ਾਮਿਲ ਹੈ। ਉਦਾਹਰਣ ਵਜੋਂ 'ਏ' ਮੁਆਇਦਾ ਕਰਦਾ ਹੈ ਕਿ 1 ਜੂਨ ਨੂੰ ਇਕ ਟਨ ਕਣਕ ਸਪਲਾਈ ਕਰੇਗਾ। ਉਸ ਮਿਤੀ ਨੂੰ 'ਏ' ਵਾਇਦਾ ਪੂਰਾ ਕਰਨ ਤੋਂ ਇਨਕਾਰ ਕਰ ਦਿੰਦਾ ਹੈ। ਇਹ ਵਾਸਤਵਿਕ ਮੁਆਇਦਾ ਭੰਗ ਹੈ। ਜਦ ਮੁਆਇਦਾ ਭੰਗ ਹੋਵੇ ਤਾਂ ਦੂਜੀ ਧਿਰ ਹੇਠ ਲਿਖੇ ਉਪਚਾਰ ਕਰਨ ਦਾ ਅਧਿਕਾਰ ਰਖਦੀ ਹੈ :

(ੳ) ਮੁਆਇਦੇ ਦੀ ਮਨਸੂਖੀ (Recession of the Contract)
(ਅ) ਹਰਜਾਨੇ ਦਾ ਦਾਅਵਾ (Suit of Damages)
(ੲ) ਯੋਗਤਾ ਜਾਂ ਕਮਾਈ ਅਨੁਸਾਰ (Quantum Meriut)
(ਸ) ਅਦਾਲਤੀ ਬੰਦਸ਼ (Injunction)
(ਹ) ਨਿਸ਼ਚਿਤ ਪਾਲਣਾ (Specific Performance)
(ਕ) ਮੁੜਾਈ (Restitution)

ਹੁਣ ਅਸੀਂ ਇਹਨਾਂ ਨੁਕਤਿਆਂ ਬਾਰੇ ਬਾਰੀ ਨਾਲ ਚਰਚਾ ਕਰਾਂਗੇ :-

(ੳ) ਮੁਆਇਦੇ ਦੀ ਮਨਸੂਖੀ :- ਜਿਵੇਂ ਕਿ ਅਸੀਂ ਪਹਿਲਾਂ ਪੜ੍ਹ ਚੁੱਕੇ ਹਾਂ, ਕਿ ਇਕ ਧਿਰ ਮੁਆਇਦੇ ਨੂੰ ਭੰਗ ਕਰਦੀ ਹੈ ਤਾਂ ਦੂਜੀ ਧਿਰ ਮੁਆਇਦੇ ਅਧੀਨ ਸਾਰੀਆਂ ਜ਼ਿੰਮੇਵਾਰੀਆਂ ਤੋਂ ਆਜ਼ਾਦ ਹੋ ਜਾਂਦੀ ਹੈ। ਇਸ ਦਾ ਭਾਵ ਹੈ ਕਿ ਮੁਆਇਦੇ ਨੂੰ ਹੀ ਰੱਦ ਕਰ ਦਿੱਤਾ ਜਾਂਦਾ ਹੈ। ਪਰ ਮੁਆਇਦੇ ਨੂੰ ਭੰਗ ਕਰਨ ਵਾਲੀ ਧਿਰ ਨੂੰ ਉਹ ਸਾਰੇ ਲਾਭ ਪੀੜਤ ਧਿਰ ਨੂੰ ਵਾਪਸ ਕਰਨੇ ਹੋਣਗੇ ਜਿਹੜੇ ਲਾਭ ਉਸ ਨੂੰ ਮੁਆਇਦੇ ਅਧੀਨ ਪ੍ਰਾਪਤ ਕੀਤੇ ਜਾਣੇ ਸਨ। ਉਸ ਨੂੰ ਮੁਆਇਦਾ ਭੰਗ ਹੋਣ ਤੋਂ ਹੋਣ ਵਾਲੇ ਨੁਕਸਾਨ ਦੀ ਪੂਰਤੀ ਕਰਾਉਣ ਦਾ ਵੀ ਹੱਕ ਹੈ।

(ਅ) ਹਰਜਾਨੇ ਦਾ ਦਾਅਵਾ :- ਇਹ ਹਰਜਾਨਾ ਹੇਠ ਲਿਖੇ ਤਰ੍ਹਾਂ ਦਾ ਹੋ ਸਕਦਾ ਹੈ :-

1. ਸਾਧਾਰਣ ਹਰਜਾਨਾ (Ordinary Damages)
2. ਵਿਸ਼ੇਸ਼ ਹਰਜਾਨਾ (Special Damages)
3. ਆਦਰਸ਼ ਜਾਂ ਦੰਡਾਤਮਕ ਜਾਂ ਬਦਲਾ-ਲਊ ਹਰਜਾਨਾ (Exemplary or Vindicate Dam ages)
4. ਨਾਂਮਾਤਰ ਜਾਂ ਉਲੰਘਣਾ ਲਈ ਹਰਜਾਨਾ (Nominal Damages)

1. ਸਾਧਾਰਣ ਹਰਜਾਨਾ :- ਇਸ ਹਰਜਾਨੇ ਦਾ ਅਨੁਮਾਨ ਪੀੜਤ ਧਿਰ ਦੇ ਵਾਸਤਵਿਕ ਹਰਜਾਨੇ ਨੂੰ ਵੇਖ ਕੇ ਹੀ ਲਾਇਆ ਜਾਂਦਾ ਹੈ। ਇਸ ਦਾ ਅਨੁਮਾਨ ਮੁਆਇਦਾ ਭੰਗ ਦੀ ਮਿਤੀ ਸਮੇਂ ਦੀਆਂ ਸਥਿਤੀਆਂ ਨੂੰ ਧਿਆਨ ਵਿਚ ਰਖ ਕੇ ਲਾਇਆ ਜਾਂਦਾ ਹੈ। ਇਸ ਨੂੰ ਹਾਨੀ ਪੂਰਤੀ ਹਰਜਾਨਾ ਵੀ ਕਿਹਾ ਜਾ ਸਕਦਾ ਹੈ।

2. ਵਿਸ਼ੇਸ਼ ਹਰਜਾਨਾ :-ਇਹ ਹਰਜਾਨਾ ਕੁਝ ਖਾਸ ਹਾਲਤਾਂ ਵਿਚ ਮੁਆਇਦੇ ਦੇ ਤੋੜਨ ਵਜੋਂ ਲਗਾਇਆ ਜਾਂਦਾ ਹੈ। ਇਹ ਕਿਸੇ ਧਿਰ ਨੂੰ ਅਸਿੱਧੇ ਤੌਰ ਤੇ ਹੋਏ ਨੁਕਸਾਨ ਕਾਰਣ ਲਗਾਇਆ ਜਾਂਦਾ ਹੈ। ਦੋਨੋਂ ਧਿਰਾਂ ਨੂੰ ਮੁਆਇਦਾ ਕਰਦੇ ਸਮੇਂ ਇਸ ਹਰਜਾਨੇ ਬਾਰੇ ਪਤਾ ਹੋਣਾ ਜ਼ਰੂਰੀ ਹੈ। ਇਸ ਦੀ ਉਦਾਹਰਣ ਮੁਆਇਦੇ ਨੂੰ ਤੋੜਨ ਵਜੋ ਲਾਭ ਦਾ ਗਵਾਉਣਾ ਹੁੰਦੀ ਹੈ।

3. ਆਦਰਸ਼ਕ ਜਾਂ ਦੰਡਾਤਮਕ ਜਾਂ ਬਦਲਾ-ਲਊ ਹਰਜਾਨਾ :-ਇਸ ਹਰਜਾਨੇ ਨੂੰ ਸਜ਼ਾ ਵਜੋਂ ਦਿਲਾਇਆ ਜਾਂਦਾ ਹੈ। ਇਹ ਪੀੜਤ ਧਿਰ ਨੂੰ ਹੋਏ ਨੁਕਸਾਨ ਤੋਂ ਵੱਧ ਦਾ ਹੁੰਦਾ ਹੈ।ਅਜਿਹੇ ਹਰਜਾਨੇ ਦਾ ਮੰਤਵ ਦੋਸ਼ੀ ਧਿਰ ਨੂੰ ਮੁਆਇਦਾ ਭੰਗ ਕਰਨ ਤੋਂ ਵਰਜਨਾ ਹੁੰਦਾ ਹੈ। ਅਜਿਹੀ

ਹਰਜਾਨੇ ਦੀ ਸਜ਼ਾ ਵਿਆਹ ਸੰਬੰਧੀ ਮੁਆਇਦੇ ਨੂੰ ਭੰਗ ਕਰਨ ਜਾਂ ਕਿਸੇ ਬੈਂਕ ਵਲੋਂ ਕਿਸੇ ਯੋਗ ਕਾਰਣ ਬਿਨਾਂ ਗਾਹਕ ਦਾ ਚੈਕ ਸਵੀਕਾਰ ਨਾ ਕਰਨ ਉਤੇ ਹੀ ਦਿੱਤੀ ਜਾਂਦੀ ਹੈ।

4. ਨਾ-ਮਾਤਰ ਜਾਂ ਉਲੰਘਣਾ ਲਈ ਹਰਜਾਨਾ :- ਇਹ ਹਰਜਾਨਾ ਮੁਆਵਜ਼ੇ ਵਜੋਂ ਨਹੀਂ ਕੀਤਾ ਜਾਂਦਾ ਅਤੇ ਇਹ ਹਰਜਾਨਾ ਬਹੁਤ ਹੀ ਘੱਟ ਰਕਮ ਦਾ ਹੁੰਦਾ ਹੈ। ਇਹ ਉਹਨਾਂ ਮਾਮਲਿਆਂ ਦੀ ਸੂਰਤ ਵਿਚ ਹੁੰਦਾ ਹੈ ਜਿਥੇ ਨੁਕਸਾਨ ਨਾਂ-ਮਾਤਰਾ ਵਿਚ, ਬਹੁਤ ਥੋੜ੍ਹਾ ਹੋਇਆ ਹੋਵੇ। ਇਹ ਹਰਜਾਨਾ ਦੂਜੀ ਧਿਰ ਨੂੰ ਹਰਜਾਨਾ ਕਲੇਮ ਕਰਨ ਦੇ ਅਧਿਕਾਰ ਦੀ ਪੁਸ਼ਟੀ ਵਜੋਂ ਮੁਆਇਦਾ ਭੰਗ ਕਰਨ ਦੇ ਦੋਸ਼ ਵਿਚ ਦਿੱਤਾ ਜਾਂਦਾ ਹੈ।

ਹਰਜਾਨੇ ਦੀ ਰਕਮ ਨਿਸ਼ਚਿਤ ਕਰਨ ਦੇ ਨਿਯਮ :- ਹੁਣ ਅਸੀਂ ਹਰਜਾਨੇ ਦੀ ਰਕਮ ਨਿਸ਼ਚਿਤ ਕਰਨ ਬਾਰੇ ਚਰਚਾ ਕਰਾਂਗੇ। ਇਸ ਦੇ ਨਿਯਮ ਸੰਖੇਪ ਵਿਚ ਹੇਠ ਲਿਖੇ ਅਨੁਸਾਰ ਹਨ:-

1. ਆਮ ਤੌਰ ਉਤੇ ਕੇਵਲ ਵਾਸਤਵਿਕ ਨੁਕਸਾਨ ਨੂੰ ਪੂਰਾ ਕਰਨ ਦੇ ਬਰਾਬਰ ਹਰਜਾਨੇ ਦੀ ਇਜਾਜਤ ਦਿੱਤੀ ਜਾਂਦੀ ਹੈ।
2. ਜਿਥੇ ਦੂਜੀ ਧਿਰ ਨੂੰ ਪਹਿਲੀ ਧਿਰ ਦੇ ਮੁਆਇਦਾ ਭੰਗ ਕਰਨ ਨਾਲ ਨੁਕਸਾਨ ਪੁੱਜਾ ਹੋਵੇ, ਉਸ ਨੂੰ ਹੋਏ ਨੁਕਸਾਨ ਦੇ ਸਬੰਧ ਵਿਚ ਉਸ ਸਥਿਤੀ ਵਿਚ ਰਖਿਆ ਜਾਂਦਾ ਹੈ ਜੇਕਰ ਮੁਆਇਦੇ ਉਤੇ ਅਮਲ ਕੀਤਾ ਗਿਆ ਹੁੰਦਾ ਤਾਂ ਇਸ ਹਰਜਾਨੇ ਨੂੰ ਧਨ ਨਾਲ ਜਿਥੋਂ ਤੱਕ ਹੋ ਸਕੇ ਪੂਰਾ ਕੀਤਾ ਜਾਂਦਾ ਹੈ।
3. ਜਦ ਹਰਜਾਨੇ ਦੀ ਰਕਮ ਦੀ ਗਿਣਤੀ ਕੀਤੀ ਜਾਂਦੀ ਹੈ, ਅਦਾਲਤ ਉਸ ਉਚਿੱਤ ਤੇ ਸਹੀ ਨੁਕਸਾਨ ਨੂੰ ਹੀ ਆਪਣੇ ਧਿਆਨ ਵਿਚ ਰਖਦੀ ਹੈ, ਜਿਹੜਾ ਮੁਆਇਦੇ ਦੇ ਭੰਗ ਹੋਣ ਨਾਲ ਕੁਦਰਤੀ, ਸਾਧਾਰਣ ਤੌਰ ਉਤੇ ਹੋਇਆ ਹੋਵੇ।
4. ਅਦਾਲਤ ਅਜਿਹੇ ਹਰਜਾਨੇ ਦੀ ਆਗਿਆ ਵੀ ਦੇ ਸਕਦੀ ਹੈ ਜੋ ਕੁਦਰਤੀ ਤੌਰ ਉਤੇ ਮੁਆਇਦਾ ਭੰਗ ਹੋਣ ਨਾਲ ਨਾ ਹੋਇਆ ਹੋਵੇ। ਇਹਨਾਂ ਨੂੰ ਵਿਸ਼ੇਸ਼ ਹਰਜਾਨਾ ਵੀ ਕਿਹਾ ਜਾਂਦਾ ਹੈ। ਇਹਨਾਂ ਨੂੰ ਪੂਰੀ ਤਰ੍ਹਾਂ ਸਮਝਣ ਲਈ ਵਿਦਿਆਰਥੀਆਂ ਨੂੰ ਭਾਰਤੀ ਮੁਆਇਦਾ ਐਕਟ ਦੇ ਸੈਕਸ਼ਨ 73 ਵਿਚ ਦਿੱਤੀਆਂ ਸਾਰੀਆਂ ਉਦਾਹਰਣਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਸੁਵਿਧਾ ਨੂੰ ਮੁੱਖ ਰਖਦਿਆਂ ਇਥੇ ਅਸੀਂ ਉਦਾਹਰਣ ਨੂੰ ਲੈਂਦੇ ਹਾਂ। ਇਕ ਆਮ ਕੋਰੀਅਰ ਰਾਹੀਂ ਏ ਵਲੋਂ ਬੀ ਨੂੰ ਪਤਾ ਦਿੱਤਾ ਜਾਂਦਾ ਹੈ ਕਿ ਉਸ ਦੀ ਮਿੱਲ ਕਿਸੇ ਵਿਸ਼ੇਸ਼ ਮਸ਼ੀਨ ਦੀ ਕਮੀ ਕਾਰਣ ਰੁਕੀ ਪਈ ਹੈ। ਪਰ ਬੀ ਉਸ ਮਸ਼ੀਨ ਨੂੰ ਏ ਕੋਲ ਭੇਜਣ ਵਿਚ ਦੇਰੀ ਕਰਦਾ ਹੈ ਜਿਸ ਕਾਰਣ ਉਸ ਨੂੰ ਇਕ ਲਾਹੇਵੰਦ ਸਰਕਾਰੀ ਠੇਕਾ ਛੱਡਣਾ ਪੈਂਦਾ ਹੈ। ਮੁਆਵਜ਼ੇ ਵਜੋਂ ਬੀ ਤੋਂ ਏ ਹਰਜਾਨਾ ਲੈਣ ਦਾ ਹੱਕਦਾਰ ਹੈ। ਉਹ ਹਰਜਾਨਾ ਜੋ ਏ ਦੀ ਮਿੱਲ ਚੱਲਣ ਸਦਕਾ ਸਾਧਾਰਣ ਤੌਰ ਉਤੇ ਬੀ ਵਲੋਂ ਦੇਰੀ ਕੀਤੇ ਸਮੇਂ ਦੌਰਾਨ ਹੋਣ ਵਾਲੇ ਲਾਭ ਦੀ ਔਸਤ ਦੇ ਬਰਾਬਰ ਹੋਵੇਗਾ, ਨਾ ਕਿ ਉਸ ਨੁਕਸਾਨ ਦੇ ਬਰਾਬਰ ਜੋ ਏ ਨੂੰ ਸਰਕਾਰੀ ਠੇਕਾ ਛੱਡਣ ਕਾਰਣ ਪੁੱਜਿਆ ਹੈ।
5. ਜੇ ਨੁਕਸਾਨ ਦੀ ਗਿਣਤੀ ਕਰਨੀ ਕਠਿਨ ਹੋਵੇ, ਇਸ ਦਾ ਇਹ ਭਾਵ ਨਹੀਂ ਕਿ ਨੁਕਸਾਨ ਦੀ ਪੂਰਤੀ ਹੀ ਨਹੀਂ ਕਰਵਾਈ ਜਾ ਸਕਦੀ।
6. ਇਹ ਦੋਸ਼ੀ ਧਿਰ ਦਾ ਫਰਜ਼ ਹੈ ਕਿ ਉਹ ਪੀੜਤ ਧਿਰ ਦੇ ਨੁਕਸਾਨ ਨੂੰ ਪੂਰਾ ਕਰੇ।
7. ਜੇ ਨੁਕਸਾਨ ਬਾਰੇ ਸਬੰਧਤ ਧਿਰਾਂ ਵਿਚ ਪਹਿਲਾਂ ਹੀ ਸਹਿਮਤੀ ਹੋ ਗਈ ਹੋਵੇ ਤਾਂ ਸਹਿਮਤੀ ਦਾ ਹਰਜਾਨਾ ਹੀ, ਇਸ ਤੋਂ ਵੀ ਵੱਧ ਨਹੀਂ ਭਰਿਆ ਜਾਵੇਗਾ। ਅਦਾਲਤ ਉਸ ਤੋਂ ਵੀ ਘਟ ਰਕਮ ਦਿਲਾ ਸਕਦੀ ਹੈ।

ਨੁਕਸਾਨ ਦੇ ਰੂਪ ਵਿਚ ਵਿਆਜ਼ ਦੀ ਅਦਾਇਗੀ

ਹੇਠ ਲਿਖੇ ਮਾਮਲਿਆਂ ਵਿਚ ਪੀੜਤ ਧਿਰ ਆਪਣੀ ਮਿਲਣ ਯੋਗ ਰਕਮ ਉਤੇ ਵਿਆਜ ਵਸੂਲ ਕਰਨ ਦੀ ਹੱਕਦਾਰ ਹੈ :

1. ਜਿਥੇ ਮੁਆਇਦੇ ਵਿਚ ਵਿਆਜ ਲੈਣ ਦਾ ਉਪਬੰਧ ਹੈ।
2. ਜਿਥੇ ਵਿਆਜ-ਘੱਟ ਕਰਨ ਦੀ ਵਪਾਰਕ ਪਰੰਪਰਾ ਹੈ।
3. ਵਿਆਹ ਐਕਟ 1839 ਦੇ ਉਪਬੰਧ ਅਨੁਸਾਰ ਦੋ ਸੂਰਤਾਂ ਵਿਚ ਵਿਆਜ ਲੈਣ ਦੀ ਆਗਿਆ ਹੈ :-
    1. ਜਿਥੇ ਲਿਖਤੀ ਮੁਆਇਦੇ ਵਿਚ ਅਦਾਇਗੀ ਲਈ ਕੋਈ ਨਿਸ਼ਚਿਤ ਮਿਤੀ ਮਿਥੀ ਗਈ ਹੋਵੇ ਉਸੇ ਮਿਤੀ ਤੋਂ ਵਿਆਜ ਲੈਣ ਦੀ ਆਗਿਆ ਦਿੱਤੀ ਜਾਂਦੀ ਹੈ।
    2. ਜੇ ਮੁਆਇਦੇ ਵਿਚ ਕੋਈ ਮਿਤੀ ਨਿਸ਼ਚਿਤ ਨਹੀਂ ਕੀਤੀ ਗਈ ਤਾਂ ਇਕ ਧਿਰ ਦੂਜੀ ਧਿਰ ਤੋਂ ਉਸ ਮਿਤੀ ਤੋਂ ਵਿਆਜ ਲੈਣ ਦੀ ਹੱਕਦਾਰ ਹੈ ਜਿਸ ਮਿਤੀ ਤੋਂ ਅਜਿਹੀ ਮੰਗ ਕੀਤੀ ਗਈ ਹੋਵੇ।

(ੲ) ਯੋਗਤਾ ਜਾਂ ਕਮਾਈ ਅਨੁਸਾਰ (Quantum Meriut) :– ਇਸ ਦਾ ਭਾਵ ਹੈ ਕਿ ਯੋਗਤਾ ਜਾਂ ਕਮਾਈ ਅਨੁਸਾਰ, ਕਈ ਵੇਰ ਕੋਈ ਵਿਅਕਤੀ ਕੰਮ ਦਾ ਕੁਝ ਹਿੱਸਾ ਕਰਦਾ ਹੈ ਜਾਂ ਮਾਲ ਦਾ ਕੁਝ ਹਿੱਸਾ ਸਪਲਾਈ ਕਰਦਾ ਹੈ ਅਤੇ ਮੁਆਇਦਾ ਖਤਮ ਹੋ ਜਾਂਦਾ ਹੈ ਜਾਂ ਕਿਸੇ ਕਾਰਣ ਮੁਆਇਦਾ ਗ਼ੈਰ ਕਾਨੂੰਨੀ ਹੋ ਜਾਂਦਾ ਹੈ। ਇਹਨਾਂ ਸਥਿਤੀਆਂ ਵਿਚ ਉਹ ਵਿਅਕਤੀ ਕੀਤੇ ਕਾਰਜ ਲਈ ਮੁਆਵਜ਼ੇ ਦੀ ਮੰਗ ਕਰ ਸਕਦਾ ਹੈ। ਇਸ ਨੂੰ ਯੋਗਤਾ ਜਾਂ ਕਮਾਈ ਅਨੁਸਾਰ ਮੁਆਵਜ਼ੇ ਦਾ ਸਿਧਾਂਤ (Quantum Meriut) ਕਿਹਾ ਜਾਦਾ ਹੈ। ਇਹ ਹੇਠ ਲਿਖੇ ਤਰੀਕਿਆਂ ਨਾਲ ਲਾਗੂ ਹੁੰਦਾ ਹੈ :

1. **ਸਾਧਾਰਣ ਬਿਆਨ :–** ਜਦ ਮੁਆਇਦਾ ਭੰਗ ਹੋਵੇ ਤਾਂ ਪੀੜਤ ਧਿਰ ਪਹਿਲਾਂ ਕੀਤੇ ਕਾਰਜ ਲਈ ਮੁਆਵਜ਼ੇ ਦਾ ਕਲੇਮ ਕਰ ਸਕਦੀ ਹੈ। ਉਦਾਹਰਣ ਵਜੋਂ ਇਕ ਮਕਾਨ ਬਣਾਉਣ ਲਈ ਇਕ ਠੇਕੇਦਾਰ ਨੂੰ ਰੱਖਿਆ ਗਿਆ। ਜਦ ਅੱਧਾ ਮਕਾਨ ਬਣ ਚੁੱਕਿਆ ਸੀ ਤਾਂ ਉਸ ਮਕਾਨ ਨੂੰ ਢਾਹ ਦਿੱਤਾ ਗਿਆ। ਇਸ ਮਾਮਲੇ ਵਿਚ ਠੇਕੇਦਾਰ ਅੱਧਾ ਮਕਾਨ ਬਣਾਉਣ ਦੀ ਅਦਾਇਗੀ ਦਾ ਕਲੇਮ ਕਰ ਸਕਦਾ ਹੈ।
2. ਸੈਕਸ਼ਨ 63 ਸਪਸ਼ਟ ਕਰਦਾ ਹੈ ਕਿ ਜੇ ਮੁਆਇਦਾ ਤਕਨੀਕੀ ਨੁਕਸਾਂ ਕਾਰਣ ਗ਼ੈਰ ਕਾਨੂੰਨੀ ਜਾਂ ਅਯੋਗ ਠਹਿਰਾਇਆ ਜਾਂਦਾ ਹੈ, ਉਹ ਧਿਰ, ਜਿਸ ਨੇ ਮੁਆਇਦੇ ਅਧੀਨ ਜਿੰਨਾ ਕੰਮ ਕੀਤਾ ਹੈ, ਉਸ ਲਈ ਉਚਿੱਤ ਮੁਆਵਜ਼ੇ ਦੀ ਹੱਕਦਾਰ ਹੈ।
3. ਕਈ ਵਾਰ ਮੁਆਇਦੇ ਵਿਚ ਇਹ ਸ਼ਰਤ ਨੀਯਤ ਹੁੰਦੀ ਹੈ ਕਿ ਕੀਤੇ ਕੰਮ ਜਾਂ ਕੀਤੀ ਸਪਲਾਈ ਜਾਂ ਕੀਤੀ ਸੇਵਾ ਲਈ ਅਦਾਇਗੀ ਕੀਤੀ ਜਾਵੇਗੀ। ਅਜਿਹੀ ਸੂਰਤ ਵਿਚ ਜੇ ਉਸ ਵਿਅਕਤੀ ਦੀ ਮੁਫਤ ਕਾਰਜ ਕਰਨ ਦੀ ਮਰਜ਼ੀ ਨਹੀਂ ਹੈ ਤੇ ਦੂਜੀ ਧਿਰ ਉਸ ਦਾ ਲਾਭ ਉਠਾਉਂਦੀ ਰਹੀ ਹੈ ਤਾਂ ਉਸ ਕਾਰਜ ਲਈ ਦੂਜੀ ਧਿਰ ਨੂੰ ਅਦਾਇਗੀ ਕਰਨੀ ਪਵੇਗੀ। ਉਦਾਹਰਣ ਵਜੋਂ, ਏ ਗਲਤੀ ਨਾਲ ਬੀ ਦੇ ਘਰ ਕੁਝ ਵਸਤਾਂ ਭੁੱਲ ਜਾਦਾ ਹੈ। ਉਸ ਦਾ ਬੀ ਨੂੰ ਇਹ ਵਸਤਾਂ ਦੇਣ ਦਾ ਬਿਲਕੁਲ ਕੋਈ ਇਰਾਦਾ ਨਹੀਂ ਹੈ। ਬੀ ਜਾਣ ਬੁੱਝ ਕੇ ਉਹਨਾਂ ਵਸਤਾਂ ਦੀ ਵਰਤੋਂ ਕਰਦਾ ਹੈ। ਇਥੇ ਇਸ ਮਾਮਲੇ ਵਿਚ ਬੀ, ਏ ਨੂੰ ਉਸ ਵਸਤ ਦਾ ਮੁਆਵਜ਼ਾ ਦੇਣ ਲਈ ਮਜ਼ਬੂਰ ਕਰ ਸਕਦਾ ਹੈ।

1. ਅਜਿਹੇ ਮੁਆਇਦੇ ਜਿਸ ਨੂੰ ਵਿਸ਼ਿਆਂ ਵਿਚ ਨਹੀਂ ਵੰਡਿਆ ਜਾ ਸਕਦਾ ਹੈ, ਸੰਪੂਰਣ ਕਾਰਜ ਲਈ ਯਕਮੁਸ਼ਤ ਅਦਾਇਗੀ ਕੀਤੀ ਜਾਣੀ ਹੋਵੇ ਤਾਂ ਇਕ ਧਿਰ ਵਲੋਂ ਕੀਤੇ ਅਧੂਰੇ ਕੰਮ ਦੀ ਅਦਾਇਗੀ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੈ ਜਿਵੇਂ ਕਿ ਕਟਰ ਬਨਾਮ ਪੇਵਾਲ ਦੇ ਮਾਮਲੇ ਵਿਚ। ਯਕਮੁਸ਼ਤ ਅਦਾਇਗੀ ਉਤੇ ਇਕ ਸੇਲਰ ਨੂੰ ਜਮਾਇਕਾ ਤੋਂ ਲੀਵਰਪੂਲ ਦੇ ਦਰਮਿਆਨ ਯਾਤਰਾ ਲਈ ਰਖਿਆ ਗਿਆ। ਦੋ ਬਟਾ ਤਿੰਨ ਯਾਤਰਾ ਪੂਰੀ ਹੋਣ ਤੇ ਸੇਲਰ ਮਰ ਗਿਆ। ਇਸ ਮਾਮਲੇ ਵਿਚ ਨਿਰਣਾ ਇਹ ਹੋਇਆ ਕਿ ਸੇਲਰ ਦੇ ਕਾਨੂੰਨੀ ਵਾਰਿਸ ਕਿਸੇ ਵੀ ਅਦਾਇਗੀ ਦੇ ਹੱਕਦਾਰ ਨਹੀਂ ਹਨ।
2. ਜੇ ਮੁਆਇਦੇ ਵਿਚ ਸਪਸ਼ਟ ਸੰਕੇਤ ਨਹੀਂ ਹੈ ਕਿ ਮੁਆਇਦਾ ਭੰਗ ਹੋਣ ਤੋਂ ਪਹਿਲਾਂ ਕੀਤੇ ਕਾਰਜ ਲਈ ਅਦਾਇਗੀ ਕੀਤੀ ਜਾਵੇਗੀ, ਤਾਂ ਕੋਈ ਅਦਾਇਗੀ ਨਹੀਂ ਮਿਲ ਸਕਦੀ।
3. ਉਹ ਧਿਰ, ਜਿਸ ਵਲੋਂ ਮੁਆਇਦਾ ਭੰਗ ਕੀਤਾ ਗਿਆ ਹੋਵੇ, ਆਪਣੇ ਵਲੋਂ ਕੀਤੇ ਕਾਰਜ ਦੀ ਅਦਾਇਗੀ ਮੰਗਣ ਦਾ ਹੱਕਦਾਰ ਨਹੀਂ।

(ਸ) ਅਦਾਲਤੀ ਬੰਦਸ਼ (Injunction) :– ਇਸ ਦਾ ਭਾਵ ਹੈ ਕਿ ਅਦਾਲਤੀ ਹੁਕਮ/ਜਦ ਮੁਆਇਦਾ ਨਕਾਰਾਤਮਕ ਪ੍ਰਕ੍ਰਿਤੀ ਦਾ ਹੋਵੇ ਅਰਥਾਤ ਜਦ ਕਿਸੇ ਵਿਅਕਤੀ ਨੇ ਕੋਈ ਕਾਰਜ ਕਰਨ ਦਾ ਵਚਨ ਦਿੱਤਾ ਹੋਵੇ,ਪਰ ਉਹ ਮੁਆਇਦੇ ਨੂੰ ਭੰਗ ਕਰ ਦੇਵੇ ਤਾਂ ਪੀੜਤ ਧਿਰ ਅਦਾਲਤ ਵਿਚ ਨਕਾਰਾਤਮਕ ਹੁਕਮ ਜਾਰੀ ਕਰਨ ਲਈ ਅਰਜ਼ੀ ਦੇ ਸਕਦੀ ਹੈ। ਇਸ ਉਤੇ ਅਦਾਲਤ ਸਬੰਧਿਤ ਧਿਰ ਨੂੰ ਕੋਈ ਵਿਸ਼ੇਸ਼ ਕਾਰਜ ਨਾ ਕਰਨ ਤੋਂ ਵਰਜਨ ਦੇ ਆਦੇਸ਼ ਜਾਰੀ ਕਰੇਗੀ। ਇਸ ਤਰ੍ਹਾਂ ਅਦਾਲਤ ਉਸ ਧਿਰ ਨੂੰ ਉਹ ਕਾਰਜ ਕਰਨ ਤੋਂ ਰੋਕੇਗੀ ਜੋ ਕਿ ਉਸ ਮੁਆਇਦੇ ਦੀ ਵਿਸ਼ਾ–ਵਸਤੂ ਹੋਵੇਗਾ। ਇਸ ਸੰਬੰਧ ਵਿਚ ਅਸੀ ਮੈਟਰੋਪੋਲੀਟਨ ਇਲੈਕਟ੍ਰਿਕ ਸਪਲਾਈ ਕੰਪਨੀ ਬਨਾਮ ਗਿੰਡਰ ਦਾ ਕੇਸ ਲੈਂਦੇ ਹਾਂ। ਇਸ ਮਾਮਲੇ ਵਿਚ ਗਿੰਡਰ ਨੇ ਮੁਆਇਦਾ ਕੀਤਾ ਕਿ ਉਹ ਆਪਣੀ ਲੋੜ ਦੀ ਸਾਰੀ ਬਿਜਲੀ ਦੀ ਖਰੀਦ ਕੰਪਨੀ ਤੋਂ ਕਰੇਗਾ। ਉਸ ਨੇ ਮੁਆਇਦਾ ਕੀਤਾ ਕਿ ਉਹ ਹੋਰ ਕਿਸੇ ਕੰਪਨੀ ਤੋਂ ਬਿਜਲੀ ਨਹੀਂ ਖਰੀਦੇਗਾ।ਅਜਿਹਾ ਕਰਨ ਤੇ ਉਸ ਨੂੰ ਅਦਾਲਤੀ ਆਦੇਸ਼ ਰਾਹੀਂ ਇੰਝ ਕਰਨ ਤੋਂ ਵਰਜਿਆ ਗਿਆ।

(ਹ) ਨਿਸ਼ਚਿਤ ਪਾਲਣਾ (Specific Performance) :– ਉਹਨਾਂ ਮਾਮਲਿਆਂ ਵਿਚ ਜਿਥੇ ਧਨ ਦਾ ਸਹੀ ਉਪਚਾਰ ਨਹੀਂ ਹੈ ਜਾਂ ਜਿਥੇ ਨੁਕਸਾਨ ਦਾ ਸਹੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ, ਅਜਿਹੀ ਹਾਲਤ ਵਿਚ ਅਦਾਲਤ ਮੁਆਇਦੇ ਦੀ ਨਿਸ਼ਚਿਤ ਪਾਲਣਾ ਦਾ ਆਦੇਸ਼ ਜਾਰੀ ਕਰਦੀ ਹੈ। ਅਜਿਹੇ ਕੇਸ ਵਿਚ ਅਦਾਲਤ ਮੁਆਇਦੇ ਨੂੰ ਭੰਗ ਕਰਨ ਵਾਲੀ ਧਿਰ ਨੂੰ ਆਦੇਸ਼ ਕਰਦੀ ਹੈ ਕਿ ਉਹ ਆਪਣੇ ਦਿੱਤੇ ਵਚਨਾਂ ਦੀ ਪਾਲਣਾ ਕਰੇ। ਨਿੱਜੀ ਤਰ੍ਹਾਂ ਦੇ ਮੁਆਇਦਿਆਂ ਵਿਚ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ। ਜਿਵੇਂ ਕਿ ਵਿਆਹ ਦੇ ਮੁਆਇਦੇ ਜਾਂ ਜ਼ਮੀਨਾਂ ਵੇਚਣ ਦੇ ਮੁਆਇਦਿਆਂ ਆਦਿ ਵਿਚ ਅਦਾਲਤ ਆਮ ਤੌਰ ਉਤੇ ਮੁਆਇਦੇ ਦੀ ਨਿਸ਼ਚਿਤ ਪਾਲਣਾ ਦਾ ਆਦੇਸ਼ ਜਾਰੀ ਕਰਦੀਆਂ ਹਨ।

(ਕ) ਮੁੜਾਈ (Restitution) :– ਸੈਕਸ਼ਨ 63 ਵਿਚ ਉਪਬੰਧ ਹੈ ਕਿ ਨਾ ਮੰਨਣਯੋਗ ਮੁਆਇਦੇ ਦੀ ਸੂਰਤ ਵਿਚ ਉਹ ਧਿਰ, ਜਿਸ ਵਲੋਂ ਮੁਆਇਦਾ ਮਨਸੂਖ ਕਰਵਾਇਆ ਜਾਂਦਾ ਹੈ, ਉਹ ਧਿਰ ਉਸ ਲਾਭ ਨੂੰ ਦੋਸ਼ੀ ਧਿਰ ਨੂੰ ਮੋੜੇ ਜਿਹੜਾ ਉਸ ਮੁਆਇਦੇ ਅਧੀਨ ਉਸ ਨੇ ਉਠਾਇਆ ਹੈ। ਉਦਾਹਰਣ ਵਜੋਂ, ਏ ਕਿਸੇ ਅਣਉਚਿੱਤ ਪ੍ਰਭਾਵ ਅਧੀਨ ਬੀ ਨਾਲ ਮਕਾਨ ਵੇਚਣ ਦਾ ਮੁਆਇਦਾ ਕਰਦਾ ਹੈ ਅਤੇ ਉਹ ਬੀ ਨੂੰ ਕੋਈ ਰਕਮ ਅਗਾਊਂ ਅਦਾਇਗੀ ਦੇ ਤੌਰ ਉਤੇ ਦਿੰਦਾ ਹੈ। ਹੁਣ ਜੇ ਬੀ ਮੁਆਇਦੇ ਨੂੰ ਮਨਸੂਖ ਕਰਦਾ ਹੈ ਤਾਂ ਉਸ ਨੂੰ ਏ ਵੱਲੋਂ ਮਿਲੀ ਅਦਾਇਗੀ ਨੂੰ ਵਾਪਸ ਕਰਨਾ ਹੋਵੇਗਾ। ਸੈਕਸ਼ਨ 65 ਉਸ ਮੁਆਇਦੇ ਨਾਲ ਸਬੰਧਿਤ ਹੈ ਜੋ ਮੰਨਣਯੋਗ ਨਾ ਰਿਹਾ ਹੋਵੇ। ਇਸ ਵਿਚ ਕਿਹਾ ਗਿਆ ਹੈ ਕਿ ਜਦ ਇਹ ਪਤਾ ਲੱਗ ਜਾਵੇ ਕਿ ਮੁਆਇਦਾ ਮੰਨਣਯੋਗ ਨਹੀਂ ਹੈ ਤਾਂ ਉਹ ਧਿਰ, ਜਿਸ ਨੇ

ਦੂਜੀ ਧਿਰ ਤੋਂ ਕੋਈ ਲਾਭ ਲਿਆ ਹੋਵੇ, ਉਸ ਲਾਭ ਨੂੰ ਵਾਪਿਸ ਕਰੇਗੀ ਜਿਸ ਤੋਂ ਇਹ ਲਾਭ ਪ੍ਰਾਪਤ ਕੀਤਾ ਗਿਆ ਸੀ। ਉਦਾਹਰਣ ਵਜੋ ਏ 1000 ਰੁਪਏ ਬੀ ਨੂੰ ਇਸ ਕਰਕੇ ਦਿੰਦਾ ਹੈ ਕਿ ਉਹ ਸੀ ਨਾਲ ਵਿਅਹ ਕਰੇਗਾ। ਏ ਦੀ ਲੜਕੀ ਸੀ ਇਸ ਮੁਆਇਦੇ ਸਮੇਂ ਮਰ ਚੁੱਕੀ ਹੁੰਦੀ ਹੈ। ਇਹ ਮੁਆਇਦਾ ਨਾ ਮੰਨਣਯੋਗ ਹੈ। ਇਸ ਲਈ ਬੀ ਨੂੰ ਏ ਦੇ 1000 ਰੁਪਏ ਵਾਪਸ ਕਰਨੇ ਪੈਣਗੇ।

ਸਹਾਇਕ ਪਾਠ ਸਮੱਗਰੀ

ਵਣਜੀ ਅਤੇ ਉਦਯੋਗਿਕ (ਮਜ਼ਦੂਰ) ਕਾਨੂੰਨ : ਗਰਗ, ਚਾਵਲਾ, ਇੰਦਰਜੀਤ ਸਿੰਘ

ਪਾਠ ਨੰ. 2.2 **ਲੇਖਿਕਾ : ਰਾਜਵਿੰਦਰ ਕੌਰ**

ਹਾਨੀ ਪੂਰਤੀ ਅਤੇ ਗਰੰਟੀ
(INDEMNITY AND GUARNATEE)

2.2.0 ਪਰਿਭਾਸ਼ਾ (Definition)
2.2.1 ਹਾਨੀ ਰੱਖਿਆ ਧਾਰੀ ਦੇ ਅਧਿਕਾਰ (Rights of Indemnity holder)
2.2.2 ਹਾਨੀ ਰੱਖਿਅਕ ਜਾਂ ਹਾਣਪੂਰਤੀ ਦਾਤਾ ਦੇ ਅਧਿਕਾਰ (Rights of Indemnifier)
2.2.3 ਗਰੰਟੀ ਦਾ ਮੁਆਇਦਾ (Contract of Gurantee)
2.2.4 ਹਾਨੀ ਪੂਰਤੀ ਅਤੇ ਗਾਰੰਟੀ ਦੇ ਮੁਆਇਦੇ ਵਿੱਚ ਅੰਤਰ (Difference Between a Contract of Indemnity and a contract of Guarantee)
2.2.5 ਗਾਰੰਟੀ ਦੀਆਂ ਕਿਸਮਾਂ (Kinds of Guarantee)
2.2.6 ਗਾਰੰਟਰ ਦੇ ਅਧਿਕਾਰ (Rights of Surety)
2.2.7 ਜਾਮਨ ਦੀ ਮੁਕਤੀ (Discharge of Surety)

2.2.0 ਪਰਿਭਾਸ਼ਾ (Definition)

ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 124 ਦੇ ਅਨੁਸਾਰ, ਇੱਕ ਮੁਆਇਦਾ ਜਿਸ ਰਾਹੀ ਉਸ ਦੀ ਇੱਕ ਧਿਰ ਦੂਜੀ ਧਿਰ ਨੂੰ ਖੁਦ ਵਚਨਦਾਤਾ ਜਾਂ ਕਿਸੇ ਹੋਰ ਵਿਅਕਤੀ ਦੇ ਵਿਵਹਾਰ ਰਾਹੀ ਪੈਦਾ ਹੋਈ ਹਾਨੀ ਤੋ ਬਚਾਉਣ ਦਾ ਦੇਂਦੀ ਹੈ ਹਾਨੀ ਰੱਖਿਆ ਦਾ ਮੁਅਇਦਾ ਕਹਾਉਂਦਾ ਹੈ।

ਉਦਾਹਰਣ – A 200 ਰੁਪਏ ਦੇ ਕੇਸ ਦੇ ਸਬੰਧ ਵਿਚ B ਨੂੰ ਉਸ ਦੇ ਵਿਰੁੱਧ C ਦੁਆਰਾ ਕੀਤੀ ਜਾਣ ਵਾਲੀ ਕਾਨੂੰਨੀ ਕਾਰਵਾਈ ਤੋ ਬਚਾਉਣ ਦਾ ਮੁਆਇਦਾ ਕਰਦਾ ਹੈ। ਇਹ ਇੱਕ ਹਾਨੀ ਰੱਖਿਆ ਦਾ ਮੁਆਇਦਾ ਹੈ।ਇੱਥੇ A ਹਾਨੀ ਰੱਖਿਆਕ ਹੈ ਅਤੇ B ਇੱਕ ਹਾਨੀ ਰੱਖਿਆਧਾਰੀ ਹੈ

ਇਸ ਪ੍ਰਰਿਭਾਸ਼ਾ ਦੇ ਜਰੂਰੀ ਤੱਤ ਹੇਠ ਲਿਖਤ ਹਨ :-

1) **ਦੋ ਧਿਰਾਂ (Two Parties)** – ਇੱਕ ਹਾਨੀ ਰੱਖਿਆਕ ਅਤੇ ਦੂਜਾ ਹਾਨੀ ਰੱਖਿਆਧਾਰੀ।
2) **ਹਾਣਪੂਰਤੀ ਦਾ ਵਚਨ (Promise to Indemnify)** – ਹਾਣੀ ਪੂਰਤੀ ਦਾ ਮੁਆਇਦਾ ਹਾਣਪੂਰਤੀ ਕਰਨ ਦਾ ਸਪੱਸ਼ਟ ਵਚਨ ਹੈ। ਇਸ ਵਿੱਚ ਹਾਣ ਪੂਰਤੀ ਤਾਂ ਕੀਤੀ ਜਾਵਗੀ ਜਦੋਂ ਕਿ ਵਚਨ ਗ੍ਰਹਿਣ ਕਰਤਾ ਨੂੰ ਕੋਈ ਨੁਕਸਾਨ ਹੋਇਆ ਹੋਵੇ।
3) **ਜਾਇਜ਼ ਮੁਆਇਦੇ ਦੇ ਲੱਛਣਾਂ ਦੀ ਹੋਂਦ (Presence of essentials of valid contract)**–ਹਾਨੀ ਪੂਰਤੀ ਦੇ ਮੁਆਇਦੇ ਵਿੱਚ ਆਮ ਜਾਇਜ਼ ਮੁਆਇਦੇ ਦੇ ਲਾਜਮੀ ਲੱਛਣ ਜਿਵੇਂ ਇਕਰਾਰ ਧਿਰਾਂ ਵਿਚਕਾਰ ਮੁਆਇਦਾ ਕਰਨ ਦੀ ਸਮਰੱਥਾ ਸੁਤੰਤਰ ਜਾਇਜ ਪ੍ਰਤਿਫਲ ਅਤੇ ਉਦੇਸ਼, ਕਾਨੂੰਨ ਦੁਆਰਾ ਵਿਅਰਥ ਘੋਸ਼ਿਤ ਨਾ ਹੋਣਾ ਆਦਿ ਦਾ ਹੋਣਾ ਜਰੂਰੀ ਹੈ।

4) **ਨੁਕਸਾਨ ਆਪ ਵਚਨਦਾਤਾ ਜਾਂ ਹੋਰ ਕਿਸੇ ਵਿਅਕਤੀ ਦੇ ਆਚਰਣ ਤੋਂ ਹੋ ਸਕਦਾ ਹੈ** : ਭਾਰਤੀ ਮੁਆਇਦਾ ਐਕਟ ਵਿੱਚ ਦਿੱਤੀ ਗਈ ਉਪਰੋਕਤ ਪਰਿਭਾਸ਼ਾ ਨੂੰ ਜਸਟਿਸਾਂ ਅਤੇ ਵਿਦਵਾਨਾਂ ਦੁਆਰਾ ਪੂਰਣ ਅਤੇ ਵਿਆਪਕ ਨਹੀਂ ਮੰਨਿਆ ਗਿਆ ਕਿਉਂਕਿ ਇਸ ਵਿੱਚ ਨਿਮਨ ਦੋ ਲਾਜਮੀ ਤੱਤਾਂ ਨੂੰ ਸ਼ਾਮਲ ਨਹੀ ਕੀਤਾ ਗਿਆ।

(i) ਹਾਣਪੂਰਤੀ ਕਰਨ ਦਾ ਨਿਹਿਤ ਵਚਨ, ਅਤੇ

(ii) ਉਨ੍ਹਾਂ ਸਥਿਤੀਆਂ ਨੂੰ ਜਿਥੇ ਹਾਨੀ ਦੁਰਘਟਨਾਵਾਂ ਜਾਂ ਘਟਨਾਵਾਂ ਦੇ ਸਿੱਟੇ ਵਜੋਂ ਹੁੰਦੀ ਹੈ। ਵਚਨਦਾਤਾ ਜਾਂ ਹੋਰ ਕਿਸੇ ਵਿਅਕਤੀ ਦੇ ਆਚਰਣ ਵਜੋਂ ਨਹੀ।

2.2.1 ਹਾਨੀ ਪੂਰਤੀ ਧਾਰੀ ਦੇ ਅਧਿਕਾਰ (Rights of Indemnity holder)

ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 125 ਵਿੱਚ ਹਾਨੀ ਰੱਖਿਆ ਦੇ ਮੁਆਇਦੇ ਅਧੀਨ ਇੱਕ ਹਾਨੀ ਰੱਖਿਆਧਾਰੀ ਦੇ ਅਧਿਕਾਰ ਦਾ ਵਰਣਨ ਕੀਤਾ ਗਿਆ ਹੈ। ਇੱਕ ਹਾਨੀ ਰੱਖਿਆਧਾਰੀ ਨੂੰ ਹੇਠ ਲਿਖੇ ਅਧਿਕਾਰ ਪ੍ਰਾਪਤ ਹੁੰਦੇ ਹਨ।

1) ਅਜਿਹੇ ਸਾਰੇ ਨੁਕਸਾਨ ਜੋ ਉਸਨੂੰ ਕਿਸੇ ਅਜਿਹੇ ਕੇਸ ਦੇ ਸਬੰਧ ਵਿੱਚ ਸਹਿਣ ਕਰਨ ਲਈ ਮਜਬੂਰ ਕੀਤਾ ਗਿਆ ਹੋਵੇ ਜਿਸ ਵਿੱਚ ਹਾਨੀ ਰੱਖਿਆ ਦਾ ਮੁਆਇਦਾ ਲਾਗੂ ਹੁੰਦਾ ਹੋਵੇ।
2) ਉਹ ਸਾਰੇ ਖਰਚ ਜੋ ਉਸਨੇ ਕਿਸੇ ਪ੍ਰਕਾਰ ਦੇ ਬਦ ਪੇਸ਼ ਕਰਨ ਜਾਂ ਬਚਾਓ ਕਰਨ ਦੇ ਸਿਲਸਿਲੇ ਵਿੱਚ ਕੀਤੇ ਹਨ ਅਤੇ ਜਿਨ੍ਹਾਂ ਨੂੰ ਅਦਾ ਕਰਨ ਦਾ ਉਹ ਪਾਬੰਦ ਹੋਵੇ। ਇਹ ਵਸੂਲੀ ਉਹ ਤਾਂ ਹੀ ਕਰ ਸਕਦਾ ਹੈ ਜਦੋਂ ਉਸ ਨੇ ਅਧਿਕਾਰਾਂ ਅਧੀਨ ਕੰਮ ਕੀਤਾ ਹੋਵੇ ਅਤੇ ਉਸਨੇ ਕੰਮ ਕਰਦੇ ਸਮੇਂ ਪੂਰਣ ਵਿਵੇਕ ਤੋਂ ਕੰਮ ਲਿਆ ਹੋਵੇ।
3) ਅਜਿਹੀਆਂ ਸਾਰੀਆਂ ਰਕਮਾਂ, ਜਿਨ੍ਹਾਂ ਦਾ ਭੁਗਤਾਨ ਹਾਨੀ ਰੱਖਿਆਧਾਰੀ ਨੂੰ ਉਸ ਕੇਸ ਦੇ ਸਬੰਧਤ ਸਮਝੌਤੇ ਅਧੀਨ ਕੀਤਾ ਹੋਵੇ ਜਿਸ ਵਿੱਚ ਹਾਨੀ ਰੱਖਿਅਕ ਸਮਝੌਤਾ ਲਾਗੂ ਹੁੰਦਾ ਹੋਵੇ ਪ੍ਰੰਤੂ ਸ਼ਰਤ ਇਹ ਹੈ ਕਿ ਅਜਿਹਾ ਸਮਝੌਤਾ ਹਾਨੀ ਰੱਖਿਅਕ ਦੇ ਹੁਕਮਾਂ ਦੇ ਵਿਰੁੱਧ ਨਾ ਹੋਵੇ।

2.2.2 ਹਾਨੀ ਰੱਖਿਅਕ ਜਾਂ ਹਾਣਪੂਰਤੀ ਦਾਤਾ ਦੇ ਅਧਿਕਾਰ (Rights of Indemnifier)

ਭਾਰਤੀ ਮੁਆਇਦਾ ਐਕਟ ਅਧਿਨਿਯਮ (Indian Contract Act) ਹਾਨੀ ਰੱਖਿਅਕ ਦੇ ਅਧਿਕਾਰਾਂ ਬਾਰੇ ਅਤੇ ਹਾਨੀ ਪੂਰਤੀ ਦੇ ਵਾਅਦਾ ਪੂਰਾ ਕਰਨ ਬਾਰੇ ਚੁੱਪ ਹੈ। ਪ੍ਰੰਤੂ ਇਹ ਨਿਰਧਾਰਤ ਕੀਤਾ ਗਿਆ ਹੈ ਕਿ ਉਸਦੇ ਅਧਿਕਾਰ ਇਸ ਜਾਮਨ (Surety) ਦੇ ਅਧਿਕਾਰ, ਜੋ ਉਸਨੂੰ ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 141 ਦੇ ਅਨੁਸਾਰ ਪ੍ਰਾਪਤ ਅਧਿਕਾਰਾਂ ਦੇ ਬਰਾਬਰ ਹੁੰਦੇ ਹਨ।

2.2.3 ਗਰੰਟੀ ਦਾ ਮੁਆਇਦਾ (Contract of Gurantee)

ਪ੍ਰੀਭਾਸ਼ਾ (Definition)

ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 126 ਦੇ ਅਨੁਸਾਰ “ਗਾਰੰਟੀ ਦਾ ਮੁਆਇਦਾ ਇੱਕ ਅਜਿਹਾ ਮੁਆਇਦਾ ਹੈ ਜਿਸ ਵਿੱਚ ਇੱਕ ਵਿਅਕਤੀ ਕਿਸੇ ਤੀਜੀ ਧਿਰ ਦੀ ਗਲਤੀ ਦੀ ਹਾਲਤ ਵਿੱਚ ਉਸ ਤੀਜੇ ਵਿਅਕਤੀ ਦੇ ਵਚਨ ਦਾ ਪਾਲਣਾ ਕਰਨ ਜਾਂ ਉਸ ਦੀਆਂ ਜੁਮੇਵਾਰੀਆਂ ਨੂੰ ਪੂਰਨ ਕਰਨ ਦਾ ਵਚਨ ਦਿੰਦਾ ਹੈ।”

ਗਾਰੰਟੀ ਦੇ ਮੁਆਇਦੇ ਵਿੱਚ ਤਿੰਨ ਧਿਰਾਂ ਹੁੰਦੀਆਂ ਹਨ। ਕਰਜ਼ਦਾਤਾ (Creditior) ਮੂਲ ਕਰਜ਼ਦਾਰ (Principal Debtor) ਅਤੇ ਗਾਰੰਟੀਦਾਤਾ (Surety) ਜਾਂ ਜੋ ਵਿਅਕਤੀ ਗਾਰੰਟੀ ਦੇਂਦਾ ਹੈ। ਜਿਸ ਲਈ ਗਾਰੰਟੀ ਦਿੱਤੀ ਜਾਂਦੀ ਹੈ ਉਸ ਨੂੰ ਮੂਲ ਕਰਜ਼ਦਾਰ ਕਿਹਾ ਜਾਂਦਾ ਹੈ ਅਤੇ ਜਿਸ ਗਾਰੰਟੀ ਦਾ ਵਚਨ ਦਿੱਤਾ ਹੋਵੇ ਉਸ ਨੂੰ ਰਿਣ ਦਾਤਾ (Creditor) ਕਿਹਾ ਜਾਂਦਾ ਹੈ।
ਉਦਾਹਰਣ - A ਨੇ B ਨੂੰ 10,000/- ਰੁਪੈ ਦਾ ਕਰਜਾ ਦਿੱਤਾ ਅਤੇ C ਨੇ A ਨੂੰ ਵਚਨ ਦਿੱਤਾ ਕਿ ਜੇਕਰ B ਕਰਜ਼ਾ ਮੋੜਨ ਤੋਂ ਅਸਫਲ ਰਿਹਾ ਹੈ ਤਾਂ ਉਹ B ਦੀ ਤਰਫੋ 10,000 ਦਾ ਭੁਗਤਾਨ ਕਰ ਦੇਵੇਗਾ, ਇਥੇ B ਮੂਲ ਕਰਜ਼ਦਾਰ ਹੈ A ਕਰਜਦਾਤਾ ਅਤੇ C ਗਾਰੰਟੀ ਦਾਤਾ ਹੋਵੇਗਾ।

ਗਾਰੰਟੀ ਦੇ ਜ਼ਰੂਰੀ ਲੱਛਣ ਹੇਠ ਲਿਖੇ ਪ੍ਰਕਾਰ ਹੁੰਦੇ ਹਨ :-

(i) **ਲਿਖਤੀ ਜਾਂ ਜੁਬਾਨੀ** - ਗਰੰਟੀ ਦਾ ਮੁਆਇਦਾ ਲਿਖਤੀ ਜਾਂ ਜੁਬਾਨੀ ਹੋ ਸਕਦਾ ਹੈ।

(ii) **ਤਿੰਨ ਧਿਰਾਂ** - ਮੂਲ ਕਰਜਦਾਰ, ਕਰਜਦਾਤਾ, ਅਤੇ ਜਾਮਨ ਦਾ ਹੋਣਾ ਜਰੂਰੀ ਹੈ।

3. **ਉਕਾਈ ਦੀ ਸੂਰਤ ਵਿੱਚ ਜਿੰਮੇਵਾਰੀ ਨੂੰ ਪੂਰਾ ਕਰਨ ਦਾ ਵਚਨ** - ਮੂਲ ਕਰਜਦਾਰ, ਜਿਸ ਲਈ ਗਰੰਟੀ ਦਿੱਤੀ ਗਈ ਹੈ, ਜਦੋਂ ਕਰਜੇ ਦੇ ਭੁਗਤਾਨ ਵਿੱਚ ਗਲਤੀ ਕਰਦਾ ਹੈ ਤਾਂ ਹੀ ਜਾਮਨ ਦੀ ਜਿੰਮੇਵਾਰੀ ਪੈਦਾ ਹੁੰਦੀ ਹੈ, ਪਹਿਲਾਂ ਨਹੀ। ਇਸ ਲਈ ਹੀ ਜਾਮਨ ਦੀ ਜਿੰਮੇਵਾਰੀ ਨੂੰ ਗੌਣ ਮੰਨਿਆ ਜਾਂਦਾ ਹੈ।

4. **ਲਾਗੂ ਹੋਣ ਯੋਗ ਜਿੰਮੇਵਾਰੀ :** ਕਿਉਂਕਿ ਗਰੰਟੀ ਦੇ ਮੁਆਇਦਿਆਂ ਦਾ ਉਦੇਸ਼ ਕਾਰਜ ਨੂੰ ਸੁਰੱਖਿਅਤ ਕਰਨਾ ਹੈ ਇਸ ਲਈ ਲਾਗੂ ਹੋਣ ਯੋਗ ਕਰਜੇ ਜਾਂ ਜਿੰਮੇਵਾਰੀ ਦਾ ਹੋਣਾ ਜਰੂਰੀ ਹੈ।

5. **ਪ੍ਰਤਿਫਲ :** ਹੋਰ ਮੁਆਇਦਿਆਂ ਵਾਂਗ ਗਰੰਟੀ ਦੇ ਮੁਆਇਦਿਆਂ ਲਈ ਵੀ ਪ੍ਰਤੀਫਲ ਦਾ ਹੋਣਾ ਜਰੂਰੀ ਹੈ। ਪਰੰਤੂ ਇਹ ਜਰੂਰੀ ਨਹੀਂ ਕਿ ਜਾਮਨ ਜਾਂ ਕਰਜਦਾਤਾ ਵਿਚਕਾਰ ਪ੍ਰਤੀਫਲ ਹੋਵੇ। ਧਾਰਾ 127 ਦੇ ਅਨੁਸਾਰ, ਮੂਲ ਕਰਜਦਾਰ ਦੇ ਲਾਭ ਲਈ ਕੀਤਾ ਗਿਆ ਕੋਈ ਕਾਰਜ ਜਾਂ ਦਿੱਤਾ ਗਿਆ ਵਚਨ ਦੁਆਰਾ ਗਰੰਟੀ ਦਿੱਤੇ ਜਾਣ ਦਾ ਉੱਚਿਤ ਪ੍ਰਤੀਫਲ ਹੋ ਸਕੇਗਾ।

6. **ਮੂਲ ਕਰਜਦਾਰ ਦਾ ਮੁਆਇਦਾ ਕਰਨ ਵਿੱਚ ਸਮਰੱਥ ਹੋਣਾ ਜਰੂਰੀ ਨਹੀ :** ਆਮ ਕਰਕੇ ਗਰੰਟੀ ਵਿੱਚ ਤਿੰਨ ਧਿਰਾਂ ਨੂੰ ਹੀ ਮੁਆਇਦਾ ਕਰਨ ਵਿੱਚ ਯੋਗ ਹੋਣਾ ਚਾਹੀਦਾ ਹੈ, ਪਰੰਤੂ ਉਹ ਸਥਿਤੀ ਜਦੋਂ ਕਰਜਦਾਰ ਅਤੇ ਜਾਮਨ ਯੋਗ ਹਨ ਅਤੇ ਮੂਲ ਕਰਜਦਾਰ ਸਮਰੱਥ ਨਹੀ ਹੈ ਤਾਂ ਅਜਿਹੀ ਸਥਿਤੀ ਵਿੱਚ ਜਾਮਨ ਨੂੰ ਮੂਲ ਕਰਜਦਾਰ ਸਮਝਿਆ ਜਾਵੇਗਾ ਅਤੇ ਉਹ ਕਰਜ ਦੇ ਭੁਗਤਾਨ ਲਈ ਜਿੰਮੇਵਾਰ ਹੋਵੇਗਾ। ਇਸ ਲਈ ਮੂਲ ਕਰਜਦਾਰ ਦੇ ਅਸਮਰਥ ਹੋਣ ਦੀ ਸੂਰਤ ਵਿੱਚ ਹੀ ਜਾਮਨ ਅਤੇ ਕਰਜਦਾਤਾ ਦਾ ਮੁਆਇਦਾ ਲਾਗੂ ਹੋਣ ਯੋਗ ਹੋਵੇਗਾ।

7. **ਇਹ ਸਦਭਾਵਨਾ ਦੇ ਮੁਆਇਦੇ ਤੋਂ ਭਿੰਨ ਹੈ :** ਗਰੰਟੀ ਦੇ ਮੁਆਇਦੇ ਨੂੰ ਆਮ ਕਰਕੇ ਸਦਭਾਵਨਾ ਜਾਂ ਪੂਰਣ ਵਿਸ਼ਵਾਸ਼ ਦਾ ਮੁਆਇਦਾ ਨਹੀ ਮੰਨਿਆ ਜਾਂਦਾ। ਪਰੰਤੂ ਭਾਰਤੀ ਮੁਆਇਦਾ ਐਕਟ ਦੀ ਧਾਰਾ 142 ਅਤੇ 143 ਜਿਸ ਨਿਯਮ ਨੂੰ ਦਰਸਾਉਦੀਆਂ ਹਨ, ਉਸ ਅਨੁਸਾਰ ਜੋ ਵਿਅਕਤੀ ਗਰੰਟੀ ਪ੍ਰਾਪਤ ਕਰਦਾ ਹੈ, ਵੁਸ ਦਾ ਇਹ ਕਰਤੱਵ ਹੈ ਕਿ ਉਹ ਜਾਮਨ ਨੂੰ ਅਜਿਹੇ ਸਾਰੇ ਤੱਥ ਦੱਸ ਦੇਵੇ ਜਿਨ੍ਹਾਂ ਦਾ ਉਸ ਦੀ ਜਿੰਮੇਵਾਰੀ ਤੇ ਗੰਭੀਰ ਪ੍ਰਭਾਵ ਪੈਦਾ ਹੈ। ਜੇ ਓਹ ਅਜਿਹਾ ਨਹੀਂ ਕਰਦਾ ਤਾਂ ਮੁਆਇਦਾ ਵਿਅਰਥ ਹੋ ਜਾਵੇਗਾ।

ਇੱਕ ਜਾਇਜ ਗਾਰੰਟੀ ਦੇ ਜਰੂਰੀ ਲੱਛਣ ਹੇਠ ਲਿਖੇ ਅਨੁਸਾਰ ਹੁੰਦੇ ਹਨ:-

1. ਮੂਲ ਕਰਜ਼ੇ ਦੀ ਹੋਂਦ (Existence of a Principal Debt) ਗਾਰੰਟੀ ਦੇ ਮੁਆਇਦੇ ਅਧੀਨ ਜ਼ਰੂਰੀ ਮਾਨਤਾ ਹੁੰਦੀ ਹੈ ਕਿ ਕੋਈ ਨਾ ਕੋਈ ਕਾਨੂੰਨੀ ਰੂਪ ਵਿੱਚ ਲਾਗੂ ਹੋਣ ਵਾਲੀ ਜਿੰਮੇਵਾਰੀ ਜਾਂ ਦੇਣਦਾਰੀ ਹੋਦ ਵਿੱਚ ਹੋਵੇ। ਜੇਕਰ ਦੇਣਦਾਰੀ ਹੋਂਦ ਵਿਚ ਨਹੀ ਹੈ ਤਾਂ ਉਹ ਮੁਆਇਦਾ ਗਾਰੰਟੀ ਦਾ ਮੁਆਇਦਾ ਨਹੀ ਹੋ ਸਕਦਾ ਹੈ।ਇਸ ਤਰ੍ਹਾਂ ਅਜਿਹੀ ਦੇਣਦਾਰੀ ਜਿਸ ਦਾ ਸਮਾਂ ਪੁੱਗ ਗਿਆ ਹੋਵੇ ਜਾਂ ਵਿਅਰਥ ਹੋ ਚੁੱਕੀ ਹੋਵੇ ਤਾ ਗਰੰਟੀ ਮੁਆਇਦਾ ਲਾਗੂ ਹੋਣ ਯੋਗ ਨਹੀਂ ਰਹਿੰਦਾ ਅਤੇ ਗਾਰੰਟੀ ਦੇਣ ਵਾਲੀ ਧਿਰ ਆਪਣੇ ਵਚਨ ਦੇ ਪਾਲਣ ਤੋ ਮੁਕਤ ਹੋ ਜਾਂਦੀ ਹੈ

ਉਦਾਹਰਣ - ਇੱਕ ਬੈਕ ਨੇ ਆਪਣੇ ਗਾਹਕ A ਨੂੰ (Overdraft) ਦੀ ਸਹੂਲਤ B ਦੀ ਗਾਰੰਟੀ ਤੇ ਦਿੱਤੀ। ਪ੍ਰੰਤੂ Overdraft A ਦੀ ਮਾਲੀ ਹਾਲਤ ਅਨੁਸਾਰ ਨਾ ਹੋ ਸਕਿਆ ਜਿਸ ਕਾਰਨ ਉਸਨੂੰ ਜੁਰਮਾਨਾ ਕਰ ਦਿੱਤਾ ਗਿਆ ਅਤੇ ਬੈਕ ਨੇ Overdraft ਦੀ ਸਹੂਲਤ ਵਾਪਸ ਲੈ ਲਈ ਅਤੇ A ਦੀ ਲਾਪਰਵਾਹੀ ਕਾਰਨ B ਤੇ ਮੁਕਦਮਾ ਚਲਾਇਆ ਗਿਆ ਅਤੇ ਅਦਾਲਤ ਨੇ ਫੈਸਲਾ ਦਿੱਤਾ ਕਿ ਜੇਕਰ ਕੋਈ ਕਰਜਾਮੋੜਨ ਯੋਗ ਨਹੀਂ ਹੈ ਅਤੇ ਜੇਕਰ ਬੈਕ ਨੂੰ ਆਪਣੇ ਗਾਹਕ ਵਿਰੁੱਘ ਮੁਕਦਮਾ ਕਰੱਨ ਤੋ ਰੋਕ ਦਿੱਤਾ ਗਿਆ ਹੋਵੇ ਤਾਂ ਅਜਿਹੀ ਹਾਲਤ ਵਿੱਚ ਗਾਰੰਟੀਦਾਤਾ ਦੀ ਕੋਈ ਜ਼ਿੰਮੇਵਾਰੀ ਨਹੀ ਬਣਦੀ *I(Swan V.Bank of Scotland(1836) 10 Bligh M.S. 627)*

ਗਾਰੰਟੀ ਦੇ ਮੁਆਇਦੇ ਲਿਖਤੀ ਜਾਂ ਜੁਬਾਨੀ ਹੋ ਸਕਦੇ ਹਨ ਇਹ ਗ੍ਰਭਿਤ ਜਾਂ ਸਪਸ਼ੱਟ ਵੀ ਹੋ ਸਕਦੇ ਹਨ ਅਸਲ ਵਿੱਚ ਇਸ ਵਿੱਚ ਉਹ ਸਾਰੇ ਗੁਣ ਹੋਣੇ ਚਾਹਿਦੇ ਹਨ ਜੋ ਕਿਸੇ ਵੀ ਜਾਇਜ਼ ਮੁਆਇਦੇ ਵਿੱਚ ਹੋਣੇ ਜ਼ਰੂਰੀ ਹੋਣੇ।

2. ਗਾਰੰਟੀ ਦੇ ਮੁਆਇਦੇ ਲਈ ਪ੍ਰਤੀਫਲ (Consideration for a Contract of Guarantee) ਹੋਰਨਾਂ ਮੁਆਇਦਿਆਂ ਦੀ ਤਰ੍ਹਾਂ ਗਾਰੰਟੀ ਦੇ ਮੁਆਇਦੇ ਵਿੱਚ ਵੀ ਪ੍ਰਤੀਫਲ ਦਾ ਹੋਣਾ ਜਰੂਰੀ ਹੈ। ਇਹ ਕੁਝ ਵੀ ਹੈ। ਇਸ ਦੀ ਕੁੱਝ ਨਾ ਕੁੱਝ ਹੋਂਦ ਜਰੂਰੀ ਹੋਣੀ ਚਾਹੀਦੀ ਹੈ। ਗਾਰੰਟੀ ਦੇਣ ਵਾਲੇ (ਗਾਰੰਟਰ) ਅਤੇ ਕਰਜਦਾਤਾ ਦੇ ਵਿਚਕਾਰ ਸਿੱਧੇ ਪ੍ਰਤਿਫਲ ਦਾ ਹੋਣਾ ਜਰੂਰੀ ਨਹੀ ਹੁੰਦਾ ਹੈ। ਧਾਰਾ 127 ਇਸ ਸਬੰਧ ਵਿੱਚ ਸਪੱਸ਼ਟ ਕਰਦੀ ਹੈ ਕਿ ਮੂਲ ਕਰਜਦਾਰ ਦੇ ਲਾਭ

ਹਿੱਤ ਕੋਈ ਵੀ ਕੀਤਾ ਗਿਆ ਕੰਮ ਜਾਂ ਦਿੱਤਾ ਗਿਆ ਕੋਈ ਵਚਨ ਗਾਰੰਟਰ ਦੇ ਲਈ ਗਾਰੰਟੀ ਦਾ ਪੂਰਵ ਪ੍ਰਤਿਫਲ ਮੰਨਿਆ ਜਾਂਦਾ ਹੈ। (Anything done or any promise made for the benefit of the principal debtor may be a sufficient consideration to the surety for giving the guarantee.)

ਇਸ ਤਰ੍ਹਾਂ ਮੂਲ ਕਰਜਦਾਰ ਦੁਆਰਾ ਪ੍ਰਾਪਤ ਕੀਤਾ ਗਿਆ ਕੋਈ ਵੀ ਲਾਭ ਗਾਰੰਟਰ ਨੂੰ ਪਾਬੰਦ ਕਰਨ ਲਈ ਕਾਫੀ ਹੁੰਦਾ ਹੈ। ਪ੍ਰਤਿਫਲ ਦਾ ਮੁਆਇਦਾ ਕਿਸੇ ਭੂਤਕਾਲੀ ਪ੍ਰਤਿਫਲ ਨੂੰ ਮਾਨਤਾ ਨਹੀਂ ਦਿੰਦਾ। ਪ੍ਰਤਿਫਲ ਸਪੱਸ਼ਟ ਤੌਰ ਤੇ ਨਵਾਂ ਅਤੇ ਰਿਣਦਾਤਾ ਦੀ ਤਰਫੋਂ ਹੋਣਾ ਜਰੂਰੀ ਹੁੰਦਾ ਹੈ।

ਉਦਾਹਰਣ: ੳ ਨੇ ਅ ਨੂੰ ਉਧਾਰ ਵਸਤਾਂ ਵੇਚਣ ਅਤੇ ਸਪੁਰਦ ਕਰਨ ਲਈ ੲ ਨੂੰ ਬੇਨਤੀ ਕੀਤੀ ਅਤੇ ੲ ਨੇ ਵਸਤਾਂ ਦੀ ਕੀਮਤ ਦੇ ਭੁਗਤਾਨ ਦੀ ਗਾਰੰਟ ਦੇਣ ਦਾ ਵਚਨ ਦਿੱਤਾ ਹੋਵੇ ਤਾਂ ਇਹ ੳ ਦੇ ਵਚਨ ਲਈ ਇੱਕ ਕਾਫੀ ਅੱਛਾ ਪ੍ਰਤਿਫਲ ਹੋਵੇਗਾ।

3. **ਮਆਇਦੇ ਵਿੱਚ ਕੋਈ ਗਲਤ ਤੱਥ ਜਾਂ ਕੋਈ ਸਚਾਈ ਨੂੰ ਛੁਪਾਇਆ ਨਹੀਂ ਜਾਣਾ ਚਾਹੀਦਾ** – ਗਾਰੰਟੀ ਦਾ ਮੁਆਇਦਾ ਸਦਭਾਵਨਾ ਦਾ ਮੁਆਇਦਾ ਨਹੀਂ ਹੁੰਦਾ ਭਾਵ ਮੁਆਇਦਾ ਕਰਨ ਤੋਂ ਪਹਿਲਾਂ ਮੂਲ ਕਰਜਦਾਰ ਜਾਂ ਕਰਜਦਾਤਾ ਦੁਆਰਾ ਗਰੰਟਰ ਨੂੰ ਸਾਰੀਆਂ ਗੱਲਾਂ ਦੱਸਣ ਦੀ ਜਰੂਰਤ ਨਹੀ ਹੁੰਦੀ। ਇਸ ਤਰ੍ਹਾਂ ਬੈਂਕ ਨੂੰ ਗਾਰੰਟੀ ਦੇਣ ਦੀ ਹਾਲਤ ਵਿੱਚ ਇਹ ਜਰੂਰੀ ਨਹੀ ਹੁੰਦਾ ਕਿ ਬੈਂਕ ਗਾਰੰਟਰ ਬਣਨ ਦੇ ਇੱਛੁਕ ਵਿਅਕਤੀ ਨੂੰ ਸਾਰੀਆਂ ਗੱਲਾਂ ਦੱਸੇ ਜਿਸ ਨਾਲ ਗਾਰੰਟਰ ਨੂੰ ਅਜਿਹਾ ਕਰਨਾ ਖਤਰਨਾਕ ਲੱਗਣ ਲੱਗ ਪਵੇ। ਪ੍ਰੰਤੂ ਕੁੱਝ ਹਾਲਤਾਂ ਵਿੱਚ ਕਰਜਦਾਤਾ ਅਤੇ ਕਰਜਦਾਰ ਦੋਹਾਂ ਦਾ ਫਰਜ ਬਣ ਜਾਂਦਾ ਹੈ ਕਿ ਉਹ ਗਰੰਟਰ ਨੂੰ ਉਹ ਸਾਰੀਆਂ ਸੱਚਾਈਆਂ ਜਾਂ ਜਰੂਰੀ ਤੱਥਾਂ ਬਾਰੇ ਸੂਚਨਾਂ ਦੇਵੇ ਜਿਨ੍ਹਾਂ ਨਾਲ ਉਸ ਦੀ ਦੇਣਦਾਰੀ ਜਾਂ ਜੋਖਮ ਉੱਤੇ ਅਸਰ ਪੈਂਦਾ ਹੋਵੇ। ਜੇਕਰ ਉਹ ਵਿਅਕਤੀ ਗਾਰੰਟਰ ਨੂੰ ਗਲਤ ਤੱਥ ਪੇਸ਼ ਕਰਦਾ ਹੈ ਜਾਂ ਸਚਾਈ ਛੁਪਾਉਂਦਾ ਹੈ ਜਾਂ ਸਾਰੀ ਸੂਚਨਾ ਦੇਣ ਵਿੱਚ ਲਾਪਰਵਾਹੀ ਵਿਖਾਉਦਾ ਹੈ ਤਾਂ ਗਾਰੰਟਰ ਮੁਆਇਦੇ ਨੂੰ ਸਮਾਪਤ ਕਰ ਸਕਦਾ ਹੈ। ਗਾਰੰਟਰ ਨੂੰ ਹੇਠ ਲਿਖੀਆਂ ਹਾਲਤਾਂ ਵਿੱਚ ਮੁਆਇਦੇ ਨੂੰ ਸਮਾਪਤ ਕਰਨ ਦਾ ਅਧਿਕਾਰ ਹੁੰਦਾ ਹੈ:-

(i) **ਗਲਤ ਬਿਆਨੀ** – ਕੋਈ ਵੀ ਗਾਰੰਟੀ ਜੋ ਕਰਜਦਾਤਾ ਜਾਂ ਉਸਦੀ ਜਾਣਕਾਰੀ ਜਾਂ ਰਜਾਮੰਦੀ ਜਾਂ ਵਿਵਹਾਰ ਰਾਹੀਂ ਕਿਸੇ ਮਹੱਤਵਪੂਰਨ ਤੱਥ ਨੂੰ ਗਲਤ ਬਿਆਨ ਦੇ ਅਧਾਰ ਤੇ ਪ੍ਰਾਪਤ ਕੀਤਾ ਗਿਆ ਹੋਵੇ ਤਾਂ ਉਹ ਗੈਰ-ਕਾਨੂੰਨੀ ਹੋਵੇਗੀ। ਅਜਿਹੀ ਹਾਲਤ ਵਿੱਚ ਗਾਰੰਟਰ ਆਪਣੀ ਜਿੰਮੇਵਾਰੀ ਤੋਂ ਮੁਕਤ ਹੋ ਜਾਂਦਾ ਹੈ।(ਧਾਰਾ 142)

(ii) **ਤੱਥਾਂ ਦਾ ਛੁਪਾਉਣਾ** – ਕੋਈ ਵੀ ਗਾਰੰਟੀ ਜੋਰ ਕਰਜਦਾਤਾ ਦੇ ਵਿਵਹਾਰ ਰਾਹੀਂ ਮੁਆਇਦੇ ਨਾਲ ਸਬੰਧਿਤ ਮਹੱਤਵਪੂਰਨ ਤੱਥਾਂ ਨੂੰ ਛੁਪਾਉਣ ਦੇ ਆਧਾਰ ਤੇ ਪ੍ਰਾਪਤ ਕੀਤੀ ਗਈ ਹੋਵੇ ਗੈਰ ਕਾਨੂੰਨੀ ਹੋਵੇਗੀ ਅਤੇ ਗਾਰੰਟਰ ਆਪਣੀਆਂ ਦੇਣਦਾਰੀਆਂ ਤੋਂ ਮੁਕਤ ਹੋ ਜਾਂਦਾ ਹੈ।

(iii) **ਜਦੋਂ ਸਹਿ-ਜਮਾਨਤੀ ਸਾਥ ਨਹੀ ਦਿੰਦਾ** – ਜਦੋਂ ਕੋਈ ਵਿਅਕਤੀ ਇੱਕ ਮੁਆਇਦੇ ਪ੍ਰਤੀ ਇਹ ਗਾਰੰਟੀ ਦਿੰਦਾ ਹੈ ਕਿ ਕਰਜਦਾਤਾ ਉਸ ਸਮੇਂ ਤੱਕ ਕੋਈ ਕਾਰਵਾਈ ਨਹੀਂ ਕਰੇਗਾ ਜਦੋਂ ਤੀਕ ਕੋਈ ਹੋਰ ਵਿਅਕਤੀ ਉਸ ਨਾਲ ਸਹਿ ਜਮਾਨਤੀ ਦੇ ਰੂਪ ਵਿੱਚ ਸ਼ਾਮਿਲ ਨਹੀ ਹੋ ਜਾਵੇਗਾ। ਅਜਿਹੇ ਹਾਲਤ ਵਿੱਚ ਗਾਰੰਟੀ ਉਦੋਂ ਕੀਤ ਜਾਇਜ ਨਹੀ ਮੰਨੀ ਜਾਵੇਗੀ ਜਦੋਂ ਤੀਕ ਸਹਿ ਜਮਾਨਤੀ ਨਾਲ ਸ਼ਾਮਿਲ ਨਹੀ ਹੋ ਜਾਂਦਾ।

(iv) **ਮੁਆਇਦਾ ਲਿਖਤੀ ਜਰੂਰੀ ਨਹੀਂ** – ਧਾਰਾ 126 ਦੇ ਅਨੁਸਾਰ ਗਾਰੰਟੀ ਦਾ ਮੁਆਇਦਾ ਲਿਖਤੀ ਹੋਣਾ ਜਰੂਰੀ ਨਹੀ ਹੁੰਦਾ ਇਹ ਧਿਰਾਂ ਦੇ ਵਿਵਹਾਰ ਤੋਂ ਸਪੱਸ਼ਟ ਜਾਂ ਗ੍ਰਭਿਤ ਵੀ ਹੋ ਸਕਦਾ ਹੈ।

2.2.4 ਹਾਨੀ ਪੂਰਤੀ ਅਤੇ ਗਾਰੰਟੀ ਦੇ ਮੁਆਇਦੇ ਵਿੱਚ ਅੰਤਰ:-

1) ਹਾਨੀਪੂਰਤੀ ਦੇ ਮੁਆਇਦੇ ਵਿੱਚ ਹਾਨੀਪੂਰਤੀ ਦਾ ਵਾਅਦਾ ਕਰਨ ਵਾਲੀ ਧਿਰ ਦੀ ਦੇਣਦਾਰੀ ਪ੍ਰਮੁੱਖ ਹੁੰਦੀ ਹੈ ਜਦੋਂਕਿ ਗਾਰੰਟੀ ਦੇ ਮੁਆਇਦੇ ਵਿੰਚ ਗਾਰੰਟਰ ਦੀ ਜਿੰਮੇਵਾਰੀ ਦੂਜੇ ਦਰਜੇ ਦੀ ਹੁੰਦੀ ਹੈ, ਪ੍ਰਮੁੱਖ ਦੇਣਦਾਰੀ ਕਰਜਦਾਰ ਦੀ ਹੀ ਹੁੰਦੀ ਹੈ।
2) ਹਾਨੀਪੂਰਤੀ ਦੇ ਮੁਆਇਦੇ ਵਿੱਚ ਕੇਵਲ ਦੋ ਧਿਰਾਂ ਹੁੰਦੀਆਂ ਹਨ। ਹਾਨੀ ਰੱਖਿਅਕ ਅਤੇ ਹਾਨੀਪੂਰਤੀ ਕਰਵਾਉਣ ਵਾਲ ਜਦੋਂ ਕਿ ਗਾਰੰਟੀ ਦੇ ਮੁਆਇਦੇ ਵਿੱਚ ਤਿੰਨ ਧਿਰਾਂ ਹੁੰਦੀਆਂ ਹਨ-ਮੂਲ ਕਰਜਦਾਰ, ਦਰਜਦਾਤਾ, ਗਾਰੰਟਰ।

3) ਹਾਨੀਪੂਰਤੀ ਦੇ ਮੁਆਇਦੇ ਵਿੱਚ ਹਾਨੀ ਰੱਖਿਅਕ ਦੀ ਜਿੰਮੇਵਾਰੀ ਉਦੋਂ ਹੀ ਬਦਦੀ ਹੈ ਜਦੋਂ ਕੋਈ ਭਾਵੀ ਅਨਿਸ਼ਚਿਤ ਘਟਨਾ ਵਾਪਰ ਜਾਵੇ ਜਦ ਕਿ ਗਾਰੰਟਰ ਦੀ ਦੇਣਦਾਰੀ ਉਦੋਂ ਹੀ ਬਣਦੀ ਹੈ ਜਦੋਂ ਮੂਲ ਕਰਜਦਾਰ ਆਪਣੇ ਫਰਜ ਤੋਂ ਮੁਕਰ ਜਾਵੇ।
4) ਗਾਰੰਟੀ ਦੇ ਮੁਆਇਦੇ ਵਿੱਚ ਮੂਲ ਕਰਜਦਾਰ ਦੇ ਅਯੋਗ ਹੋਣ ਤੇ ਜਦੋਂ ਉਹ ਉਸ ਦੀਆਂ ਦੇਣਦਾਰੀਆਂ ਦਾ ਭੁਗਤਾਨ ਕਰਦਾ ਹੈ ਤਾਂ ਕਰਜਦਾਤਾ ਵਾਲੇ ਅਧਿਕਾਰ ਗਾਰੰਟਰ ਨੂੰ ਮੂਲ ਕਰਜਦਾਰ ਦੇ ਵਿਰੁੱਧ ਪ੍ਰਾਪਤ ਹੋ ਜਾਂਦੇ ਹਨ ਪ੍ਰੰਤੂ ਹਾਨੀਪੂਰਤੀ ਦੇ ਮੁਆਇਦੇ ਵਿੱਚ ਹਾਨੀ ਰੱਖਿਅਕ ਤੀਜੀ ਧਿਰ (ਜਿਸ ਨੇ ਹਾਨੀ ਪਹੁੰਚਾਈ ਹੋਵੇ) ਦੇ ਵਿਰੁੱਧ ਆਪਣੇ ਨਾਂ ਤੇ ਮੁਕੱਦਮਾ ਨਹੀਂ ਕਰ ਸਕਦਾ।
5) ਹਾਨੀਪੂਰਤੀ ਦਾ ਮੁਆਇਦਾ ਹਾਨੀ ਹੋਣ ਤੇ ਉਸ ਦੀ ਪੂਰਤੀ ਕਰਨ ਦੇ ਲਈ ਕੀਤਾ ਜਾਂਦਾ ਹੈ। ਜਦੋਂ ਕਿ ਗਾਰੰਟੀ ਦਾ ਮੁਆਇਦਾ ਕਰਜਦਾਤਾ ਨੂੰ ਕਰਜੇ ਦੀ ਜਮਾਨਤ ਦੇ ਰੂਪ ਵਿੱਚ ਕੀਤਾ ਜਾਂਦਾ ਹੈ।
6) ਹਾਨੀਪੂਰਤੀ ਦੇ ਮੁਆਇਦੇ ਵਿੱਚ ਹਾਨੀ ਰੱਖਿਅਕ ਦੇ ਲਈ ਜਰੂਰੀ ਨਹੀ ਹੁੰਦਾ ਕਿ ਉਹ ਹਰਜਾਨਾ ਪਾਉਣ ਵਾਲੇ ਦੀ ਬੇਨਤੀ ਤੇ ਹੀ ਆਪਣੀ ਜਿੰਮੇਵਾਰੀ ਦੀ ਪਾਲਣਾ ਕਰੇ ਜਦੋਂ ਕਿ ਗਾਰੰਟੀ ਦੇ ਮੁਆਇਦੇ ਵਿੱਚ ਇਹ ਜਰੂਰੀ ਹੁੰਦਾ ਹੈ ਕਿ ਕਰਜਦਾਤਾ ਦੀ ਬੇਨਤੀ ਤੇ ਹੀ ਗਾਰੰਟੀ ਦੇਵੇ।
7) ਹਾਨੀਪੂਰਤੀ ਦੇ ਮੁਆਇਦੇ ਵਿੱਚ ਹਾਨੀ ਰੱਖਿਅਕ ਅਤੇ ਹਾਨੀਪੂਰਤੀ ਕਰਵਾਉਣ ਵਾਲੀ ਧਿਰ ਵਿਚਕਾਰ ਇੱਕ ਮੂਲ ਅਤੇ ਅਲੱਗ ਮੁਆਇਦਾ ਹੁੰਦਾ ਹੈ ਜਦੋਂ ਕਿ ਗਾਰੰਟੀ ਦੇ ਮੁਆਇਦੇ ਵਿੱਚ ਤਿੰਨ ਮੁਆਇਦੇ ਹੁੰਦੇ ਹਨ, ਪਹਿਲਾਂ ਕਰਜਦਾਰ ਅਤੇ ਕਰਜਦਾਤਾ ਵਿਚਕਾਰ ਦੂਜਾ ਕਰਜਤਾਤਾ ਅਤੇ ਗਾਰੰਟਰ ਵਿਚਕਾਰ ਅਤੇ ਤੀਜਾ ਕਰਜਦਾਰ ਅਤੇ ਗਾਰੰਟਰ ਵਿਚਕਾਰ।
8) ਹਾਨੀਪੂਰਤੀ ਦੇ ਮੁਆਇਦੇ ਅਧੀਨ ਹਾਨੀ ਰੱਖਿਅਕ ਹਾਨੀਪੂਰਤੀ ਕਰਵਾਉਣ ਲਈ ਧਿਰ ਨੂੰ ਉਹਨਾਂ ਸਾਰੀਆਂ ਹਾਨੀਆਂ ਤੋਂ ਬਚਾਉਣ ਦੇ ਵਚਨ ਦਿੰਦਾ ਹੈ ਜੋ ਉਸ ਨੂੰ ਖੁਦ ਜਾਂ ਕਿਸੇ ਹੋਰ ਦੇ ਵਿਵਹਾਰ ਕਾਰਨ ਹੋਣ ਵਾਲੀਆਂ ਹੋਣ ਜਦੋਂ ਕਿ ਗਾਰੰਟੀ ਦੇ ਮੁਆਇਦੇ ਵਿੱਚ ਗਾਰੰਟਰ ਕੇਵਲ ਮੂਲ ਕਰਜਦਾਰ ਦੇ ਮੁਕਰਨ ਤੇ ਹੀ ਉਸ ਦੇ ਫਰਜਾਂ ਨੂੰ ਪੂਰਾ ਕਰਨ ਦਾ ਵਚਨ ਦਿੰਦਾ ਹੈ।
9) ਭਾਰਤੀ ਅਤੇ ਅੰਗਰੇਜੀ ਦੋਹਾਂ ਅਧਿਨਿਯਮਾਂ ਦੇ ਅਨੁਸਾਰ ਹਾਨੀਪੂਰਤੀ ਦਾ ਮੁਆਇਦਾ ਲਿਖਤੀ ਜਾਂ ਜ਼ੁਬਾਨੀ ਹੋ ਸਕਦਾ ਹੈ। ਜਦੋਂ ਕਿ ਗਾਰੰਟੀ ਦਾ ਮੁਆਇਦਾ ਅੰਗਰੇਜੀ ਕਾਨੂੰਨ ਅਨੁਸਾਰ ਲਿਖਤੀ ਹੀ ਹੋਣਾ ਚਾਹੀਦਾ ਹੈ। ਜਦੋਂ ਕਿ ਗਾਰੰਟੀ ਦਾ ਮੁਆਇਦਾ ਅੰਗਰੇਜੀ ਕਾਨੂੰਨ ਅਨੁਸਾਰ ਲਿਖਤੀ ਜਾਂ ਜ਼ੁਬਾਨੀ ਕਿਸੇ ਵੀ ਰੂਪ ਵਿੱਚ ਹੋ ਸਕਦਾ ਹੈ।

2.2.5 ਗਾਰੰਟੀ ਦੀਆਂ ਕਿਸਮਾਂ –

1. **ਸ਼ਰਤ ਰਹਿਤ ਅਤੇ ਸ਼ਰਤ ਸਹਿਤ ਗਾਰੰਟੀ** – ਉਹ ਗਾਰੰਟੀ ਸ਼ਰਤ ਰਹਿਤ ਕਹਾਉਦੀ ਹੈ ਜਿਸ ਵਿੱਚ ਗਾਰੰਟਰ ਬਗੈਰ ਕਿਸੇ ਸ਼ਰਤ ਦੇ ਮੂਲ ਕਰਜਦਾਰ ਦੇ ਮੁਕਰ ਜਾਣ ਤੇ ਉਸ ਦੀ ਜਗ੍ਹਾ ਤੇ ਕਰਜੇ ਦਾ ਭੁਗਤਾਨ ਕਰਨ ਲਈਜਾਂ ਵੁਸ ਦੀਆਂ ਦੇਣਦਾਰੀਆਂ ਆਪਣੇ ਉੱਪਰ ਲੈਣ ਦਾ ਵਚਨ ਦਿੰਦਾ ਹੈ। ਜਦੋਂ ਕਿ ਸ਼ਰਤ ਸਹਿਤ ਉਹ ਗਾਰੰਟੀ ਹੁੰਦੀ ਹੈ ਜੋ ਕਿ ਮੂਲ ਕਰਜਦਾਰ ਦੇ ਮੁਕਰਨ ਤੇ ਉਦੋਂ ਤੱਕ ਤੁਰੰਤ ਪੂਰੀ ਨਹੀ ਕਰਵਾਈ ਜਾ ਸਕਦੀ ਜਦੋਂ ਤੱਕ ਇਸ ਤੋਂ ਇਲਾਵਾ ਕੋਈ ਅਨਿਸ਼ਚਿਤ ਘਟਨਾ ਨਹੀ ਵਾਪਰਦੀ।
2. **ਸਧਾਰਨ ਅਤੇ ਵਿਸ਼ੇਸ਼ ਗਾਰੰਟੀ** – ਅਜਿਹੀ ਗਾਰੰਟੀ ਜੋ ਆਮ ਜਨਤਾ ਦੇ ਸਾਹਮਣ ਸਵੀਕਾਰ ਕਰਨ ਹਿੱਤ ਪੇਸ਼ ਕੀਤੀ ਗਈ ਹੋਵੇ ਇੱਕ ਸਾਧਾਰਨ ਗਾਰੰਟੀ ਹੋਵੇਗੀ। ਜੇਕਰ ਇਹ ਕਿਸੇ ਵੀ ਵਿਅਕਤੀ ਨੂੰ ਕਿਸੇ ਇੱਕ ਵਿਸ਼ੇਸ਼ ਵਿਅਕਤੀ ਦੁਆਰਾ ਸਵੀਕਾਰ ਕਰਨ ਦੇ ਮੰਤਵ ਨਾਲ ਦਿੱਤੀ ਗਈ ਹੋਵੇ ਤਾਂ ਉਹ ਵਿਸ਼ੇਸ਼ ਵਿਅਕਤੀ ਹੀ ਗਾਰੰਟੀ ਦੇ ਸਕਦਾ ਹੋਵੇ ਤਾਂ ਅਜਿਹੀ ਗਾਰੰਟੀ ਵਿਸ਼ੇਸ਼ ਗਾਰੰਟੀ ਹੋਵੇਗੀ।
3. **ਸੀਮਤ ਅਤੇ ਅਸੀਮਤ ਗਰੰਟੀ** – ਜਦੋਂ ਕਿਸੇ ਇੱਕ ਸੌਦੇ ਜਾਂ ਵਿਵਹਾਰ ਦੇ ਲਈ ਗਾਰੰਟੀ ਦਿੱਤੀ ਗਈ ਹੋਵੇ ਤਾਂ ਉਹੀ ਸੀਮਤ ਗਰੰਟੀ ਹੋਵੇਗੀ। ਅਸੀਮਤ ਗਰੰਟੀ ਉਹ ਹੁੰਦੀ ਹੈ ਜਿਸਦੇ ਸਮਾਪਤ ਹੋਣ ਦਾ ਸਮਾਂ ਨਿਸ਼ਚਿਤ ਨਹੀਂ ਹੁੰਦਾ ਜਾਂ ਇਸ ਅਧੀਨ ਭੁਗਤਾਨ ਯੋਗ ਰਕਮ ਨਿਰਧਾਰਤ ਨਹੀ ਹੁੰਦੀ।

4. **ਲਗਾਤਾਰ ਗਾਰੰਟੀ** – ਜਦੋਂ ਗਾਰੰਟੀ ਦੇ ਵਿਵਹਾਰਾਂ ਦੀ ਇੱਕ ਲੜੀ ਹੋਵੇ ਤਾਂ ਉਸ ਨੂੰ ਲਗਾਤਾਰ ਗਾਰੰਟੀ ਕਹਿੰਦੇ ਹਨ। ਦੂਜੇ ਸ਼ਬਦਾਂ ਵਿੱਚ ਲਗਾਤਾਰ ਗਾਰੰਟੀ ਕਿਸੇ ਇੱਕ ਵਿਸੇਸ਼ ਸੌਦੇ ਲਈ ਨਹੀ ਸਗੋਂ ਉਸ ਕਿਸਮ ਦੇ ਕਈ ਹੀ ਸੌਦਿਆਂ ਜਾਂ ਵਿਹਾਰਾਂ ਪ੍ਰਤੀ ਹੁੰਦੀ ਹੈ ਅਤੇ ਇਸ ਦੇ ਅਨਿਸ਼ਚਿਤ ਸਮੇਂ ਤੱਕ ਚਾਲੂ ਰਹਿਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਜਦੋਂ ਤੱਕ ਇਸ ਦਾ ਖੰਡਨ ਨਹੀ ਕੀਤਾ ਜਾਂਦਾ ਹੈ।

ਉਦਾਹਰਣ: ੳ ਨੇ ਅ ਨੂੰ ਆਪਣੀਆਂ ਜਮੀਨਾਂ ਦਾ ਲਗਾਨ ਵਸੂਲਣ ਲਈ ਨੌਕਰ ੲ ਦੀ ਗਾਰੰਟੀ ਤੇ ਰੱਖਿਆ ਅਤੇ ੲ ਨੇ ਅ ਦੀ 500 ਰੁਪਏ ਦੀ ਗਾਰੰਟੀ ਦਿੱਤੀ ਕਿ ਉਹ ਇਸ ਰਕਮ ਤੱਕ ਲਗਾਨ ਦੀ ਵਸੂਲੀ ਅਤੇ ਭੁਗਤਾਨ ਲਈ ਅ ਵੱਲੋਂ ਜਿੰਮੇਵਾਰ ਹੋਵੇਗਾ। ਇਹ ਇੱਕ ਲਗਾਤਾਰ ਗਾਰੰਟੀ ਹੈ।

ਇੱਕ ਗਾਰੰਟੀ ਚਾਲੂ ਹੈ ਜਾਂ ਨਹੀ ਇਸ ਦਾ ਨਿਰਘਾਰਨ ਮੁਆਇਦੇ ਦੀਆਂ ਸ਼ਰਤਾਂ ਧਿਰਾਂ ਦੇ ਮੰਤਵ ਅਤੇ ਗਾਰੰਟੀ ਦੀ ਹਾਲਤ ਆਦਿ ਨਾਲ ਕੀਤਾ ਜਾ ਸਕਦਾ ਹੈ।

ਇੱਕ ਲਗਾਤਾਰ ਗਾਰੰਟੀ ਦੇ ਤਿੰਨ ਲੱਛਣ ਹੁੰਦੇ ਹਨ:

(i) ਅਜਿਹੀ ਗਾਰੰਟੀ ਪਹਿਲੀ ਰਕਮ ਭੁਗਤਾਨ ਜਾਂ ਉਘਾਰ ਜਾਂ ਪੂਰਤੀ ਰਾਹੀਂ ਖਤਮ ਨਹੀਂ ਹੁੰਦੀ।

(ii) ਅਜਿਹੀ ਗਾਰੰਟੀ ਕਰਜਦਾਤਾ ਦੁਆਰਾ ਭਵਿੱਖ ਦੇ ਲੈਣ ਦੇਣ ਦੀਆਂ ਕ੍ਰਿਆਵਾਂ ਸਬੰਧੀ ਨੋਟਿਸ ਦੇ ਕੇ ਖਤਮ ਵੀ ਕੀਤੀ ਜਾ ਸਕਦੀ ਹੈ।

(iii) ਜਮਾਨਤੀ ਦੀ ਮੌਤ ਹੋਣ ਤੋਂ ਬਾਅਦ ਲਗਾਤਾਰ ਗਾਰੰਟੀ ਭਵਿੱਖ ਦੀਆਂ ਦੇਣਦਾਰੀਆਂ ਤੇ ਜਮਾਨਤ ਲਾਗੂ ਨਹੀ ਹੁੰਦੀ ਜਦੋਂ ਤੀਕ ਇਸ ਦੇ ਉਲਟ ਮੁਆਇਦੇ ਵਿੱਚ ਨਿਰਧਾਰਤ ਨਾ ਕੀਤਾ ਗਿਆ ਹੋਵੇ।

ਲਗਾਤਾਰ ਗਾਰੰਟੀ ਦਾ ਖੰਡਨ –

ਹੇਠ ਲਿਖੀਆਂ ਹਾਲਤਾਂ ਵਿੱਚ ਲਗਾਤਾਰ ਗਾਰੰਟੀ ਦਾ ਖੰਡਨ ਹੋ ਸਕਦਾ ਹੈ:–

(i) ਗਾਰੰਟਰ ਦੁਆਰਾ ਖੰਡਨ ਦੀ ਸੂਚਨਾ ਦੇ ਕੇ – ਧਾਰਾ 143 ਦੇ ਅਨੁਸਾਰ ਜਦੋਂ ਦਿੱਤੀ ਗਈ ਗਾਰੰਟੀ ਲਗਾਤਾਰ ਕਿਸਮ ਦੀ ਹੋਵੇ ਤਾਂ ਗਾਰੰਟੀ ਦੇ ਖੰਡਨ ਦੀ ਸੂਚਨਾ ਦੇ ਕੇ ਗਾਰੰਟੀ ਦੇ ਸਮਝੌਤੇ ਨੂੰ ਸਮਾਪਤ ਕਰ ਸਕਦਾ ਹੈ। ਅਜਿਹੀ ਹਾਲਤ ਵਿੱਚ ਉਹ ਭਾਵੀ ਸੌਦਿਆਂ ਅਧੀਨ ਪੈਦਾ ਹੋਈਆਂ ਦੇਣਦਾਰੀਆਂ ਪ੍ਰਤੀ ਜਿੰਮੇਵਾਰ ਨਹੀ ਹੋਵੇਗਾ।

(ii) **ਗਾਰੰਟਰ ਦੀ ਮੌਤ ਹੋਣ ਤੇ** – ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 131 ਦੇ ਅਨੁਸਾਰ ਜੇਕਰ ਕੋਈ ਵਿਪਰੀਤ ਮੁਆਇਦਾ ਨਾ ਹੋਵੇ ਤਾਂ ਗਾਰੰਟਰ ਦੀ ਮੌਤ ਹੋਣ ਤੇ ਭਾਵੀ ਵਿਵਹਾਰਾਂ ਪ੍ਰਤੀ ਗਾਰੰਟੀ ਦੇ ਮੁਆਇਦੇ ਦੀ ਸਮਾਪਤੀ ਹੋ ਜਾਂਦੀ ਹੈ। ਭਾਵ ਇਸ ਤੋਂ ਬਾਅਦ ਗਾਰੰਟਰ ਦੀ ਜਾਇਦਾਦ ਜਾਂ ਉਸ ਦੇ ਕਾਨੂੰਨੀ ਵਾਰਸ ਵੀ ਜਿੰਮੇਵਾਰ ਨਹੀ ਹੁੰਦੇ। ਪ੍ਰੰਤੂ ਗਾਰੰਟਰ ਦੀ ਮੌਤ ਤੋਂ ਪਹਿਲਾਂ ਵਾਲੇ ਲਗਾਤਾਰ ਵਿਵਹਾਰਾਂ ਪ੍ਰਤੀ ਉਸ ਦੀ ਜਾਇਦਾਦ ਅਤੇ ਉਸਦਾ ਕਾਨੂੰਨ ਵਾਰਸ ਦੋਵੇਂ ਹੀ ਜਿੰਮੇਵਾਰ ਰਹਿਣਗੇ।

(iii) **ਮੁਆਇਦੇ ਦੀਆਂ ਮੱਦਾਂ ਵਿੱਚ ਤਬਦੀਲੀ ਕਰਕੇ** – ਜਦੋਂ ਕਰਜਦਾਤਾ ਅਤੇ ਕਰਜਾ ਪ੍ਰਾਪਤ ਕਰਨ ਵਾਲੀਆਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਜਮਾਨਤੀ ਨੂੰ ਜਾਣੂ ਕਰਵਾਉਣ ਤੋਂ ਬਗੈਰ ਜਾਂ ਉਸਦੀ ਸਹਿਮਤੀ ਪ੍ਰਾਪਤ ਕੀਤੇ ਬਿਨਾਂ ਹੀ ਮੁਆਇਦੇ ਦੀਆਂ ਮੱਦਾਂ ਵਿੱਚ ਕੋਈ ਤਬਦੀਲੀ ਕਰ ਲਈ ਹੋਵੇ ਤਾਂ ਜਮਾਨਤੀ ਦੀ ਜਿੰਮੇਵਾਰੀ ਹੀ ਸਮਾਪਤ ਹੋ ਜਾਂਦੀ ਹੈ।

(iv) **ਕਰਜਦਾਤਾ ਵੱਲੋਂ ਭੁੱਲ** – ਜਦੋਂ ਕਰਜਦਾਤਾ ਕੋਈ ਅਜਿਹਾ ਹਾਲਤ ਕੰਮ ਜਾਂ ਭੁੱਲ ਕਰਦਾ ਹੈ ਜੋ ਕਿ ਜਮਾਨਤੀ ਦੀ ਦੇਣਦਾਰੀ ਨੂੰ ਪ੍ਰਭਾਵਿਤ ਕਰਦੀ ਹੋਵੇ ਤਾਂ ਜਮਾਨਤ ਦਾ ਮੁਆਇਦਾ ਸਮਾਪਤ ਹੋ ਜਾਂਦਾ ਹੈ।

(v) **ਨਵਿਆਉਣਾਂ** – ਜਦੋਂ ਮੂਲ ਮੁਆਇਦੇ ਦੀਆਂ ਧਿਰਾਂ ਪੁਰਾਣੇ ਮੁਆਇਦੇ ਦੀ ਥਾਂ ਤੇ ਆਪਸ ਵਿੱਚ ਕੋਈ ਨਵਾਂ ਸਮਝੌਤਾ ਕਰ ਲੈਂਦੀਆਂ ਹਨ ਅਤੇ ਇਸ ਬਾਰੇ ਜਮਾਨਤੀ ਨੂੰ ਜਾਣੂੰ ਨਹੀ ਕਰਵਾਇਆ ਜਾਂਦਾ ਜਾਂ ਉਸਦੀ ਸਹਿਮਤੀ ਪ੍ਰਾਪਤ ਨਹੀ ਕੀਤੀ ਜਾਦੀ ਤਾਂ ਜਮਾਨਤ ਦਾ ਮੁਆਇਦਾ ਸਮਾਪਤ ਹੋ ਜਾਂਦਾ ਹੈ।

2.2.6 ਗਾਰੰਟਰ ਦੇ ਅਧਿਕਾਰ

ਗਾਰੰਟਰ ਦੇ ਅਧਿਕਾਰਾਂ ਦਾ ਵਰਣਨ ਹੇਠ ਲਿਖੇ ਪ੍ਰਕਾਰ ਹੋ ਸਕਦਾ ਹੈ:–

(i) ਕਰਜਦਾਤਾ ਦੇ ਵਿਰੁੱਧ (ii) ਮੂਲ ਕਰਜਦਾਰ ਦੇ ਵਿਰੁੱਧ

(iii) ਸਹਿ-ਗਾਰੰਟਰ ਦੇ ਵਿਰੁੱਧ

ਕਰਜਦਾਤਾ ਦੇ ਵਿਰੁੱਧ ਗਾਰੰਟਰ ਦੇ ਅਧਿਕਾਰ – ਧਾਰਾ 141 ਦੇ ਅਨੁਸਾਰ ਗਾਰੰਟਰ ਨੂੰ ਕਰਜਦਾਤਾ ਦੇ ਵਿਰੁੱਧ ਹੇਠ ਲਿਖੇ ਅਧਿਕਾਰ ਪ੍ਰਾਪਤ ਹੁੰਦੇ ਹਨ –

1) ਜੇਕਰ ਗਾਰੰਟਰ ਗਾਰੰਟੀ ਦੇ ਮੁਆਇਦੇ ਨਾਲ ਸਬੰਧਿਤ ਸਾਰੀਆਂ ਦੇਣਦਾਰੀਆਂ ਦਾ ਭੁਗਤਾਨ ਕਰ ਦਿੰਦਾ ਹੈ ਤਾਂ ਉਸ ਨੂੰ ਕਰਜਦਾਤਾ ਤੋਂ ਉਸਨੂੰ ਸਾਰੀਆਂ ਸਕਿਉਰਟੀਆਂ ਜਾਂ ਜਮਾਨਤਾ ਵਾਪਸ ਲੈਣ ਦਾ ਅਧਿਕਾਰ ਹੋਵੇਗਾ ਜੋ ਮੂਲ ਕਰਜਦਾਰ ਦੁਆਰਾ ਕਰਜਦਾਤਾ ਪਾਸ ਜਮ੍ਹਾਂ ਕਰਵਾਈਆਂ ਗਈਆਂ ਹੋਣ।
2) ਜੇਕਰ ਕਰਜਦਾਤਾ ਇਹਨਾਂ ਜਮਾਨਤਾਂ ਨੂੰ ਗੁੰਮ ਕਰ ਦਿੰਦਾ ਹੈ ਜਾਂ ਬਿਨਾਂ ਗਾਰੰਟਰ ਦੀ ਸਹਿਮਤੀ ਇਹਨਾਂ ਨੂੰ ਕਿਸੇ ਹੋਰ ਨੂੰ ਦੇ ਦਿੰਦਾ ਹੈ ਤਾਂ ਗਾਰੰਟਰ ਦੀ ਦੇਣਦਾਰੀ ਇਹਨਾਂ ਜਮਾਨਤਾਂ ਦੇ ਮੁੱਲ ਦੇ ਬਰਾਬਰ ਘੱਟ ਜਾਵੇਗੀ। ਪ੍ਰੰਤੂ ਅਜਿਹੀਆਂ ਜਮਾਨਤਾਂ ਜਿਨ੍ਹਾਂ ਦਾ ਕੋਈ ਮੁੱਲ ਨਾ ਹੋਵੇ ਅਤੇ ਉਹ ਜਮਾਨਤਾਂ ਕਰਜਦਾਤਾ ਨੇ ਆਪਣੇ ਤੋਂ ਅਲੱਗ ਕਰ ਦਿੱਤੀਆਂ ਹੋਣ ਜਾਂ ਗੁਆ ਦਿੱਤੀਆਂ ਹੋਣ ਤਾਂ ਗਾਰੰਟਰ ਦੀ ਦੇਣਦਾਰੀ ਵਿੱਚ ਕੋਈ ਕਮੀ ਨਹੀ ਆਉਂਦੀ।

ਗਾਰੰਟਰ ਦਾ ਅਧਿਕਾਰ ਕੇਵਲ ਜਮਾਂਨਤਾਂ ਨੂੰ ਵਾਪਸ ਲੈਣ ਤੱਕ ਹੀ ਸਮੀਮਤ ਨਹੀ ਹੁੰਦਾ ਸਗੋਂ ਉਹ ਉਹਨਾਂ ਸਾਰੇ ਲਾਭਾਂ ਦਾ ਹੱਕਦਾਰ ਵੀ ਹੋਵੇਗਾ ਜੋ ਉਹਨਾਂ ਜਮਾਨਤਾਂ ਤੋਂ ਪੈਦਾ ਹੋਏ ਹੋਣ। ਬਸ਼ਰਤੇ ਇਸ ਸਬੰਧੀ ਪਹਿਲਾਂ ਸੰਕੇਤ ਦਿੱਤੇ ਗਏ ਹੋਣ।
ਬੇਸ਼ੱਕ ਦਿੱਤੀ ਗਈ ਗਈ ਜਮਾਂਨਤਾ ਦਾ ਕੋਈ ਮੁੱਲ ਨਾ ਰਹੇ ਤਾਂ ਵੀ ਜਮਾਨਤੀ ਦੀ ਜਿੰਮੇਵਾਰੀ ਖਤਮ ਨਹੀ ਹੁੰਦੀ।
ਉਦਾਹਰਣ: ੲ ਨੇ ਆਪਣੇ ਕਿਰਾਏਦਾਰ ਅ ਨੂੰ 2,000 ਰੁਪਏ ੳ ਦੀ ਜਮਾਨਤ ਤੇ ਉਧਾਰ ਦਿੱਤੇ। ੲ ਨੇ ਇਸ ਤੋਂ ਇਲਾਵਾ ਅ ਦਾ 2,000 ਰੁਪਏ ਦੀ ਕੀਮਤ ਦਾ ਫਰਨੀਚਰ ਗਿਰਵੀ ਰੱਖਿਆ। ੲ ਨੇ ਗਿਰਵੀ ਸਬੰਧੀ ਦਿੱਤੀ ਫਰਨੀਚਰ ਦੀ ਜਮਾਨਤ ਕੈਂਸਲ ਕਰ ਦਿੱਤੀ। ਅ ਦਿਵਾਲੀਆ ਹੋ ਗਿਆ ਅਤੇ ੲ ਨੇ ੳ ਤੇ ਕੇਸ ਕਰ ਦਿੱਤਾ।ੳ ਅਤੇ ੲ ਦੁਆਰਾ ਛੱਡੇ ਫਰਨੀਚਰ ਦੀ ਕੀਮਤ ਤੀਕ ਜਮਾਨਤੀ ਦੇ ਰੂਪ ਵਿੱਚ ਛੁਟਕਾਰਾ ਹੋ ਜਾਵੇਗਾ।

3) ਜਮਾਨਤੀ ਨੂੰ ਜਦੋਂ ਉਸ ਤੇ ਰਕਮ ਦੀ ਵਸੂਲੀ ਲਈ ਮੁਕੱਦਮਾ ਕਰ ਦਿੱਤਾ ਗਿਆ ਹੋਵੇ, ਉਹ ਸਾਰੇ ਹੱਕ ਜਾਂ ਅਧਿਕਾਰ ਜੋ ਵੀ ਕਰਜਾ ਪ੍ਰਾਪਤ ਕਰਨ ਵਾਲੇ ਨੂੰ ਦਰਜਦਾਤਾ ਦੇ ਵਿਰੁੱਧ ਪ੍ਰਾਪਤ ਹੁੰਦੇ ਹਨ, ਆਪਣੇ ਹੱਕ ਵਿੱਚ ਲੈਣ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ।
4) ਜੇਕਰ ਕਰਜੇ ਦੀ ਮਿਆਦ ਪੁੱਗਣ ਤੇ ਜਾਂ ਉਸ ਤੋ ਪਹਿਲਾਂ ਕਰਜੇ ਦਾ ਭੁਗਤਾਨ ਕਰਨ ਲਈ ਜਮਾਨਤੀ ਨੂੰ ਕਿਹਾ ਜਾਵੇ ਤਾਂ ਕਰਜਦਾਤਾ ਨੂੰ ਮੂਲ ਕਰਜਦਾਰ ਤੇ ਮੁਕੱਦਮਾ ਕਰਨ ਲਈ ਕਹਿਣ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ।

ਮੂਲ ਕਰਜਦਾਰ ਦੇ ਵਿਰੁੱਧ ਅਧਿਕਾਰ

ਗਾਰੰਟਰ ਮੂਲ ਕਰਜਦਾਰ ਦੇ ਵਿਰੁੱਧ ਹੇਠ ਲਿਖੇ ਦੋ ਅਧਿਕਾਰ ਵਰਤ ਸਕਦਾ ਹੈ: –

1. **ਸਥਾਨ ਲੈਣ ਦਾ ਅਧਿਕਾਰ –** ਜਦੋਂ ਮੂਲ ਕਰਜ਼ਦਾਰ ਕਰਜ਼ੇ ਦੇ ਮੋੜਨ ਸਬੰਧੀ ਕੋਈ ਗਲਤੀ ਕਰਦਾ ਹੈ ਤਾਂ ਗਰੰਟਰ ਦੁਆਰਾ ਉਸ ਕਰਜ਼ੇ ਦੇ ਭੁਗਤਾਨ ਕਰ ਦਿੱਤਾ ਜਾਂਦਾ ਹੈ ਅਤੇ ਉਸ ਨੂੰ ਮੂਲ ਕਰਜ਼ਦਾਰ ਦੇ ਵਿਰੁੱਧ ਉਹ ਸਾਰੇ ਅਧਿਕਾਰ ਮਿਲ ਜਾਂਦੇ ਹਨ ਜੋ ਕਰਜ਼ਦਾਤਾ ਨੇ ਮੂਲ ਕਰਜ਼ਦਾਰ ਦੇ ਵਿਰੁੱਧ ਪ੍ਰਾਪਤ ਸਨ ਗਰੰਟਰ ਦੇ ਇਸ ਅਧਿਕਾਰਬ ਨੂੰ ਸਥਾਨ ਲੈਣ ਦਾ ਅਧਿਕਾਰ ਕਹਿੰਦੇ ਹਨ ਇਸ ਤਰ੍ਹਾਂ ਗਰਾਂਟਰ ਕਰਜ਼ਦਾਤਾ ਦਾ ਸਥਾਨ ਪ੍ਰਾਪਤ ਕਰ ਲੈਦਾਂ ਹੈ ਇਸ ਤਰ੍ਹਾਂ ਜੇਕਰ ਕਰਜ਼ਦਾਤਾ ਨੂੰ ਕਰਜ਼ਦਾਰ ਦਾ ਸਮਾਨ ਰਸਤੇ ਵਿੱਚ ਰੋਕ ਕੇ ਰੱਖਣ ਦਾ ਅਧਿਕਾਰ ਪ੍ਰਾਪਤ ਹੋਵੇ ਤਾਂ ਗਰੰਟੀ ਦੇ ਪੂਰਾ ਹੋਣ ਤੇ ਗਰਾਂਟਰ ਨੂੰ ਕਰਜ਼ਦਾਤਾ ਵਾਲਾ ਅਧਿਕਾਰ ਮਿਲ ਜਾਵੇਗਾ ਅਤੇ ਗਾਰੰਟਰ ਕਰਜ਼ੇ ਦੀ ਰਕਮ ਵਸੂਲਣ ਤੋ ਬਾਅਦ ਹੀ ਮੂਲ ਕਰਜ਼ਦਾਰ ਨੂੰ ਵਸਤਾਂ ਦੇਣ ਲਈ ਪਾਬੰਦ ਹੋਵੇਗਾ।

ਉਦਾਹਰਣ – A ਨੇ B ਪਾਸ ਇੱਕ ਮਕਾਨ ਕਰਜ਼ੇ ਦੇ ਬਦਲੇ ਵਿੱਚ ਗਿਰਵੀ ਰੱਖ ਦਿੱਤਾ। C ਨੇ ਇਸ ਦੀ ਗਾਰੰਟੀ ਦੇ ਦਿੱਤੀ। A ਕਰਜ਼ੇ ਦਾ ਭਗਤਾਨ ਨਹੀਂ ਕਰ ਸਕਿਆ ਅਤੇ C ਨੇ ਕਰਜ਼ੇ ਦਾ ਭੁਗਤਾਨ ਕਰ ਦਿੱਤਾ। ਇਸ ਤਰ੍ਹਾਂ ਹਣ A ਦਾ ਮਕਾਨ C ਪਾਸ ਗਿਰਵੀ ਹੋ ਜਾਵੇਗਾ।

2. **ਹਾਨੀਪੂਰਤੀ ਦਾ ਅਧਿਕਾਰ –** (ਧਾਰਾ 141) ਮੁਆਇਦੇ ਵਿੱਚ ਮੂਲ ਕਰਜ਼ਦਾਰ ਦੁਆਰਾ ਗਾਰੰਟੀ ਦੀ ਹਾਨੀਪੂਰਤੀ ਕਰਨ ਦਾ ਵਚਨ ਗ੍ਰਿਭਤ ਹੁੰਦਾ ਹੈ। ਗਾਰੰਟਰ ਨੂੰ ਇਹ ਅਧਿਕਾਰ ਹੁੰਦਾ ਹੈ ਕਿ ਉਹ ਗਾਰੰਟੀ ਦੇ ਅਧੀਨ ਸਹੀ ਤਰੀਕੇ ਨਾਲ ਕੀਤੀ ਗਈ ਕਰਜ਼ੇ ਦੀ ਅਦਾਇਗੀ ਦੀ ਰਕਮ ਮੂਲ ਕਰਜ਼ਦਾਰ ਤੋਂ ਵਸੂਲੇ ਅਤੇ ਜੇਕਰ ਉਹ ਗਲਤ ਤਰੀਕੇ

ਨਾਲ ਕਰਜ਼ੇ ਦੀ ਅਦਾਇਗੀ ਕਰਦਾ ਹੈ ਤਾਂ ਉਸ ਨੂੰ ਹਾਨੀਪੂਰਤੀ ਦਾ ਅਧਿਕਾਰ ਪ੍ਰਾਪਤ ਨਹੀ ਹੁੰਦਾ ਹੈ। ਗਾਰੰਟਰ ਨੂੰ ਕਰਜ਼ਦਾਰ ਤੋ ਕੇਵਲ ਮੂਲ ਰਾਸ਼ੀ ਜਿਸ ਦਾ ਉਸ ਨੇ ਭੁਗਤਾਨ ਕੀਤਾ ਹੋਵੇ ਦਾ ਭਗੁਤਾਨ ਪ੍ਰਾਪਤ ਕਰਨ ਦਾ ਅਧਿਕਾਰ ਹੁੰਦਾ ਹੈ। ਭਾਵ ਉਹ ਸਮੇਤ ਵਿਆਜ ਰਾਸ਼ੀ ਪ੍ਰਾਪਤ ਕਰਨ ਦਾ ਅਧਿਕਾਰੀ ਨਹੀ ਹੁੰਦਾ।

ਉਦਾਹਰਣ – B ਦੁਆਰਾ C ਨੂੰ ਵੇਚੇ ਜਾਣ ਵਾਲੇ ਚਾਵਲਾਂ ਦੇ ਮੁੱਲ ਦਾ ਭਗਤਾਨ ਕਰਨ ਦੇ ਸਬੰਧ ਵਿੱਚ A ਨੇ 2,000 ਰੁਪੈ ਦੀ ਗਾਰੰਟੀ ਦਿੱਤੀ। ਪ੍ਰੰਤੂ B ਦੁਆਰਾ C ਨੂੰ 2,000 ਰਪੈ ਤੋ ਘੱਟ ਦਾ ਚਾਵਲ ਵੇਚਿਆ ਗਿਆ ਅਤੇ ਜਿਸ ਦੇ ਮੁੱਲ ਦੀ ਅਦਾਇਗੀ ਉਸ ਨੇ ਨਹੀਂ ਕੀਤੀ। B ਨੇ A ਨੂੰ 2,000 ਰਪਏ ਵਸੂਲ ਕਰ ਲਏ। ਅਜਿਹੀ ਹਾਲਤ ਵਿੱਚ A ਨੂੰ C ਤੋ ਕੇਵਲ ਖਰੀਦੇ ਗਏ ਚਾਵਲ ਦੇ ਮੁੱਲ ਦੇ ਬਰਾਬਰ ਦੀ ਰਕਮ ਹੀ ਪ੍ਰਾਪਤ ਕਰਨ ਦਾ ਅਧਿਕਾਰ ਹੋਵੇਗਾ।

3. **ਸਹਿ-ਜਾਮਨ ਦੇ ਵਿਰੁੱਧ ਅਧਿਕਾਰ- 1) ਜੇਕਰ** ਸਹਿ-ਜਾਮਨ ਵਿੱਚੋਂ ਕਿਸੇ ਇੱਕ ਨੇ ਮੂਲ ਕਰਜ਼ਦਾਰ ਦੁਆਰਾ ਕੀਤੇ ਗਏ ਕਰਜ਼ੇ ਦੇ ਭੁਗਤਾਨ, ਲੈਣਦਾਰ ਨੂੰ ਕਰਦਾ ਹੈ ਤਾਂ ਇਹ ਗੈਰ ਕਾਨੂੰਨੀ ਹੋਵੇਗਾ। ਅਜਿਹੀ ਹਾਲਤ ਵਿੱਚ ਕਰਜ਼ੇ ਦਾ ਭੁਗਤਾਨ ਕਰਨ ਵਾਲਾ ਗਾਰੰਟਰ ਦੂਜਿਆ ਤੋਂ ਬਰਾਬਰ ਦਾ ਹਿੱਸਾ ਪ੍ਰਾਪਤ ਕਰਨ ਦਾ ਹੱਕਦਾਰ ਹੋ ਜਾਂਦਾ ਹੈ।ਦੇਣਦਾਰੀ ਦੀ ਸਮਾਨਤਾ ਦੀ ਸਹਿਮਤੀ ਜ਼ਮਾਨਤੀ ਦਾ ਅਧਾਰ ਹੈ ਇਹ ਨਿਯਮ ਧਾਰਾ 146 ਵਿੱਚ ਦਿੱਤਾ ਗਿਆ ਹੈ। ਜਿਸ ਅਨੁਸਾਰ ਜੇਕਰ ਦੋ ਜਾਂ ਦੋ ਤੋ ਵੱਧ ਵਿਅਕਤੀਆਂ ਨੇ ਮਿਲ ਕੇ ਕੋਈ ਜਮਾਨਤ ਦਿੱਤੀ ਹੋਵੇ ਅਤੇ ਉਹਨਾਂ ਵਿੱਚੋਂ ਕੋਈ ਵੀ ਦੇਣਦਾਰੀ ਦਾ ਭੁਗਤਾਨ ਕਰਦਾ ਹੈ ਤਾਂ ਉਹ ਦੂਜਿਆਂ ਤੋਂ ਉਹਨਾਂ ਦੇ ਹਿੱਸੇ ਦਾ ਬਣਦਾ ਪੈਸਾ ਵਸੂਲਣ ਦਾ ਹੱਕਦਾਰ ਹੋਸ ਜਾਂਦਾ ਹੈ। ਜੇਕਰ ਹਰੇਕ ਜ਼ਮਾਨਤੀ ਦਾ ਹਿੱਸਾ ਪਹਿਲਾ ਨਿਰਧਾਰਤ ਨਾ ਕੀਤਾ ਹੋ ਗਿਆ ਹੋਵੇ ਤਾਂ ਹਰੇਕ ਦੀ ਦੇਣਦਾਰੀ ਬਰਾਬਰ ਦੀ ਬਣਦੀ ਹੈ।

ਉਦਾਹਰਣ – A ਨੇ B ਨੂੰ 3,000 ਰੁਪਏ ਦਾ ਕਰਜ਼ਾ ਦਿੱਤਾ। C, D ਅਤੇ E ਨੇ ਇਸ ਕਰਜ਼ੇ ਦੀ ਜ਼ਮਾਨਤ ਕ੍ਰਮਵਾਰ 25%, 50% ਅਤੇ 25% ਨਿਰਧਾਰਤ ਕੀਤੀ। ਇਸ ਤਰ੍ਹਾਂ ਇਸ ਕੇਸ ਵਿੱਚ C ਦੀ ਦੇਣਦਾਰੀ 750 ਰੁਪਏ D ਦੀ 1,500 ਅਤੇ E ਦੀ 750 ਬਣਦੀ ਹੈ।

2.2.7 ਜਾਮਨ ਦੀ ਮੁਕਤੀ (DISCHARGE OF SURETY)

ਜਦੋਂ ਇੱਕ ਜਾਮਨ ਦੀ ਦੇਣਦਾਰੀ ਖਤਮ ਹੋ ਜਾਂਦੀ ਹੈ ਉਦੋਂ ਉਹ ਆਪਣੀ ਜ਼ਿੰਮੇਵਾਰੀ ਤੋ ਮੁਕਤ ਹੋ ਜਾਂਦਾ ਹੈ ਇੱਕ ਜਾਮਨ ਹੇਠ ਲਿਖੀਆਂ ਹਾਲਤਾਂ ਵਿੱਚ ਆਪਣੀ ਜ਼ਿੰਮੇਵਾਰੀ ਤੋ ਮੁਕਤ ਹੋ ਜਾਂਦਾ ਹੈ –

1. ਚਾਲੂ ਜਮਾਨਤ ਦਾ ਖੰਡਨ (ਧਾਰਾ 130) – ਚਾਲੂ ਗਾਰੰਟੀ ਦੀ ਹਾਲਤ ਵਿੱਚ ਜਦੋਂ ਜਾਮਨ ਭਾਵੀ ਸੌਦਿਆਂ ਦੇ ਸਬੰਧ ਵਿਚ ਚਾਲੂ ਜਮਾਨਤ ਦਾ ਖੰਡਨ ਕਰ ਦਿੰਦਾ ਹੈ ਅਤੇ ਇਸ ਦੀ ਸੂਚਨਾਂ ਕਰਜ਼ਦਾਤਾ ਨੂੰ ਦੇ ਦਿੰਦਾ ਹੈ। ਭਾਵੀ ਸੌਦਿਆਂ ਦੇ ਸਬੰਧ ਵਿਚ ਉਹ ਆਪਣੀ ਜ਼ਿੰਮੇਵਾਰੀ ਤੋ ਮੁਕਤ ਹੋ ਜਾਂਦਾ ਹੈ। ਜਿਹੀ ਹਾਲਤ ਵਿੱਚ ਮੂਲ ਕਰਜਦਾਰ ਦੁਆਰਾ ਕੀਤੇ ਜਾਣ ਵਾਲੇ ਭਾਵੀਂ ਸੌਦਿਆਂ ਦੇ ਸਬੰਧ ਵਿਚ ਜਾਮਨ ਦੀ ਕੋਈ ਦੈਣਦਾਰੀ ਨਹੀ ਰਹਿੰਦੀ ਹੈ। ਦੂਜੇ ਸ਼ਬਦਾਂ ਵਿੱਚ ਚਾਲੂ ਜ਼ਮਾਨਤ ਦੇ ਖੰਡਨ ਦੀ ਸੂਚਨਾ ਕਰਜ਼ਦਾਤਾ ਨੂੰ ਦੇ ਦਿੰਦਾ ਹੈ ਤਾਂ ਉਸ ਦੇ ਪਿੱਛੋਂ ਜੇਕਰ ਮੂਲ ਕਰਜ਼ਦਾਰ ਕਰਜਦਾਤਾ ਤੋਂ ਕਰਜ਼ਾ ਲੈ ਲੈਂਦਾ ਹੈ ਤਾਂ ਉਸ ਸਬੰਧ ਵਿਚ ਜਾਮਨ ਦੀ ਕੋਈ ਦੇਣਦਾਰੀ ਨਹੀਂ ਰਹਿੰਦੀ। ਪ੍ਰੰਤੂ ਖੰਡਨ ਤੋਂ ਪਹਿਲਾ ਲਏ ਸਾਰੇ ਕਰਜ਼ਿਆਂ ਪ੍ਰਤੀ ਉਸ ਦੀ ਦੇਣਦਾਰੀ ਰਹਿੰਦੀ ਹੈ।

2. ਮੌਤ ਦਆਰਾ ਖੰਡਨ (ਧਾਰਾ 131)– ਕਿਸੇ ਵਿਰੋਧੀ ਮੁਆਇਦੇ ਦੀ ਅਣਹੋਂਦ ਵਿੱਚ ਜਾਮਨ ਦੀ ਮੌਤ ਹੋ ਜਾਣ ਤੇ ਭਾਵੀ ਵਿਵਹਾਰਾਂ ਦੇ ਸਬੰਧ ਵਿੱਚ ਜਾਮਨ ਦੀ ਦੇਣਦਾਰੀ ਸਮਾਪਤ ਹੋ ਜਾਂਦੀ ਹੈ ਪ੍ਰੰਤੂ ਉਸ ਦੀ ਮੌਤ ਤੋ ਪਹਿਲਾ ਵਾਲੇ ਵਿਵਹਾਰਾਂ ਪ੍ਰਤੀ ਉਸ ਦੇ ਕਾਨੂੰਨੀ ਵਾਰਸ ਅਤੇ ਉਸ ਦੀ ਨਿੱਜੀ ਜਾਇਦਾਦ ਦੋਵੇ ਹੀ ਪਾਬੰਦ ਹੁੰਦੇ ਹਨ ਇਹ ਜ਼ਰੂਰੀ ਨਹੀਂ ਹੁੰਦਾ ਹੈ ਕਿ ਜਾਮਨ ਦੀ ਮੌਤ ਦੀ ਸੂਚਨਾਂ ਕਰਜ਼ਦਾਤਾ ਨੂੰ ਦਿੱਤੀ ਜਾਵੇ। ਜਿਵੇਂ ਹੀ ਜਾਮਨ ਦੀ ਮੌਤ ਹੋ ਜਾਂਦੀ ਹੈ ਉਸ ਦੇ ਦੁਆਰਾ ਦਿੱਤੀ ਗਈ ਚਾਲੂ ਜ਼ਾਮਨਤ ਵੀ ਸਮਾਪਤ ਹੋ ਜਾਂਦੀ ਹੈ।

3. ਮੁਆਇਦੇ ਦੀਆਂ ਸ਼ਰਤਾਂ ਵਿੱਚ ਤਬਦੀਲੀ ਹੋਣ ਤੇ ਮੁਕਤੀ (ਧਾਰਾ 133) – ਇੱਕ ਮੂਲ ਕਰਜ਼ਦਾਰ ਅਤੇ ਕਰਜ਼ਦਾਤਾ ਜੇਕਰ ਜਾਮਨ ਦੀ ਸਹਿਮਤੀ ਤੋਂ ਬਗੈਰ ਮੁਆਇਦੇ ਦੀਆਂ ਸ਼ਰਤਾਂ ਵਿੱਚ ਕੋਈ ਤਬਦੀਲੀ ਕਰਦੇ ਹਨ ਤਾਂ ਅਜਿਹੀ ਵਿਵਹਾਰਾ ਪ੍ਰਤੀ ਜਿਨ੍ਹਾਂ ਤੇ ਤਬਦੀਲੀ ਦਾ ਅਸਰ ਹੋਵੇ ਜਾਮਨ ਆਪਣੀ ਦੇਣਦਾਰੀ ਤੋ ਮੁਕਤ ਹੋ ਜਾਂਦਾ ਹੈ। ਪ੍ਰੰਤੂ ਜੇਕਰ ਜ਼ਮਾਨਤ ਕਈ ਵੱਖ ਵੱਖ ਕੰਮਾਂ ਜਾਂ ਵੱਖ ਵੱਖ ਕਰਜ਼ਿਆ ਦੇ ਭੁਗਤਾਨ ਨਾਲ ਸਬੰਧਤ ਹੋਵੇ ਤਾਂ ਜਿਸ ਵੀ ਮੁਆਇਦੇ

ਦੀਆਂ ਸ਼ਰਤਾਂ ਵਿੱਚ ਤਬਦੀਲ ਹੋਈ ਹੋਵੇ ਕੇਵਲ ਉਸੇ ਮੁਆਇਦੇ ਨਾਲ ਸਬੰਧਤ ਜ਼ਮਾਨਤ ਪ੍ਰਤੀ ਜਾਮਨ ਦੀ ਦੇਣ ਦਾਰੀ ਸਮਾਪਤ ਹੁੰਦੀ ਹੈ ਨਾ ਕਿ ਦੂਜਿਆ ਮੁਆਇਦਿਆ ਸਬੰਧੀ। ਚਾਲੂ ਜ਼ਮਾਨਤ ਦੀ ਹਾਲਤ ਵਿੱਚ ਅਜਿਹੀ ਤਬਦੀਲੀ ਤੋਂ ਬਾਅਦ ਉਹ ਤਬਦੀਲੀ ਨਾਲ ਸਬੰਧਿਤ ਸਮਝੌਤੇ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋ ਮੁਕਤ ਹੋ ਜਾਵੇਗਾ।

ਜੇਕਰ ਜਾਮਨ ਦੀ ਸਹਿਮਤੀ ਦੇ ਬਗੈਰ ਜਮਾਨਤ ਦੇ ਮੁਆਇਦੇ ਦੀਆਂ ਸ਼ਰਤਾਂ ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਬੇਸ਼ੱਕ ਅਜਿਹੀ ਤਬਦੀਲੀ ਜਾਮਨ ਦੇ ਹੱਕ ਵਿੱਚ ਹੀ ਕਿਉਂ ਨਾ ਹੋਵੇ ਜਾਮਨ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੋ ਮੁਕਤ ਕਰ ਦਿੰਦੀ ਹੈ ਪ੍ਰੰਤੂ ਜੇਕਰ ਜਾਮਨ ਕਿਸੇ ਤਬਦੀਲੀ ਦੇ ਬਾਰੇ ਆਪਣੀ ਸਹਿਮਤੀ ਦੇ ਦੇਂਦਾ ਹੈ ਤਾਂ ਉਹ ਆਪਣੀ ਦੇਣਦਾਰੀ ਤੋ ਮੁਕਤ ਨਹੀ ਹੋ ਸਕਦਾ ਹੈ। ਇਹ ਸਿੱਧ ਕਰਨ ਦਾ ਭਾਰ ਕਰਜ਼ਦਾਤਾ ਤੇ ਹੋਵੇਗਾ ਕਿ ਜਾਮਨ ਨੇ ਮੁਆਇਦੇ ਦੀਆਂ ਸ਼ਰਤਾਂ ਵਿੱਚ ਤਬਦੀਲੀ ਕਰਨ ਬਾਰੇ ਆਪਣੀ ਸਹਿਮਤੀ ਦੇ ਦਿੱਤੀ ਹੈ।

ਉਦਾਹਰਨ – A ਨੇ B ਨੂੰ 1 ਮਾਰਚ 1994 ਨੂੰ 5,000 ਰੁਪਏ ਦੇਣ ਦਾ ਵਚਨ ਦਿੱਤਾ। C ਭੁਗਤਾਨ ਦੀ ਗਾਰੰਟੀ ਦਿੰਦਾ ਹੈ। A ਇੱਕ ਮਾਰਚ ਨੂੰ ਹੀ B ਨੂੰ ਨਿਰਧਾਰਤ ਰਕਮ ਦੇ ਦੇਂਦਾ ਹੈ ਇੰਝ C ਆਪਣੀ ਦੇਣਦਾਰੀ ਤੋ ਮੁਕਤ ਹੋ ਜਾਂਦਾ ਹੈ ਕਿਉਂਕਿ ਮੁਆਇਦਾ ਬਦਲ ਜਾਣ ਕਾਰਨ A ਉਸ ਰਕਮ ਲਈ B ਉਤੇ 1 ਮਾਰਚ 1994 ਤੋਂ ਪਹਿਲਾ ਵੀ ਕੇਸ ਕਰ ਸਕਦਾ ਹੈ

4. ਮੂਲ ਕਰਜ਼ਦਾਰ ਨੂੰ ਛੁਟਕਾਰਾ ਜਾਂ ਮੁਕਤੀ ਦੇਣ ਤੇ (ਧਾਰਾ 134) (i) ਜੇਕਰ ਕਰਜ਼ਦਾਤਾ, ਮੂਲ ਕਰਜ਼ਦਾਰ ਦੇ ਨਾਲ ਕੋਈ ਅਜਿਹਾ ਮੁਆਇਦਾ ਕਰਦਾ ਹੈ ਜਿਸ ਦੇ ਅਧਾਰ ਤੇ ਮੂਲ ਕਰਜ਼ਦਾਰ ਆਪਣੀ ਜ਼ਿੰਮੇਵਾਰੀ ਦੀ ਪਾਲਣਾ ਤੋਂ ਮੁਕਤ ਹੋ ਜਾਦਾ ਹੈ ਤਾਂ ਜਾਮਨ ਵੀ ਮੁਕਤ ਹੋ ਜਾਂਦਾ ਹੈ। ਮੂਲ ਕਰਜ਼ਦਾਰ ਨੂੰ ਮੁਕਤ ਕਰਨ ਦਾ ਅਰਥ ਹੈ ਜਾਮਨਤੀ ਨੂੰ ਵੀ ਦੇਣਦਾਰੀ ਤੋਂ ਮੁਕਤ ਕਰਨਾ ਹੈ।ਪ੍ਰੰਤੂ ਜੇਕਰ ਮੂਲ ਕਰਜ਼ਦਾਰ ਦਿਵਾਲਿਆ ਹੋ ਜਾਵੇ ਅਤੇ ਦਿਵਾਲਿਆ ਅਧਿਨਿਯਮ ਦੇ ਅਧੀਨ ਦੇਣਦਾਰੀ ਦੀ ਪਾਲਣਾ ਤੋਂ ਮੁਕਤੀ ਦਿੱਤੀ ਗਈ ਹੋਵੇ ਤਾਂ ਅਜਿਹੀ ਹਾਲਤ ਵਿੱਚ ਜਾਮਨ ਨੂੰ ਮੁਕਤ ਨਹੀਂ ਕੀਤਾ ਜਾਂਦਾ । ਸਧਾਰਨ ਸ਼ਬਦਾ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਜੇਕਰ ਕਿਸੇ ਅਧਿਨਿਯਮ ਦੇ ਪ੍ਰਭਾਵ ਕਾਰਨ ਮੂਲ ਕਰਜ਼ਦਾਰ ਆਪਣੀ ਦੇਣਦਾਰੀ ਤੋ ਮੁਕਤ ਹੋ ਜਾਣ ਤੇ ਵੀ ਜਾਮਨ ਦੀ ਦੇਣਦਾਰੀ ਖਤਮ ਨਹੀ ਹੋ ਸਕਦੀ।

(ii) ਇਸੇ ਤਰ੍ਹਾਂ ਜਦੋਂ ਕਰਜਦਾਤਾ ਕੋਈ ਅਜਿਹਾ ਕੰਮ ਜਾਂ ਭੁੱਲ ਕਰੇ ਜਿਸ ਦੇ ਕਾਨੂੰਨੀ ਅਸਰ ਕਾਰਨ ਮੂਲ ਕਰਜ਼ਦਾਰ ਨੂੰ ਉਸ ਦੀ ਦੇਣਦਾਰੀ ਤੋ ਮੁਕਤੀ ਮਿਲ ਜਾਵੇ ਤਾਂ ਜਾਮਨ ਵੀ ਆਪਣੀ ਦੇਣਦਾਰੀ ਤੋ ਮੁਕਤ ਹੋ ਜਾਵੇਗਾ।

5. ਸਮਝੌਤਾ ਹੋਣ ਤੇ ਜਾਂ ਵੱਧ ਸਮਾਂ ਦੇਣ ਤੇ ਜਾਂ ਕੇਸ ਨਾ ਕਰਨ ਦਾ ਵਚਨ ਦੇਣ ਤੇ ਜਾਮਨ ਦੀ ਮੁਕਤੀ (ਧਾਰਾ 135) – ਇਹ ਧਾਰਾ ਜਾਮਨ ਨੂੰ ਆਪਣੀ ਜ਼ਿੰਮੇਵਾਰੀ ਤੋ ਮੁਕਤ ਹੋਣ ਲਈ ਤਿੰਨ ਤਰੀਕਿਆ ਦਾ ਵਰਣਨ ਕਰਦੀ ਹੈ – (i) ਮੂਲ ਕਰਜ਼ਦਾਰ ਨਾਲ ਸਮਝੌਤਾ ਕਰਨ ਤੇ,

(ii) ਵੱਧ ਸਮਾਂ ਦੇਣ ਦਾ ਵਚਨ ਦੇਣ ਤੇ, (iii) ਕੇਸ ਨਾ ਕਰਨ ਦਾ ਵਚਨ ਦੇਣ ਤੇ,

1) ਮੂਲ ਕਰਜ਼ਦਾਰ ਨਾਲ ਸਮਝੌਤਾ ਕਰਨ ਨਾਲ– ਕਰਜ਼ਦਾਤਾ ਜੇਕਰ ਜਾਮਨ ਦੀ ਸਹਿਮਤੀ ਤੋ ਬਗੈਰ ਮੁਆਇਦੇ ਦੇ ਅਧਾਰ ਤੇ ਮੂਲ ਕਰਜ਼ਦਾਰ ਦੇ ਨਾਲ ਸਮਝੌਤੇ ਕਰ ਲੈਂਦਾ ਹੈ ਤਾਂ ਜਾਮਨ ਆਪਣੀ ਜ਼ਿੰਮੇਵਾਰੀ ਤੋ ਮੁਕਤ ਹੋ ਜਾਂਦਾ ਹੈ ਇਸ ਤਰ੍ਹਾਂ ਜੇਕਰ ਕਰਜਦਾਤਾ ਪੂਰੀ ਸੰਤੁਸ਼ਟੀ ਦੇ ਬਦਲੇ ਵਿੱਚ ਘੱਟ ਰਕਮ ਲੈਣ ਲਈ ਸਹਿਮਤੀ ਹੋ ਗਿਆ ਹੋਵੇ ਜਾਂ ਉਸਨੇ ਅਜਿਹਾ ਵਚਨ ਦੇ ਦਿੱਤਾ ਹੋਵੇ ਜਾਂ ਜਮਾਨਤੀ ਆਪਣੀ ਜ਼ਿੰਮੇਵਾਰੀ ਤੋ ਮੁਕਤ ਹੋ ਜਾਦਾ ਹੈ ਪਰੰਤੂ ਜੇਕਰ ਜਾਮਨ ਨੇ ਅਜਿਹੇ ਸਮਝੌਤੇ ਵਿੱਚ ਆਪਣੀ ਸਹਿਮਤੀ ਦੇ ਦਿੱਤੀ ਹੋਵੇ ਤਾਂ ਉਹ ਆਪਣੀ ਜ਼ਿੰਮੇਵਾਰੀ ਤੋ ਮੁਕਤ ਨਹੀਂ ਹੁੰਦਾ ਹੈ।

2. **ਵੱਧ ਸਮਾਂ ਦੇਣ ਦਾ ਵਚਨ ਦੇਣ ਤੇ –** ਕਰਜ਼ਦਾਤਾ ਅਤੇ ਕਰਜ਼ਦਾਰ ਵਿਚਕਾਰ ਭੁਗਤਾਨ ਕਰਨ ਦੇ ਸਬੰਧ ਵਿਚ ਵੱਧ ਸਮਾਂ ਦੇਣ ਸਬੰਧੀ ਜੇਕਰ ਕੋਈ ਸਮਝੌਤਾ ਹੋ ਜਾਵੇ ਤਾਂ ਜਾਮਾਂਨਤੀ ਆਪਣੀ ਦੇਣਦਾਰੀ ਤੋਂ ਮੁਕਤ ਹੋ ਜਾਂਦਾ ਹੈ। ਜਦੋਂ ਜਾਮਨ ਕਰਜ਼ਦਾਤਾ ਦੁਆਰਾ ਮੂਲ ਕਰਜ਼ਦਾਰ ਨੂੰ ਕਰਜ਼ੇ ਦੇ ਭੁਗਤਾਨ ਲਈ ਵੱਧ ਸਮਾਂ ਦੇਣ ਲਈ ਸਹਿਮਤੀ ਹੋ ਜਾਂਦਾ ਹੈ ਤਾਂ ਉਹ ਆਪਣੀ ਦੇਣਦਾਰੀ ਦੇ ਪਾਲਣ ਤੋਂ ਮੁਕਤ ਨਹੀ ਹੋ ਸਕਦਾ ।

3. **ਕੇਸ ਨਾ ਕਰਨ ਦਾ ਵਚਨ ਦੇਣ ਤੇ –** ਜੇਕਰ ਜਾਮਨ ਮਿਆਦ ਪੂਰੀ ਜਾਣ ਉਪਰੰਤ ਬਾਦ ਕਰਜਦਾਤਾ ਨੂੰ ਇਹ ਅਧਿਕਾਰ ਹੈ ਕਿ ਉਹ ਤਰੰਤ ਕਰਜ਼ੇ ਦੇ ਭੁਗਤਾਨ ਲਈ ਮੂਲ ਕਰਜ਼ਦਾਰ ਦੇ ਵਿਰੁੱਧ ਜ਼ਰੂਰੀ ਅਤੇ ਯੋਗ ਕਾਰਵਾਈ ਕਰੇ, ਪਰੰਤੂ ਜੇਕਰ ਕਰਜ਼ਦਾਤਾ ਮੂਲ ਕਰਜ਼ਦਾਰ ਨੂੰ ਉਸ ਦੇ ਵਿਰੁੱਧ ਕਰਜ਼ੇ ਦੇ ਭੁਗਤਾਨ ਸਬੰਧੀ ਕੇਸ ਨਾ ਕਰਨ ਦਾ ਵਾਅਦਾ

ਕਰਦਾ ਹੈ ਤਾਂ ਜਾਮਨ ਆਪਣੀ ਜਿੰਮੇਵਾਰੀ ਤੋ ਮੁਕਤ ਹੋ ਜਾਂਦਾ ਹੈ। ਪ੍ਰੰਤੂ ਉਸ ਦੇ ਸਹਿਮਤ ਹੋਣ ਨਾਲ ਉਹ ਆਪਣੀ ਦੇਣ ਦਾਰੀ ਤੋ ਮੁਕਤ ਨਹੀ ਸਕਦਾ ਹੈ

ਧਾਰਾ 135 ਵਿੱਚ ਦਿੱਤੇ ਤਿੰਨ ਨਿਯਮਾਂ ਦੀਆਂ ਤਿੰਨਾਂ ਛੋਟਾਂ ਦਾ ਵਰਣਨ, ਧਾਰਾ 136, 137, ਅਤੇ 138 ਵਿੱਚ ਕੀਤਾ ਗਿਆ ਹੈ –

1. ਧਾਰਾ 136 ਅਨੁਸਾਰ ਜਦੋਂ ਕਰਜ਼ਦਾਤਾ ਮੂਲ ਕਰਜ਼ਦਾਰ ਨੂੰ ਵੱਧ ਸਮਾਂ ਦੇਣ ਦਾ ਮੁਆਇਦਾ ਮੂਲ ਕਰਜ਼ਦਾਰ ਨਾਲ ਨਾ ਕਰੇ, ਬਲਕਿ ਕਿਸੇ ਤੀਜੀ ਧਿਰ ਨਾਲ ਕਰਦਾ ਹੈ ਤਾਂ ਜਾਮਨ ਆਪਣੀ ਦੇਣਦਾਰੀ ਤੋ ਮੁਕਤ ਨਹੀ ਹੁੰਦਾ।

2. ਧਾਰਾ 137 ਦੇ ਅਨੁਸਾਰ ਕਰਜ਼ੇ ਦੀ ਮਿਆਦ ਪੁੱਗ ਜਾਣ ਤੇ ਵੀ ਕਰਜ਼ਦਾਤਾ ਮੂਲ ਕਰਜ਼ਦਾਰ ਦੇ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀ ਕਰਦਾ ਤਾਂ ਇਸ ਦੇ ਉਲਟ ਮੁਆਇਦੇ ਦੀ ਅਣਹੋਂਦ ਦੀ ਹਾਲਤ ਵਿੱਚ ਜਾਮਨ ਆਪਣੀ ਦੇਣਦਾਰੀ ਤੋ ਮੁਕਤ ਹੋ ਜਾਏਗਾ ਤਾਂ ਅਜਿਹੀ ਸਥਿਤੀ ਵਿੱਚ ਇਹ ਨਿਯਮ ਲਾਗੂ ਨਹੀ ਹੁੰਦਾ, ਭਾਵ ਜਾਮਨ ਆਪਣੇ ਫ਼ਰਜ ਤੋ ਮੁਕਤ ਹੋ ਜਾਏਗਾ।

3. ਧਾਰਾ 138 ਦੇ ਅਨੁਸਾਰ ਜੇਕਰ ਕਿਸੇ ਕਰਜ਼ੇ ਦੇ ਕਈ ਸਹਿ ਜਾਮਨ ਹੋਣ ਅਤੇ ਕਰਜ਼ਦਾਤਾ ਉਹਨਾਂ ਵਿਚੋਂ ਕਿਸੇ ਇੱਕ ਨੂੰ ਮੁਕਤ ਕਰ ਦਿੰਦਾ ਹੈ ਤਾਂ ਬਾਕੀ ਦੇ ਜਾਮਨ ਆਪਣੀ ਦੇਣ ਦਾਰੀ ਤੋਂ ਮੁਕਤ ਨਹੀਂ ਹੋਣਗੇ

6. ਕਰਜ਼ਦਾਤਾ ਦੁਆਰਾ ਕਿਸੇ ਅਜਿਹੇ ਕੰਮ ਜਾਂ ਭੁੱਲ ਦਾ ਕਰਨਾਂ ਜਿਸ ਦੇ ਕਾਰਨ ਜਾਮਨ ਦੇ ਅਧਿਕਾਰ ਘੱਟ ਜਾਂਦੇ ਹੋਣ – ਜਦੋਂ ਕਰਜ਼ਦਾਤਾ ਜਾਮਨ ਦੇ ਅਧਿਕਾਰਾਂ ਦੇ ਵਿਰੁੱਧ ਕੋਈ ਕੰਮ ਕਰਦਾ ਹੈ ਜਾਂ ਕੋਈ ਅਜਿਹੀ ਗਲਤੀ ਕਰਦਾ ਹੈ ਜਿਸ ਨਾਲ ਜਾਮਨ ਦੇ ਅਧਿਕਾਰਾਂ ਵਿੱਚ ਕਮੀ ਆਉਂਦੀ ਹੋਵੇ ਤਾਂ ਅਜਿਹੀ ਹਾਲਤ ਵਿੱਚ ਜਾਮਨ ਆਪਣੀ ਦੇਣਦਾਰੀ ਤੋਂ ਮੁਕਤ ਹੋ ਜਾਂਦਾ ਹੈ। ਕਰਜ਼ਦਾਤਾ ਦਾ ਇਹ ਫਰਜ ਹੈ ਕਿ ਉਹ ਅਜਿਹਾ ਕੋਈ ਵੀ ਕੰਮ ਨਾ ਕਰੇ ਜੋ ਜਾਮਨ ਦੇ ਅਧਿਕਾਰਾਂ ਦਾ ਵਿਰੋਧੀ ਹੋਵੇ। ਇਸ ਤਰ੍ਹਾਂ ਜਦੋਂ ਕਰਜ਼ਦਾਤਾ ਦਾ ਇਹ ਫਰਜ ਬਣ ਜਾਂਦਾ ਹੈ ਕਿ ਉਹ ਵਿਰੋਧੀ ਹੋਵੇ। ਇਸ ਤਰ੍ਹਾਂ ਜਦੋ ਕਰਜ਼ਦਾਤਾ ਦਾ ਇਹ ਫਰ਼ਜ ਬਣ ਜਾਂਦਾ ਹੈ ਕਿ ਉਹ ਮੂਲ ਕਰਜ਼ਦਾਰ ਦੁਆਰਾ ਜਮਾਂ ਕਰਵਾਈਆਂ ਸਕਿਉਰਟੀਆਂ (ਜਮਾਨਤਾ) ਨੂੰ ਸੁਰੱਖਿਅਤ ਰੱਖੇ ਅਤੇ ਉਹਨਾਂ ਜਮਾਨਤਾ ਨੂੰ ਕਿਸੇ ਹੋਰ ਵਿਅਕਤੀ ਨੂੰ ਨਾ ਦੇਵੇ ਅਤੇ ਨਾ ਹੀ ਉਹਨਾਂ ਨੂੰ ਆਪਣੇ ਤੋਂ ਕਿਸੇ ਤਰ੍ਹਾਂ ਅਲੱਗ ਕਰੇ। ਅਜਿਹਾ ਕਰਨ ਤੇ ਉਹਨਾਂ ਦੇ ਮੁੱਲ ਤੱਕ ਜਾਮਨ ਦਾ ਫ਼ਰਜ ਘੱਟ ਜਾਂਦਾ ਹੈ।

7. **ਕਰਜ਼ਦਾਤਾ ਦੁਆਰਾ ਸਕਿਉਰਟੀਆਂ ਗੁੰਮ ਹੋ ਜਾਣ ਤੇ – ਜਦੋਂ** ਕਰਜ਼ਦਾਤਾ ਬਗੈਰ ਜਾਮਨ ਦੀ ਸਹਿਮਤੀ ਦੇ ਮੂਲ ਕਰਜ਼ਦਾਰ ਦੁਆਰਾ ਜਮਾਂ ਕਰਵਾਈਆਂ ਸਕਿਉਰਟੀਆ ਨੂੰ ਕਰਜ਼ਾ ਦੇਣ ਸਮੇਂ ਜਾਂ ਮੁਆਇਦਾ ਕਰਨ ਸਮੇ ਹੀ ਉਸ ਨੂੰ ਵਾਪਸ ਕਰ ਦਿੰਦਾ ਹੈ ਤਾਂ ਜਮਾਨਤੀ ਉਹਨਾਂ ਦੇ ਮੁੱਲ ਦੇ ਬਰਾਬਰ ਆਪਣੀ ਦੇਣਦਾਰੀ ਤੋ ਮੁਕਤ ਹੋ ਜਾਂਦਾ ਹੈ।

ਉਦਾਹਰਨ – ਓ ਨੇ ਅ ਦੇ ਜਮਾਨਤੀ ਦੇ ਰੂਪ ਵਿੱਚ ਅ ਅਤੇ ੲ ਨਾਲ ਇੱਕ ਬਾਂਡ ਲਿਖਿਆ ਜਿਸ ਵਿੱਚ ਅ ਨੇ ੲ ਤੋ ਕਰਜ਼ਾ ਲੈਣਾ ਸੀ। ਬਾਦ ਵਿੱਚ ੲ ਨੇ ਅ ਤੋਂ ਉਸ ਕਰਜ਼ੇ ਲਈ ਹੋਰ ਜਮਾਨਤ ਪ੍ਰਾਪਤ ਕਰ ਲਈ ਅਤੇ ਬਾਅਦ ਵਿੱਚ ੲ ਨੇ ਉਹ ਜਮਾਨਤ ਛੱਡ ਦਿੱਤੀ, ਇਸ ਤਰ੍ਹਾਂ ਓ ਦੀ ਜਮਾਨਤ ਸਮਾਪਤ ਨਹੀਂ ਹੋ ਸਕਦੀ।

8. ਤੱਥ **ਛੁਪਾਉਣ ਜਾਂ ਗਲਤ ਵਰਣਨ ਕਰਨ ਤੇ (ਧਾਰਾ 142 ਅਤੇ 143) –** ਜਦੋ ਕਰਜ਼ਦਾਤਾ ਰਾਹੀ ਜਾਂ ਉਸ ਦੀ ਜਾਣਕਾਰੀ ਜਾਂ ਸਹਿਮਤੀ ਰਾਹੀ ਕਿਸੇ ਮਹੱਤਵ ਪੂਰਨ ਹਿਸੇ ਦੇ ਸਬੰਧ ਵਿਚ ਚੁੱਪ ਰਹਿ ਕੇ ਜਾਂ ਗਲਤ ਬਿਆਨੀ ਰਾਹੀ ਜਮਾਨਤ ਪ੍ਰਾਪਤ ਕੀਤੀ ਜਾਂਦੀ ਹੈ ਤਾਂ ਜਮਾਨਤ ਵਿਅਰਥ ਹੋਵੇਗੀ। ਜੇਕਰ ਮਆਇਦੇ ਸਬੰਧੀ ਤੱਥ ਤੋੜ-ਮਰੋੜ ਕੇ ਪੇਸ਼ ਕੀਤੇ ਗਏ ਹੋਣ ਅਤੇ ਜਾਮਨ ਦੀ ਜਿੰਮੇਵਾਰੀ ਵੀ ਖਤਮ ਹੋ ਜਾਂਦੀ ਹੈ। ਪ੍ਰੰਤੂ ਜੇਕਰ ਗਲਤ ਬਿਆਨੀ ਜਾਂ ਤੱਥਾਂ ਛੁਪਾਉਣ ਦੀ ਜਾਣਕਾਰੀ ਕਰਜ਼ਦਾਤਾ ਜਾਂ ਕਰਜ਼ਦਾਰ ਨੂੰ ਨਹੀਂ ਹੈ ਤਾਂ ਧਾਰਾ 142 ਅਤੇ 143 ਲਾਗੂ ਨਹੀਂ ਹੁੰਦੀ।

ਉਦਾਹਰਣ – ਓ ਨੇ ਅ ਨੂੰ ਆਪਣੇ ਕਰਜ਼ਿਆਂ ਦੀ ਰਕਮ ਵਸੂਲਣ ਲਈ ਨੌਕਰ ਰੱਖ ਲਿਆ, ਅ ਨੇ ਕੁਝ ਵਸੂਲੀਆਂ ਦਾ ਹਿਸਾਬ ਨਾ ਦਿੱਤਾ, ਜਿਸ ਤੇ ਓ ਨੇ ਉਸ ਤੋਂ ਜਮਾਨਤੀ ਦੀ ਮੰਗ ਕੀਤੀ ੲ ਨੇ ਅ ਦੀ ਜਾਮਨੀ ਦੇ ਦਿੱਤੀ, ਜਦੋ ਕਿ ੲ ਨੂੰ ਅ ਦੀਆਂ ਪਹਿਲੀਆਂ ਗਲਤੀਆਂ ਦਾ ਪਤਾ ਨਹੀਂ ਸੀ, ਅ ਨੇ ਫਿਰ ਦੁਬਾਰਾ ਹੇਰਾਫੇਰੀ ਕੀਤੀ। ਇਹ ਗਰੰਟੀ ਜਾਇਜ਼ ਨਹੀਂ ਮੰਨੀ ਗਈ।

9. ਕਿਸੇ ਵਿਅਕਤੀ ਦੇ ਅਸਫਲ ਹੋਣ ਜਾਂ ਜਮਾਨਤੀ ਦਾ ਸਾਥ ਨਾ ਦੇਣ ਤੇ (ਧਾਰਾ 144) – ਜਦੋਂ ਕੋਈ ਵਿਅਕਤੀ ਕਰਜ਼ਦਾਤਾ ਨੂੰ ਜਮਾਨਤ ਦੇਣ ਸਮੇਂ ਇਹ ਸ਼ਰਤ ਲਗਾ ਦਿੰਦਾ ਹੈ ਕਿ ਉਸ ਦੀ ਜਮਾਨਤ ਤਾਂ ਹੀ ਮੰਨੀ ਜਾਏਗੀ ਜਦੋਂ ਕੋਈ

ਦੂਜਾ ਵਿਅਕਤੀ ਵੀ ਉਸ ਨਾਲ ਸਹਿ-ਜਾਮਨ ਬਣਨਾ ਸਵਿਕਾਰ ਕਰ ਲਵੇ, ਅਤੇ ਜੇਕਰ ਕੋਈ ਉਸ ਦਾ ਸਹਿ ਜਾਮਨ ਬਣਨ ਲਈ ਤਿਆਰ ਨਾ ਹੋਇਆ ਤਾਂ ਉਸ ਦੀ ਜਮਾਨਤ ਵੀ ਜਾਇਜ਼ ਨਹੀਂ ਮੰਨੀ ਜਾਵੇਗੀ ਅਤੇ ਉਹ ਆਪਣੇ ਜਾਮਨ ਦੇ ਰੂਪ ਵਿੱਚ ਦੇਣਦਾਰੀਆਂ ਤੋਂ ਮੁਕਤ ਹੋ ਜਾਵੇਗਾ।

ਉਦਾਹਰਣ - ਇੱਕ ਪ੍ਰਤੀਵਾਦੀ ਨੇ ਇੱਕ ਗਰੰਟੀ ਦਿੱਤੀ ਜਿਸ ਤੋਂ ਇਹ ਸ੍ਪਸ਼੍ਟ ਹੁੰਦਾ ਸੀ ਕਿ ਇਹ ਗਾਰੰਟੀ ਤਿੰਨ ਵਿਅਕਤੀਆਂ ਨਾਲ ਸਹਿ ਗਾਰੰਟੀ ਦੇ ਰੂਪ ਵਿੱਚ ਹੈ ਇਨ੍ਹਾਂ ਜਮਾਨਤੀਆਂ ਵਿੱਚੋ ਇੱਕ ਨੇ ਹਸਤਾਖਰ ਨਾ ਕੀਤੇ।ਇਸ ਤਰ੍ਹਾਂ ਬੈਕ ਅਤੇ ਸਹਿ ਗਾਰੰਟਰਾਂ ਵਿਚਕਾਰ ਕੋਈ ਸਮਝੌਤਾ ਨਾ ਹੋ ਸਕਿਆ, ਅਤੇ ਬਾਕੀ ਜਮਾਨਤੀਆਂ ਨੂੰ ਹਸਤਾਖਰ ਕਰਨ ਕਰਕੇ ਜ਼ਿੰਮੇਵਾਰ ਨਹੀ ਬਣਾਇਆ ਜਾ ਸਕਦਾ।

ਪਾਠ ਨੰ. 2.3 **ਲੇਖਿਕਾ : ਰਾਜਵਿੰਦਰ ਕੌਰ**

ਨਿਖੇਪ ਅਤੇ ਗਿਰਵੀ
(Bailment and Pledge)

2.3.1 ਉਦੇਸ਼ (Objectives)
2.3.2 ਭੂਮੀਕਾ (Introduction)
2.3.3 ਪਰਿਭਾਸ਼ਾ (Definition)
2.3.4 ਲੱਛਣ (Essential or Characteristics)
2.3.5 ਨਿਖੇਪ ਦੀਆਂ ਕਿਸਮਾਂ (Kinds of Bailment)
2.3.6 ਨਿਖੇਪੀ ਦੇ ਅਧਿਕਾਰ (Rights of Bailor)
2.3.7 ਨਿਖੇਪ ਗ੍ਰਹਿਣ ਕਰਤਾ ਅਤੇ ਨਿਖੇਪੀ ਦੇ ਫਰਜ (Duties of Bailee and Bailor)
2.3.8 ਮਾਲ ਪਾਉਣ ਵਾਲਾ ਵਿਅਕਤੀ (Finder of lost goods)
2.3.9 ਮਾਲ ਪਾਉਣ ਵਾਲੇ ਵਿਅਕਤੀ ਦੇ ਅਧਿਕਾਰ (Rights of finder of Goods)
2.3.10 ਨਿਖੇਪ ਦੀ ਸਮਾਪਤੀ (Termination of Bailment)

2.3.1 ਉਦੇਸ਼ (Objective)
ਭਾਰਤੀ ਮੁਆਇਦਾ ਅਧਿਨਿਯਮ ਦੇ ਅਧਿਆਏ ਦੀ ਧਾਰਾਂਵਾਂ 148 ਤੋਂ 181 ਤੱਕ ਨਿਖੇਪ ਨਾਲ ਸਬੰਧਤ ਹਨ। ਅਧਿਨਿਯਮ ਦੇ ਇਸ ਹਿੱਸੇ ਵਿੱਚ ਨਿਖੇਪ ਦੇ ਆਮ ਸਿਧਾਂਤ ਅਤੇ ਇਸਦੀਆਂ ਕੁਝ ਵਿਸ਼ੇਸ਼ ਕਿਸਮਾਂ ਜਿਵੇਂ ਕਿ ਗਿਰਵੀ, ਮੁਰੰਮਤ ਜਾਂ ਗੁੰਮ ਹੋਏ ਸਮਾਨ ਨੂੰ ਲੱਭਣ ਜਾਂ ਪ੍ਰਾਪਤ ਕਰਨ ਵਾਲੇ ਵਿਅਕਤੀ ਨਾਲ ਸਬੰਧਤ ਵਿਸ਼ੇਸ਼ ਸਿਧਾਂਤਾਂ ਦੀ ਵਿਆਖਿਆ ਕੀਤੀ ਗਈ ਹੈ। ਬਾਕੀ ਦੇ ਨਿਯਮਾਂ ਦਾ ਵਰਣਨ ਹੋਰ ਅਧਿਨਿਯਮਾਂ ਵਿੱਚ ਕੀਤਾ ਗਿਆ ਹੈ। ਜਿਵੇਂ ਕਿ ਆਵਾਜਾਈ ਅਧੀਨਿਯਮ, ਰੇਲਵੇ ਅਧੀਨਿਯਮ ਆਦਿ।

2.3.2 ਭੂਮਿਕਾ (Intoduction)
ਸਮਾਜ ਵਿੱਚ ਰਹਿੰਦੇ ਹੋਏ ਇੱਕ ਵਿਅਕਤੀ ਨੂੰ ਕਈ ਸਥਿਤੀਆਂ ਵਿੱਚ ਅਜਿਹੀਆਂ ਵਸਤਾਂ ਜਿਸਦੀ ਮਾਲਕੀ ਉਸ ਪਾਸ ਹੈ, ਉਸ ਨੂੰ ਕੁਝ ਸਮੇਂ ਲਈ ਵਿਸ਼ੇਸ਼ ਉਦੇਸ਼ ਨਾਲ ਦੂਜੇ ਵਿਅਕਤੀ ਦੇ ਕਬਜੇ ਵਿੱਚ ਦੇਣਾ ਹੁੰਦਾ ਹੈ। ਪੜ੍ਹਨ ਲਈ ਪੁਸਤਕਾਂ ਦੇਣਾ, ਮੁਰੰਮਤ ਲਈ ਸਾਈਕਲ ਜਾਂ ਕਾਰ ਦੇਣਾ, ਸੁਨਿਆਰੇ ਨੂੰ ਗਹਿਣੇ ਬਣਾਉਣ ਲਈ ਸੋਨਾ ਦੇਣਾ, ਦਰਜੀ ਨੂੰ ਸਿਲਾਈ ਲਈ ਕੱਪੜਾ ਦੇਣਾ, ਮੋਚੀ ਨੂੰ ਮੁਰੰਮਤ ਲਈ ਜੁੱਤੇ ਦੇਣਾ, ਧੋਬੀ ਨੂੰ ਧੁਲਾਈ ਲਈ ਕੱਪੜੇ ਦੇਣਾ ਆਦਿ ਅਜਿਹੇ ਵਿਵਹਾਰਾਂ ਦੀਆਂ ਉਦਾਹਰਣਾਂ ਹਨ, ਜਿਨ੍ਹਾਂ ਵਿੱਚ ਮਾਲਕੀ ਤਾਂ ਵਸਤਾਂ ਪ੍ਰਦਾਨ ਕਰਨ ਵਾਲਿਆਂ ਦੀ ਹੀ ਰਹਿੰਦੀ ਹੈ, ਪਰੰਤੂ ਕੁਝ ਸਮੇਂ ਲਈ ਵਿਸ਼ੇਸ਼ ਮੰਤਵ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਕਬਜਾ ਦੂਜੇ ਵਿਅਕਤੀ ਦਾ ਰਹਿੰਦਾ ਹੈ। ਇਸ ਪ੍ਰਕਾਰ ਦੇ ਵਿਵਹਾਰਾਂ ਨੂੰ ਵਿਸ਼ੇਸ਼ ਪ੍ਰਕਾਰ ਦੇ ਮੁਆਇਦਿਆਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਨਿਖੇਪ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

2.3.3 ਪਰਿਭਾਸ਼ਾ (Definition)

"ਜਦੋਂ ਇੱਕ ਵਿਅਕਤੀ ਕਿਸੇ ਦੂਜੇ ਵਿਅਕਤੀ ਨੂੰ ਕਿਸੇ ਵਿਸ਼ੇਸ਼ ਮੰਤਵ ਲਈ ਇਸ ਮੁਆਇਦੇ ਤੇ ਮਾਲ ਸਪੁਰਦ ਕਰਦਾ ਹੈ ਕਿ ਉਸ ਮੰਤਵ ਦੇ ਪੂਰਾ ਹੋ ਜਾਣ ਤੇ ਮਾਲ ਸਪੁਰਦਗੀ ਕਰਨ ਵਾਲੇ ਵਿਅਕਤੀ ਨੂੰ ਵਾਪਸ ਕਰ ਦਿੱਤਾ ਜਾਵੇਗਾ ਜਾਂ ਉਸਦੇ ਆਦੇਸ਼ ਅਨੁਸਾਰ ਉਸਦੀ ਵਿਵਸਥਾ ਕਰ ਦਿੱਤੀ ਜਾਵੇਗੀ, ਤਾਂ ਮਾਲ ਦੀ ਅਜਿਹੀ ਸਪੁਰਦਗੀ ਨੂੰ ਨਿਖੇਪ ਆਖਦੇ ਹਨ। ਵਸਤਾਂ ਨੂੰ ਸਪੁਰਦ ਕਰਨ ਵਾਲਾ ਵਿਅਕਤੀ ਨਿਖੇਧੀ ਅਖਵਾਉਦਾ ਹੈ ਅਤੇ ਉਹ ਵਿਅਕਤੀ ਜਿਸ ਨੂੰ ਉਹ ਸਪੁਰਦ ਕੀਤੀਆਂ ਜਾਂਦੀ ਹਨ, ਨਿਖੇਪ ਗ੍ਰਹਿਣ-ਕਰਤਾ ਅਖਵਾਉਂਦਾ ਹੈ।"

ਉਦਾਹਰਣ: ਰਾਮ ਪ੍ਰਸ਼ਾਦ ਆਪਣੇ ਪਰਿਵਾਰ ਨਾਲ ਹਰਿਦੁਆਰ ਦੀ ਤੀਰਥ ਯਾਤਰਾ ਤੇ ਜਾਣ ਸਮੇਂ ਆਪਦੀ ਗਊ ਵਿਵੇਕ ਦੇ ਸਪੁਰਦ ਕਰ ਜਾਂਦਾ ਹੈ ਅਤੇ ਆਖਦਾ ਹੈ ਕਿ ਉਹ ਵਾਪਸ ਆਕੇ ਗਊ ਉਸ ਪਾਸੋਂ ਲਵੇਗਾ। ਇਹ ਨਿਖੇਪ ਦਾ ਮੁਆਇਦਾ ਹੈ ਜਿਸ ਵਿੱਚ ਰਾਮ ਪ੍ਰਸ਼ਾਦ ਨਿਖੇਧੀ ਅਤੇ ਵਿਵੇਕ ਨਿਖੇਪ ਗ੍ਰਹਿਣਕਰਤਾ ਅਖਵਾਏਗਾ।

2.3.4 ਲੱਛਣ (Essential or Characterstics)

ਉਪਰੋਕਤ ਵਿਸ਼ਲੇਸ਼ਣ ਤੋਂ ਨਿਖੇਪ ਦੇ ਮੁਆਇਦੇ ਦੇ ਨਿਮਨ ਲਿਖਤ ਲਾਜਮੀ ਲੱਛਣ ਸਪੱਸ਼ਟ ਹੁੰਦੇ ਹਨ:-

1. ਵਸਤੂ ਦੀ ਸਪੁਰਦਗੀ (Delivery of Goods) : ਨਿਖੇਪ ਦੇ ਮੁਆਇਦੇ ਦੀ ਪਹਿਲੀ ਲੋੜ ਹੈ ਕਿ ਇੱਕ ਵਿਅਕਤੀ ਦੁਆਰਾ ਵਸਤੂ ਦੀ ਸਪੁਰਦਗੀ ਜਾਂ ਕਬਜਾ ਦੂਜੇ ਵਿਅਕਤੀ ਨੂੰ ਦਿੱਤਾ ਜਾਵੇ।ਇਥੇ ਸਪੁਰਦਗੀ ਦਾ ਭਾਵ ਕਬਜੇ ਵਿੱਚ ਪਰਿਵਰਤਨ ਤੋਂ ਹੈ ਨਾ ਕਿ ਮਾਲਕੀ ਦੇ ਪਰਿਵਰਤਨ ਤੋ। ਸਪੁਰਦਗੀ ਨੂੰ ਸਿਰਫ ਨੌਕਰ ਦੁਆਰਾ ਦੇਖਭਾਲ ਜਾਂ ਮਹਿਮਾਨ ਦੀ ਹੈਸੀਅਤ ਨਾਲ ਕੀਤੇ ਜਾਣ ਵਾਲੇ ਪ੍ਰਯੋਗ ਤੋਂ ਵੱਖ ਰੱਖਣਾ ਹੋਵੇਗਾ।

ਉਦਾਹਰਣ: ਕੇ.ਪਿੱਲੇ ਬਨਾਮ ਵਿਸ਼ਾਲਕਸ਼ਮੀ ਦੇ ਕੇਸ ਵਿੱਚ ਇੱਕ ਇਸਤਰੀ ਨੇ ਆਪਣੇ ਪੁਰਾਣੇ ਗਹਿਣੇ ਗਲਵਾ ਕੇ ਨਵੇਂ ਗਹਿਣੇ ਬਣਵਾਉਣ ਲਈ ਸੁਨਿਆਰ ਨੂੰ ਦਿੱਤੇ ਉਹ ਪ੍ਰਤਿਦਿਨ ਸੁਨਿਆਰ ਕੋਲ ਬੈਠ ਕੇ ਕੰਮ ਦੇਖਦੀ ਸੀ ਅਤੇ ਹਰ ਸ਼ਾਮ ਅੱਧ ਬਣੇ ਗਹਿਣੇ ਇੱਕ ਬਕਸੇ ਵਿੱਚ ਬੰਦ ਕਰਕੇ ਉਥੇ ਰੱਖ ਦਿੰਦੀ ਸੀ ਅਤੇ ਤਾਲੇ ਦੀ ਚਾਬੀ ਲੈਕੇ ਘਰ ਚਲੀ ਜਾਂਦੀ ਸੀ। ਇੱਕ ਰਾਤ ਬਕਸਾ ਚੋਰੀ ਹੋ ਗਿਆ। ਅਦਾਲਤ ਨੇ ਨਿਰਣਾ ਦਿੱਤਾ ਕਿ ਸੁਨਿਆਰ ਇਸ ਹਾਨੀ ਲਈ ਜਿੰਮੇਵਾਰ ਨਹੀ ਹੈ ਕਿਉਂਕਿ ਸਪੁਰਦਗੀ ਦੀ ਅਣਹੋਂਦ ਕਾਰਨ ਇਸ ਨੂੰ ਨਿਖੇਪ ਨਹੀ ਮੰਨਿਆ ਜਾ ਸਕਦਾ।

2. **ਸਪੁਰਦਗੀ ਕਿਸੇ ਉਦੇਸ਼ ਲਈ ਕੀਤੀ ਜਾਣੀ ਚਾਹੀਦੀ ਹੈ** (Dielivery of Goods must be for some purpose) : ਧਾਰਾ 148 ਅਨੁਸਾਰ ਨਿਖੇਪ ਦੇ ਮੁਆਇਦੇ ਦੇ ਨਿਰਮਾਨ ਵਿੱਚ ਕੇਵਲ ਵਸਤੂ ਦੀ ਸਪੁਰਦਗੀ ਹੀ ਲਾਜਮੀ ਨਹੀ। ਸਗੋਂ ਇਹ ਸਪੁਰਦਗੀ ਕਿਸੇ ਵਿਸ਼ੇਸ਼ ਮੰਤਵ ਲਈ ਹੋਣੀ ਚਾਹੀਦੀ ਹੈ। ਭਾਵ ਜਦੋਂ ਵਸਤੂ ਗਲਤੀ ਨਾਲ ਸਪੁਰਦ ਕਰ ਦਿੱਤੀ ਜਾਵੇ ਤਾਂ ਇਹ ਨਿਖੇਪ ਦਾ ਮੁਆਇਦਾ ਨਹੀ ਹੋਵੇਗਾ। ਨਿਖੇਪ ਗ੍ਰਹਿਣ ਕਰਤਾ ਉਸ ਉਦੇਸ਼ ਦੇ ਪੂਰਾ ਹੋ ਜਾਣ ਤੇ ਵਸਤੂ ਦੀ ਸਪੁਰਦਗੀ ਵਾਪਸ ਨਿਖੇਪੀ ਨੂੰ ਦੇ ਦਿੰਦਾ ਹੈ। ਸੁਨਿਆਰ ਨੂੰ ਅੰਗੂਠੀ ਬਣਾਉਣ ਲਈ ਸੋਨਾ ਦੇਣਾ ਅਤੇ ਅੰਗੂਠੀ ਬਣਾਉਣਾ ਅਤੇ ਬਣਾਉਣ ਤੋਂ ਬਾਅਦ ਸੋਨੇ ਦੇ ਮਾਲਕ ਨੂੰ ਵਾਪਸ ਦੇਣਾ ਨਿਖੇਪ ਹੈ।

3. **ਮੁਆਇਦਾ** (Contract) : ਨਿਖੇਪ ਦੋ ਧਿਰਾਂ ਦੇ ਵਿਚਕਾਰ ਹੋਣ ਵਾਲੇ ਮੁਆਇਦੇ ਤੇ ਅਧਾਰਤ ਹੁੰਦਾ ਹੈ।ਮੁਆਇਦੇ ਦੇ ਨਤੀਜੇ ਵਜੋਂ ਹੀ ਨਿਖੇਪੀ ਅਤੇ ਨਿਖੇਪ ਗ੍ਰਹਿਣ ਕਰਤਾ ਦੇ ਦਰਮਿਆਨ ਸਬੰਧ ਪੈਦਾ ਹੁੰਦਾ ਹੈ। ਕਿਉਂਕਿ ਇੱਕ ਨਾਬਾਲਗ ਵਿੱਚ ਮੁਆਇਦਾ ਕਰਨ ਦੀ ਸਮਰੱਥਾ ਨਹੀ ਹੁੰਦੀ। ਇਸ ਤਰ੍ਹਾਂ ਉਹ ਪ੍ਰਾਪਤ ਕੀਤੇ ਮਾਲ ਨੂੰ ਇੱਕ ਨਿਖੇਪ ਗ੍ਰਹਿਣ ਕਰਤਾ ਦੇ ਰੂਪ ਵਿੱਚ ਵਾਪਸ ਕਰਨ ਲਈ ਉਤਰਦਾਈ ਨਹੀ ਹੁੰਦਾ ਅਤੇ ਜੇਕਰ ਮਾਲ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਵੀ ਉਹ ਹਾਨੀਪੂਰਤੀ ਲਈ ਜਿੰਮੇਵਾਰੀ ਨਹੀ ਹੁੰਦਾ ਪਰੰਤੂ ਇੱਕ ਬਾਲਗ ਨੂੰ ਨਿਖੇਪੀ ਦੇ ਰੂਪ ਵਿੱਚ ਪ੍ਰਾਪਤ ਮਾਲ ਨੂੰ ਵਾਪਸ ਕਰਨਾ ਪੈਂਦਾ ਹੈ। ਸਾਧਾਰਣ ਮੁਆਇਦੇ ਵਾਂਗ ਹੀ ਨਿਖੇਪ ਦੀਆਂ ਦੋ ਧਿਰਾਂ ਨਿਖੇਪੀ ਅਤੇ ਨਿਖੇਪ ਗ੍ਰਹਿਣਕਰਤਾ ਹੁੰਦੀਆਂ ਹਨ ਅਤੇ ਨਿਖੇਪ ਦੇ ਮੁਆਇਦੇ ਵਿੱਚ ਉਹ ਸਾਰੇ ਲੱਛਣ ਹੋਣੇ ਜਰੂਰੀ ਹਨ ਜੋ ਕਿਸੇ ਸਾਧਾਰਣ ਮੁਆਇਦੇ ਵਿੱਚ ਹੋਣੇ ਚਾਹੀਦੇ ਹਨ।

4. ਮਾਲ ਨੂੰ ਵਾਪਸ ਕਰਨਾ (Returns of Goods) : ਨਿਖੇਪ ਅਧੀਨ ਮਾਲ ਦੀ ਸਪੁਰਦਗੀ ਇਸ ਆਧਾਰ ਤੇ ਦਿੱਤੀ ਜਾਂਦੀ ਹੈ ਕਿ ਉਦੇਸ਼ ਦੇ ਪੂਰਾ ਹੋਣ ਤੇ ਮਾਲ ਦੇ ਅਸਲੀ ਮਾਲਕ ਨੂੰ ਉਦਸੇ ਆਦੇਸ਼ ਅਨੁਸਾਰ ਕਿਸੇ ਹੋਰ ਵਿਅਕਤੀ ਨੂੰ ਵਾਪਸ ਕਰ ਦਿੱਤੀ ਜਾਵੇਗੀ। ਇਹ ਸ਼ਰਤ ਦੇ ਪੂਰਾ ਨਾ ਹੋਣ ਦੀ ਹਾਲਤ ਵਿੱਚ ਨਿਖੇਪ ਅਧੂਰਾ ਹੋਵੇਗਾ। ਮਾਲ ਦੀ ਵਾਪਸੀ

ਉਸੇ ਹਾਲਤ ਵਿੱਚ ਜਾਂ ਬਦਲੇ ਹੋਏ ਰੂਪ ਵਿੱਚ ਕੀਤੀ ਜਾ ਸਕਦੀ ਹੈ। ਉਦਾਹਰਣ ਦੇ ਲਈ ਦਰਜੀ ਨੂੰ ਕਮੀਜ਼ ਬਣਾਉਣ ਲਈ ਦਿੱਤਾ ਕੱਪੜਾ ਉਸੇ ਰੂਪ ਵਿੱਚ ਜਾਂ ਕਮੀਜ ਬਣਾਕੇ ਵਾਪਸ ਦੇਣਾ ਹੀ ਨਿਖੇਪ ਨੂੰ ਜਨਮ ਦਿੰਦਾ ਹੈ। ਨਿਖੇਪ ਦਾ ਇਹੋ ਗੁਣ ਇਸਨੂੰ ਹੋਰਨਾਂ ਮੁਆਇਦਿਆਂ ਤੋਂ ਵੱਖਰਾ ਕਰਦਾ ਹੈ।

ਬੈਂਕ ਵਿੱਚ ਰੁਪਏ ਜਮ੍ਹਾਂ ਕਰਵਾਉਣਾ ਨਿਖੇਪ ਨਹੀਂ ਅਖਵਾਉਂਦਾ ਕਿਉਂਕਿ ਰੁਪਏ ਜਮ੍ਹਾਂ ਕਰਵਾਉਣ ਵਾਲੇ ਵਿਅਕਤੀ ਨੂੰ ਉਹੋ ਨੋਟ ਜਾਂ ਸਿੱਕੇ ਵਾਪਸ ਨਹੀ ਕੀਤੇ ਜਾਂਦੇ ਜਦੋਂ ਕਿ ਬੈਕ ਦੇ ਲਾਕਰ ਵਿੱਚ ਰੱਖੀ ਗਈ ਵਸਤੂ ਜਾਂ ਧਨ ਨਿਖੇਪ ਨੂੰ ਜਨਮ ਦਿੰਦਾ ਹੈ। ਕਿਉਂਕਿ ਉਹ ਵਸਤੂ ਜਾਂ ਧਨ ਉਸਨੂੰ ਵਾਪਸ ਮਿਲਦਾ ਹੈ।

2.3.5 ਨਿਖੇਪ ਦੀਆਂ ਕਿਸਮਾਂ (Kinds of Bailment) : ਨਿਖੇਪ ਦੇ ਮੁਆਇਦਿਆਂ ਨੂੰ (i) ਮੁਆਇਦੇ ਦੀ ਪ੍ਰਕ੍ਰਿਤੀ (ii) ਲਾਭ ਦੀ ਦ੍ਰਿਸ਼ਟੀ ਤੋ, ਅਤੇ (iii) ਫੀਸ ਦੀ ਦ੍ਰਿਸ਼ਟੀ ਤੋਂ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।

ਨਿਖੇਪ ਦੀਆਂ ਵੱਖ-ਵੱਖ ਕਿਸਮਾਂ ਦਾ ਸੰਖੇਪ ਵਰਣਨ ਨਿਮਨ ਅਨੁਸਾਰ ਹੈ:

1. **ਮੁਆਇਦੇ ਦੀ ਪ੍ਰਕ੍ਰਿਤੀ** (Nature of the Contract) : ਇਸ ਆਧਾਰ ਤੇ ਨਿਖੇਪ ਨੂੰ ਨਿਮਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ –

(i) **ਇਛੱਕ ਨਿਖੇਪ** (Voluntary Bailment) : ਜਦੋਂ ਦੋ ਧਿਰਾਂ ਵਿਚਕਾਰ ਸਪਸ਼ੱਟ ਰੂਪ ਵਿੱਚ ਮੁਆਇਦੇ ਦੇ ਅਧਾਰ ਤੇ ਨਿਖੇਪ ਕੀਤਾ ਜਾਂਦਾ ਹੈ ਤਾਂ ਇਸ ਨੂੰ ਇੱਛਕ ਨਿਖੇਪ ਕਹਿੰਦੇ ਹਾਂ।

(ii) ਅਣਇੱਛਕ ਨਿਖੇਪ(Involuntary Bailment) :- ਜਦੋਂ ਧਿਰਾਂ ਦੇ ਵਿਚਕਾਰ ਨਿਖੇਪ ਮੁਆਇਦਾ ਕਾਨੂੰਨ ਦੁਆਰਾ ਲਾਗੂ ਹੋਣ ਕਾਰਨ ਸਥਾਪਤ ਹੋ ਜਾਂਦਾ ਹੈ ਤਾਂ ਇਸ ਨੂੰ ਅਣਇੱਛਤ ਨਿਖੇਪ ਕਹਿੰਦੇ ਹਾਂ ਜਿਵੇਂ ਕਿ ਕਿਸੇ ਵਿਅਕਤੀ ਨੂੰ ਗੁੰਮ ਹੋਈ ਵਸਤੂ ਲੱਭ ਜਾਂਦੀ ਹੈ ਤਾਂ ਲੱਭਣ ਵਾਲਾ ਵਿਅਕਤੀ ਉਸ ਵਸਤੂ ਦੇ ਸਬੰਧ ਵਿਚ ਅਣਇੱਛਤ ਨਿਖੇਪੀ ਬਣ ਜਾਂਦਾ ਹੈ

2. ਲਾਭ ਦੀ ਦ੍ਰਿਸ਼ਟੀ ਤੋਂ (From Benefit point of View) :-ਲਾਭ ਦੀ ਦ੍ਰਿਸ਼ਟੀ ਤੋਂ ਨਿਖੇਪ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :

(i) ਪੂਰਨ ਰੂਪ ਵਿੱਚ ਨਿਖੇਪੀ ਦੇ ਲਾਭ ਲਈ ਕੀਤਾ ਗਿਆ ਨਿਖੇਪ :

(ii) ਪੂਰਨ ਰੂਪ ਵਿੱਚ ਨਿਖੇਪ ਗ੍ਰਹਿਣ ਕਰਤਾ ਦੇ ਲਾਭ ਲਈ ਨਿਖੇਪ :

(iii) ਆਪਸੀ ਲਾਭ ਲਈ ਨਿਖੇਪ ।

ਇਹਨਾਂ ਵਿਚੋਂ ਤੀਜਾ ਨਿਖੇਪ ਸਭ ਤੋਂ ਵੱਧ ਪ੍ਰਚਲਿਤ ਅਤੇ ਮਹੱਤਵ ਪੂਰਨ ਹੈ।

3. **ਫੀਸ ਦੀ ਦ੍ਰਿਸ਼ਟੀ ਤੋਂ (from reward point of view) :- ਫੀਸ ਦੇ** ਪੱਖੋਂ ਨਿਖੇਪ ਧਾਰਾ 150 ਦੇ ਅਨੁਸਾਰ ਦੋ ਕਿਸਮਾਂ ਦਾ ਹੋ ਸਕਦਾ ਹੈ।
   1) ਫੀਸ ਰਹਿਤ ਨਿਖੇਪ ਅਤੇ
   2) ਫੀਸ ਸਹਿਤ ਨਿਖੇਪ

2.3.6 ਨਿਖੇਪੀ ਦੇ ਅਧਿਕਾਰ (Rights of Bailor)

ਨਿਖੇਪੀ ਦੇ ਕੁਝ ਮਹੱਤਵਪੂਰਣ ਅਧਿਕਾਰ ਨਿਮਨ ਅਨੁਸਾਰ ਹਨ:

1. ਨਿਖੇਪ ਗ੍ਰਹਿਣਕਰਤਾ ਦੇ ਕਰਤੱਵਾਂ ਨੂੰ ਲਾਗੂ ਕਰਾਉਣ ਦਾ ਅਧਿਕਾਰ (Right of enforcement of bailee's duties) – ਜੋ ਨਿਖੇਪ ਗ੍ਰਹਿਣਕਰਤਾ ਦੇ ਕਰਤੱਵ ਹਨ, ਉਹ ਨਿਖੇਪੀ ਦੇ ਅਧਿਕਾਰ ਹਨ। ਉਹ ਦਾਵਾ ਕਰਕੇ ਨਿਖੇਪ ਗ੍ਰਹਿਣਕਰਤਾ ਦੇ ਸਾਰੇ ਕਰਤੱਵਾਂ ਦੀ ਪਾਲਣਾਂ ਕਰਾ ਸਕਦਾ ਹੈ। ਨਿਖੇਪ ਗ੍ਰਹਿਣਕਰਤਾ ਦੇ ਕਰਤੱਵਾਂ ਦੇ ਅਧਾਰ ਤੇ ਨਿਖੇਪੀ ਦੇ ਨਿਮਨ ਅਧਿਕਾਰ ਹਨ:

1) ਨਿਖੇਪ ਗ੍ਰਹਿਣਕਰਤਾ ਦੁਆਰਾ ਨਿਖੇਪਿਤ ਵਸਤੂ ਦੀ ਉੱਚਿਤ ਦੇਖਪਾਲ ਨਾ ਕਰਨ ਦੇ ਕਾਰਨਹੋਈ ਹਾਨੀ ਨੂੰ ਪ੍ਰਾਪਤ ਕਰਨ ਦਾ ਅਧਿਕਾਰ (ਧਾਰਾ 151)
2) ਨਿਖੇਪਿਤ ਵਸਤੂ ਨੂੰ ਨਿਖੇਪ ਗ੍ਰਹਿਣਕਰਤਾ ਦੁਆਰਾ ਅਣ-ਅਧਿਕਾਰਤ ਉਪਯੋਗ ਕਰਨ ਤੋਂ ਹੋਈ ਹਾਨੀ ਦਾ ਮੁਆਵਜਾ ਪ੍ਰਾਪਤ ਕਰਨ ਦਾ ਅਧਿਕਾਰ।(ਧਾਰਾ 154)

3) ਨਿਖੇਪ ਗ੍ਰਹਿਣਕਰਤਾ ਦੁਆਰਾ ਅਣ-ਅਧਿਕਾਰਤ ਰੂਪ ਵਿੱਚ ਨਿਖੇਪੀ ਦੇ ਮਾਲ ਨੂੰ ਆਪਣੇ ਮਾਲ ਵਿੱਚ ਮਿਲਾਉਣ ਨਾਲ ਹੋਣ ਵਾਲੀ ਹਾਨੀ ਨੂੰ ਪ੍ਰਾਪਤ ਕਰਨ ਦਾ ਅਧਿਕਾਰ (ਧਾਰਾ 156-157)
4) ਸਮਾਂ ਜਾਂ ਮੰਤਵ ਦੇ ਪੂਰਾ ਹੋ ਜਾਣ ਤੋਂ ਬਾਅਦ ਮਾਲ ਨੂੰ ਵਾਪਸ ਪ੍ਰਾਪਤ ਕਰਨ ਜਾਂ ਆਦੇਸ਼ ਅਨੁਸਾਰ ਵਿਵਸਥਾ ਕਰਨ ਦਾ ਅਧਿਕਾਰ।(ਧਾਰਾ 160)
5) ਨਿਖੇਪਿਤ ਵਸਤੂ ਵਿੱਚ ਹੋਏ ਵਾਧੇ ਨੂੰ ਵਾਪਸ ਪ੍ਰਾਪਤ ਕਰਨ ਦਾ ਅਧਿਕਾਰ। (ਧਾਰਾ 163)

2. ਨਿਖੇਪ ਦੇ ਮੁਆਇਦੇ ਨੂੰ ਸਮਾਪਤ ਕਰਨ ਦਾ ਅਧਿਕਾਰ – ਧਾਰਾ 153 ਅਨੁਸਾਰ ਜੇ ਨਿਖੇਪ ਗ੍ਰਹਿਣਕਰਤਾ ਨਿਖੇਪ ਦੀਆਂ ਸ਼ਰਤਾਂ ਦੇ ਪ੍ਰਤਿਕੂਲ ਕੰਮ ਕਰਦਾ ਹੈ ਤਾਂ ਨਿਖੇਪੀ ਮੁਆਇਦੇ ਨੂੰ ਸਮਾਪਤ ਕਰ ਸਕਦਾ ਹੈ।

ਉਦਾਹਰਣ: ਨਰੇਸ਼ ਆਪਣਾ ਘੋੜਾ ਆਪਣੀ ਸਵਾਰੀ ਲਈ ਰਮੇਸ਼ ਨੂੰ ਦਿੰਦਾ ਹੈ। ਰਮੇਸ਼ ਘੋੜੇ ਨੂੰ ਤਾਂਗੇ ਵਿੱਚ ਜੋੜਦਾ ਹੈ। ਕਿਉਂਕਿ ਮੁਆਇਦਾ ਨਰੇਸ਼ ਦੇ ਵਿਕਲਪ ਤੇ ਸੁੰਨਯੋਗ ਹੈ, ਇਸ ਲਈ ਇਸ ਨੂੰ ਸਮਾਪਤ ਕਰ ਸਕਦਾ ਹੈ।

2.3.7 ਨਿਖੇਪ ਗ੍ਰਹਿਣ ਕਰਤਾ ਅਤੇ ਨਿਖੇਪੀ ਦੇ ਫ਼ਰਜ (Duties of bailee and bailor) :- ਧਾਰਾ 151 ਅਨੁਸਾਰ ਨਿਖੇਪ ਗ੍ਰਹਿਣ ਕਰਤਾ ਦਾ ਇਹ ਫਰਜ ਹੈ ਕਿ ਉਹ ਨਿਖੇਪ ਕੀਤੇ ਮਾਲ ਦੀ ਦੇਖਭਾਲ ਇਸ ਤਰ੍ਹਾਂ ਕਰੇ ਕਿ ਜਿੰਨੀ ਕੋਈ ਸਧਾਰਨ ਸੁੱਧ ਬੁੱਧ ਵਾਲਾ ਮਨੁੱਖ ਆਮ ਹਾਲਤਾਂ ਵਿੱਚ ਉਸੇ ਮਾਤਰਾਂ, ਗੁਣਾ ਅਤੇ ਮੁੱਲ ਵਾਲੇ ਆਪਣੇ ਮਾਲ ਦੀ ਖੁਦ ਕਰਦਾ ਹੈ। ਜਿਵੇਂ ਹੀ ਨਿਖੇਪ ਗ੍ਰਹਿਣ ਕਰਤਾ ਮਾਲ ਪ੍ਰਾਪਤ ਕਰਦਾ ਹੈ ਉਸ ਦਾ ਫ਼ਰਜ ਸ਼ੁਰੂ ਹੋ ਜਾਂਦਾ ਹੈ ।ਜੇਕਰ ਉਹ ਆਪਣਾ ਲੋੜੀਂਦਾ ਫ਼ਰਜ ਨਹੀਂ ਨਿਭਾਉਂਦਾ ਅਤੇ ਵਸਤਾਂ ਨਸ਼ਟ ਹੋ ਜਾਂਦੀਆਂ ਹਨ ਤਾਂ ਉਹ ਨੁਕਸਾਨ ਦੀ ਪੂਰਤੀ ਲਈ ਜੁਮੇਵਾਰ ਹੋਵੇਗਾ।ਰੱਬ ਦੀ ਕਰੋਪੀ ਕਾਰਨ ਹੋਈ ਹਾਨੀ ਲਈ ਨਿਖੇਪ ਗ੍ਰਹਿਣ ਕਰਤਾ ਜ਼ਿੰਮੇਵਾਰ ਨਹੀਂ ਹੋਵੇਗਾ। ਸਧਾਰਨ ਬੁੱਧੀ ਅਤੇ ਉਚਿਤ ਦੇਖ ਭਾਲ ਦਾ ਮਿਆਰ ਹਰੇਕ ਮਾਮਲੇ ਦੀਆਂ ਹਾਲਤਾਂ ਤੇ ਨਿਰਭਰ ਕਰਦਾ ਹੈ। ਇਸ ਤਰ੍ਹਾਂ ਜੇਕਰ ਨਿਖੇਪ ਗ੍ਰਹਿਣ ਕਰਤਾ ਨਿਖੇਪ ਕੀਤੇ ਮਾਲ ਨੂੰ ਬਗੈਰ ਜ਼ਿੰਦਰਾਂ ਲਗਾਏ ਰੱਖਦਾ ਹੈ ਜਦੋਂ ਕਿ ਉਹ ਆਪਣੇ ਮਾਲ ਨੂੰ ਜ਼ਿੰਦਰਾਂ ਲਗਾਂ ਕੇ ਰੱਖਦਾ ਹੈ ਅਜਿਹੀ ਹਾਲਤ ਵਿੱਚ ਜੇਕਰ ਨਿਖੇਪ ਕੀਤੇ ਮਾਲ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਨਿਖੇਪ ਕਰਤਾ ਜਿੰਮੇਵਾਰ ਹੋਵੇਗਾ। ਪਰਤੂ ਜੇਕਰ ਨੁਕਸਾਨ ਦੇ ਲਈ ਜ਼ਿੰਮੇਵਾਰੀ ਕਾਰਨ ਨਿਖੇਪ ਗ੍ਰਹਿਣ ਕਰਤਾ ਦੇ ਵੱਸ ਤੋਂ ਬਾਹਰ ਹੋਣ ਤਾਂ ਉਸ ਦੀ ਜੁਮੇਵਾਰੀ ਖਤਮ ਹੋ ਜਾਂਦੀ ਹੈ।

2. ਮਾਲ ਦੀ ਅਣ-ਅਧਿਕਾਰਤ ਵਰਤੋਂ ਨਾ ਕਰਨੀ (Duty not to make unauthorised use of goods)
ਧਾਰਾ 154 ਅਨੁਸਾਰ ਨਿਖੇਪ ਗ੍ਰਹਿਣਕਰਤਾ ਦਾ ਇਹ ਕਰਤੱਵ ਹੈ ਕਿ ਉਹ ਨਿਖੇਪਿਤ ਵਸਤੂ ਨੂੰ ਉਸ ਦੀਆਂ ਸ਼ਰਤਾਂ ਦੇ ਅਨੁਰੂਪ ਹੀ ਵਰਤੇ। ਜੇ ਉਹ ਵਸਤੂ ਦੀ ਅਣ-ਅਧਿਕਾਰਿਤ ਵਰਤੋਂ ਕਰਦਾ ਹੈ ਤਾਂ ਅਜਿਹੀ ਵਰਤੋਂ ਕਾਰਨ ਜਾਂ ਵਰਤੋਂ ਤੇ ਦੌਰਾਨ ਹੋਏ ਨੁਕਸਾਨ ਦੇ ਮੁਆਵਜੇ ਲਈ ਨਿਖੇਪ ਗ੍ਰਹਿਣਕਰਤਾ ਜ਼ਿੰਮੇਵਾਰ ਹੋਵੇਗਾ।

ਮਾਲ ਦੀ ਅਣਅਧਿਕਾਰਤ ਵਰਤੋਂ ਦਾ ਨਤੀਜਾ ਨਿਖੇਪ ਦੇ ਮੁਆਇਦ ਦਾ ਖੰਡਨ ਕਰਨਾ ਹੈ। ਜੇਕਰ ਮਾਲ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਇਸਦੀ ਹਾਨੀਪੂਰਤੀ ਲਈ ਨਿਖੇਪ ਗ੍ਰਹਿਣਕਰਤਾ ਜਿੰਮੇਵਾਰ ਹੋਵੇਗਾ।

ਉਦਾਹਰਣ: ੳ ਆਪਣਾ ਘੋੜਾ ਕੇਵਲ ਆਪਣੀ ਸਵਾਰੀ ਲਈ ਅ ਨੂੰ ਉਧਾਰ ਦਿੰਦਾ ਹੈ। ਅ ਉਹ ਘੋੜਾ ਆਪਣੇ ਪਰਿਵਾਰ ਦੇ ਮੈਂਬਰ ੲ ਨੂੰ ਸਵਾਰੀ ਕਰਨ ਲਈ ਦੇ ਦਿੰਦਾ ਹੈ, ੲ ਸਾਵਧਾਨੀ ਨਾਲ ਸਵਾਰੀ ਕਰਦਾ ਹੈ ਪਰੰਤੂ ਘੋੜਾ ਅਚਾਨਕ ਡਿੱਗ ਜਾਂਦਾ ਹੈ ਅਤੇ ਜਖਮੀ ਹੋ ਜਾਂਦਾ ਹੈ। ਇੱਥੇ ਅ, ੳ ਨੂੰ ਹਾਨੀਪੂਰਤੀ ਕਰਨ ਲਈ ਜ਼ਿੰਮੇਵਾਰ ਹੋਵੇਗਾ।

3. ਨਿਖੇਪ ਕੀਤੇ ਮਾਲ ਨੂੰ ਆਪਣੇ ਨਿੱਜੀ ਮਾਲ ਵਿੱਚ ਨਾ ਰਲਾਉਣਾ (Duty no to mix hailer's goods with his own goods) : ਨਿਖੇਪ ਗ੍ਰਹਿਣਕਰਤਾ ਦਾ ਇਹ ਵੀ ਕਰਤੱਵ ਹੈ ਕਿ ਉਹ ਨਿਖੇਪਿਤ ਵਸਤੂ ਨੂੰ ਆਪਣੀ ਵਸਤੂ ਵਿੱਚ ਨਾ ਮਿਲਾਏ ਅਤੇ ਆਪਣੀ ਵਸਤੂ ਨਾਲੋਂ ਉਸ ਨੂੰ ਬਿਲਕੁੱਲ ਅਲੱਗ ਰੱਖੇ। ਪਰੰਤੂ ਜੇ ਨਿਖੇਪੀ ਅਤੇ ਨਿਖੇਪ ਗ੍ਰਹਿਣਕਰਤਾ ਦਾ ਮਾਲ ਇੱਕ ਦੂਜੇ ਦੇ ਮਾਲ ਵਿੱਚ ਮਿਲ ਜਾਂਦਾ ਹੈ ਤਾਂ ਉਸ ਹਾਲਤ ਵਿੱਚ ਧਾਰਾ 155-157 ਦੇ ਨਿਯਮ ਲਾਗੂ ਹੋਣਗੇ, ਜੋ ਇਸ ਪ੍ਰਕਾਰ ਹਨ :

(i) ਜੋ ਨਿਖੇਪ ਗ੍ਰਹਿਣਕਰਤਾ ਨਿਖੇਪੀ ਦੀ ਸਹਿਮਤੀ ਨਾਲ ਉਸਦੀ ਵਸਤੂ ਨੂੰ ਆਪਣੀ ਵਸਤੂ ਨਾਲ ਮਿਲਾ ਲੈਂਦਾ ਹੈ ਤਾਂ ਇਸ ਮਿਸ਼ਰਣ ਵਿੱਚ ਨਿਖੇਪੀ ਅਤੇ ਨਿਖੇਪ ਗ੍ਰਹਿਣਕਰਤਾ ਦਾ ਹਿੱਤ ਉਹਨਾਂ ਦੇ ਹਿੱਸਿਆਂ ਦੇ ਅਨੁਪਾਤ ਵਿੱਚ ਹੋਵੇਗਾ (ਧਾਰਾ 155)

(ii) ਜੋ ਨਿਖੇਪ ਗ੍ਰਹਿਣਕਰਤਾ ਬਿਨਾਂ ਨਿਖੇਪੀ ਦੀ ਸਹਿਮਤੀ ਦੇ ਨਿਖੇਪੀ ਦੇ ਮਾਲ ਨੂੰ ਆਪਣੇ ਮਾਲ ਵਿੱਚ ਮਿਲਾ ਲੈਂਦਾ ਹੈ ਅਤੇ ਵਸਤਾਂ ਅਲੱਗ ਕਰਨ ਜਾਂ ਵੰਡਣ ਦੇ ਯੋਗ ਨਹੀਂ ਹਨ ਤਾਂ ਦੋਵੇ ਪੱਖ ਆਪਣੇ-ਆਪਣੇ ਮਾਲ ਦੇ ਮਾਲਕ ਹੋਣਗੇ, ਪਰੰਤੂ ਮਾਲ ਨੂੰ ਅਲੱਗ ਕਰਨ ਦੇ ਖਰਚ ਅਤੇ ਮਿਸ਼ਰਣ ਤੋਂ ਹੋਣ ਵਾਲੀ ਹਾਨੀ ਲਈ ਨਿਖੇਪ ਗ੍ਰਹਿਣਕਰਤਾ ਹੀ ਜਿੰਮੇਵਾਰ ਹੋਵੇਗਾ (ਧਾਰਾ 156)

(iii) ਜੇ ਨਿਖੇਪ ਗ੍ਰਹਿਣਕਰਤਾ ਬਿਨਾਂ ਨਿਖੇਪੀ ਦੀ ਸਹਿਮਤੀ ਦੇ ਉਸਦੇ ਮਾਲ ਨੂੰ ਆਪਣੇ ਮਾਲ ਵਿੱਚ ਮਿਲਾ ਲੈਂਦਾ ਹੈ ਜਿਸਨੂੰ ਆਪਣੇ ਮਾਲ ਤੋ ਅਲੱਗ ਕਰਨਾ ਅਤੇ ਵਾਪਸ ਦੇਣਾ ਅਸੰਭਵ ਬਣ ਜਾਂਦਾ ਹੈ ਤਾਂ ਨਿਖੇਪ ਗ੍ਰਹਿਣਕਰਤਾ ਨਿਖੇਪੀ ਨੂੰ ਉਸਦੇ ਮਾਲ ਦੀ ਹਾਨੀ ਦੇਣ ਦਾ ਪਾਬੰਦ ਹੋਵੇਗਾ (ਧਾਰਾ 157)

ਉਦਾਹਰਣ: ੳ ਦੇਸੀ ਘਿਉ ਦਾ ਇੱਕ ਟੀਨ ਅ ਨੂੰ ਨਿਖੇਪਿਤ ਕਰਦਾ ਹੈ ੳ ਬਿਨਾਂ ਅ ਦੀ ਸਹਿਮਤੀ ਦੇ ਉਸਨੂੰ ਆਪਣੇ ਬਨਾਸਪਤੀ ਘਿਉ ਵਿੱਚ ਮਿਲਾ ਦਿੰਦਾ ਹੈ ੳ, ਅ ਦੁਆਰਾ ਨਿਖੇਪਿਤ ਵਸਤੂ ਦੀ ਹਾਨੀ ਲਈ ਦੇਣਦਾਰ ਹੋਵੇਗਾ।

4. **ਨਿਖੇਪ ਦੇ ਵਿਰੁੱਧ ਉਲਟ ਮਾਲਕੀ ਨਾ ਰੱਖਣ ਅਤੇ ਨਿਖੇਪੀ ਦੇ ਅਧਿਕਾਰ ਵਿੱਚ ਰੁਕਾਵਟ ਪੈਦਾ ਨਾ ਕਰਨਾ –** ਭਾਰਤੀ ਐਵੀਡੈਂਸ ਅਧਿਨਿਯਮ (Indian Evidence Act) ਦੀ ਧਾਰਾ 147 ਦੇ ਅਨੁਸਾਰ ਨਿਖੇਪ ਗ੍ਰਹਿਣਕਰਤਾ ਨੂੰ ਕੋਈ ਅਜਿਹਾ ਕੰਮ ਨਹੀ ਕਰਨਾ ਚਾਹੀਦਾ ਜਿਸ ਨਾਲ ਨਿਖੇਪੀ ਦੇ ਅਧਿਕਾਰ ਵਿੱਚ ਰੁਕਾਵਟ ਪੈਂਦੀ ਹੋਵੇ। ਇਸੇ ਤਰ੍ਹਾਂ ਉਸਨੂੰ ਨਿਖੇਪ ਕੀਤੇ ਮਾਲ ਅਤੇ ਨਿਖੇਪੀ ਦੇ ਅਧਿਕਾਰ ਜਾਂ ਮਲਕੀਅਤ ਦੇ ਵਿਰੁੱਧ ਅਧਿਕਾਰ ਨਹੀ ਰੱਖਣਾ ਚਾਹੀਦਾ। ਇਹ ਵਰਣਨ ਯੋਗ ਹੈ ਨਿਖੇਪ ਗ੍ਰਹਿਣ ਕਰਤਾ ਦਾ ਫਰਜ ਹੈ ਕਿ ਉਹ ਨਿਖੇਪ ਕੀਤੇ ਮਾਲ ਨੂੰ ਨਿਖੇਪੀ ਜਾਂ ਉਸਦੇ ਆਦੇਸ਼ ਅਨੁਸਾਰ ਕਿਸੇ ਹੋਰ ਵਿਅਕਤੀ ਨੂੰ ਵਾਪਸ ਮੋੜੇ ਪਰੰਤੂ ਜੇਕਰ ਗ੍ਰਹਿਣਕਰਤਾ, ਨਿਖੇਪੀ ਦੇ ਇਲਾਵਾ ਕਿਸੇ ਹੋਰ ਵਿਅਕਤੀ ਨੂੰ ਮਾਲ ਵਾਪਸ ਕਰ ਦਿੰਦਾ ਹੈ ਤਾਂ ਉਸਨੂੰ ਇਹ ਸਿੱਧ ਕਰਨਾ ਪਵੇਗਾ ਕਿ ਨਿਖੇਪੀ ਨੂੰ ਉਸਦੇ ਵਿਰੁੱਧ ਮਾਲ ਲੈਣ ਦਾ ਅਧਿਕਾਰ ਸੀ।

5. **ਮਾਲ ਵਿੱਚ ਹੋਏ ਵਾਧੇ ਨੂੰ ਵਾਪਸ ਕਰਨਾ** (Duty to returen any accretion to the goods) – ਨਿਖੇਪ ਗ੍ਰਹਿਣਕਰਤਾ ਨਿਖੇਪ ਕੀਤੇ ਮਾਲ ਵਿੱਚ ਹੋਏ ਵਾਧੇ ਜਾਂ ਉਸਤੇ ਹੋਏ ਲਾਭ ਨੂੰ ਨਿਖੇਪੀ ਨੂੰ ਮੋੜਨ ਲਈ ਪਾਬੰਦ ਹੁੰਦਾ ਹੈ। ਧਾਰਾ 163 ਦੇ ਅਨੁਸਾਰ ਨਿਖੇਪ ਕੀਤੇ ਹੋਏ ਮਾਲ ਵਿੱਚ ਨਿਖੇਪ ਗ੍ਰਹਿਣਕਰਤਾ ਦੇ ਪਾਸ ਕੋਈ ਵਾਧਾ ਜਾਂ ਲਾਭ ਹੁੰਦਾ ਹੈ ਤਾਂ ਨਿਖੇਪ ਗ੍ਰਹਿਣਕਰਤਾ ਦਾ ਇਹ ਫਰਜ ਹੁੰਦਾ ਹੈ ਕਿ ਅਜਿਹੇ ਵਾਧੇ ਜਾਂ ਲਾਭ ਨੂੰ ਮੂਲ ਮਾਲ ਦੇ ਨਾਲ ਹੀ ਵਾਪਸ ਕਰੇ ਜਾਂ ਉਸਦੇ ਕਹੇ ਅਨੁਸਾਰ ਵਾਪਸ ਕਰੇ।

ਉਦਾਹਰਣ: ੳ ਨੇ ਆਪਣੀ ਗਾਂ ਦੀ ਦੇਖਭਾਲ ਕਰਨ ਲਈ ਅ ਨੂੰ ਦੇ ਦਿੱਤੀ। ਕੁਝ ਸਮੇਂ ਬਾਅਦ ਗਾਂ ਨੇ ਇੱਕ ਬੱਛੇ ਨੂੰ ਜਨਮ ਦਿੱਤਾ। ਇੱਥੇ ਅ ਦਾ ਇਹ ਫਰਜ ਬਣਦਾ ਹੈ ਕਿ ਉਹ ੳ ਦੀ ਗਾਂ ਅਤੇ ਬੱਛਾ ਦੋਵੇਂ ਹੀ ਵਾਪਸ ਕਰੇ।

6. **ਮਾਲ ਨੂੰ ਵਾਪਸ ਕਰਨਾ** (Duty to return goods) – ਧਾਰਾ 160 ਦੇ ਅਨੁਸਾਰ ਨਿਖੇਪ ਗ੍ਰਹਿਣਕਰਤਾ ਦਾ ਇਹ ਫਰਜ ਹੈ ਕਿ ਉਹ ਨਿਖੇਪ ਕੀਤੇ ਮਾਲ ਨੂੰ ਨਿਖੇਪੀ ਨੂੰ ਵਾਪਸ ਕਰੇ, ਉਸਦਾ ਇਹ ਫਰਜ ਉਸੇ ਸਮੇਂ ਲਾਗੂ ਹੋ ਜਾਂਦਾ ਹੈ ਜਦੋਂ ਨਿਖੇਪ ਦਾ ਸਮਾਂ ਪੂਰਾ ਹੋ ਜਾਂਦਾ ਹੈ ਜਾਂ ਨਿਖੇਪ ਦਾ ਮੰਤਵ ਪੂਰਾ ਹੋ ਜਾਂਦਾ ਹੈ। ਇਸਦੇ ਪਿੱਛੋ ਨਿਖੇਪ ਗ੍ਰਹਿਣਕਰਤਾ ਉਚਿਤ ਸਮੇਂ ਦੇ ਅੰਦਰ ਵਸਤਾਂ ਵਾਪਸ ਨਹੀ ਕਰਦਾ ਤਾਂ ਉਹਨਾਂ ਦੀ ਉਸ ਸਮੇਂ ਪਿੱਛੋਂ ਹੋਣ ਵਾਲੀ ਹਾਨੀ ਲਈ ਨਿਖੇਪੀ ਪ੍ਰਤੀ ਜੁਮੇਵਾਰ ਹੋਵੇਗਾ।

7. **ਮੁਕੱਦਮਾ ਕਰਨ ਦਾ ਅਧਿਕਾਰ** (Right to sive) – ਨਿਖੇਪ ਗ੍ਰਹਿਣਕਰਤਾ ਨੂੰ ਨਿਖੇਪ ਕੀਤੀਆਂ ਵਸਤਾਂ ਦੇ ਸਬੰਧ ਵਿੱਚ ਹਾਨੀ ਜਾਂ ਨੁਕਸਾਨ ਦੀ ਪੂਰਤੀ ਲਈ ਕਿਸੇ ਵੀ ਤੀਜੀ ਧਿਰ ਤੇ ਮੁਕੱਦਮਾ ਕਰਨ ਦਾ ਅਧਿਕਾਰ ਹੈ।

8. **ਗ੍ਰਹਿਣ ਅਧਿਕਾਰ (Right of lien)** – ਨਿਖੇਪ ਗ੍ਰਹਿਣ ਕਰਤਾ ਨੂੰ ਵਿਸ਼ੇਸ਼ ਰੂਪ ਵਿੱਚ ਗ੍ਰਹਿਣ ਅਧਿਕਾਰ ਵੀ ਪ੍ਰਾਪਤ ਹੁੰਦਾ ਹੈ।

ਧਾਰਾ 165 ਦੇ ਅਨੁਸਾਰ ਜੇਕਰ ਨਿਖੇਪਿਤ ਮਾਲ ਦੇ ਕਈ ਜੁੜਵੇਂ ਮਾਲਕ ਹੋਣ ਤਾਂ ਵਿਰੋਧੀ ਮੁਆਇਦੇ ਦੀ ਅਣਹੋਂਦ ਵਿੱਚ ਨਿਖੇਪ ਗ੍ਰਹਿਣਕਰਤਾ ਸਾਰੇ ਨਿਖੇਪੀਆਂ ਦੀ ਸਹਿਮਤੀ ਪ੍ਰਾਪਤ ਕਰਨ ਤੋ ਬਗੈਰ ਕਿਸੇ ਵੀ ਨਿਖੇਪੀ ਨੂੰ ਮਾਲ ਵਾਪਸ ਕਰ ਸਕਦਾ ਹੈ।

ਨਿਖੇਪੀ ਦੇ ਫਰਜ

(Duties of Bailor)

1. **ਪਤਾ ਲੱਗੇ ਦੋਸ਼ਾਂ ਨੂੰ ਦੱਸਣਾਂ** (Duty to Disclose Known defects) – ਧਾਰਾ 150 ਨਿਖੇਪ ਕੀਤੇ ਮਾਲ ਦੀ ਉਚ ਦੇਖਭਾਲ ਅਤੇ ਦੇਣਦਾਰੀ ਦੇ ਸਬੰਧ ਵਿੱਚ ਮੁਫਤ ਨਿਖੇਪ ਅਤੇ ਫੀਸ ਸਹਿਤ ਨਿਖੇਪ ਵਿੱਚ ਫਰਕ ਦੱਸਦੀ ਹੈ। ਇੱਕ ਫੀਸ ਰਹਿਤ ਨਿਖੇਪੀ ਦਾ ਇਹ ਫਰਜ ਹੈ ਕਿ ਉਹ ਨਿਖੇਪ ਗ੍ਰਹਿਣਕਰਤਾ ਦੇ ਸਾਹਮਣੇ ਮਾਲ ਸਬੰਧੀ ਸਾਰੇ ਔਗੁਣਾਂ ਦਾ ਵਰਣਨ ਕਰੇ ਅਤੇ ਉਸ ਕਾਰਣ ਹੋਣ ਵਾਲੀਆਂ ਸਾਰੀਆਂ ਹਾਨੀਆਂ ਦਾ ਵੀ ਵਰਣਨ ਕਰੇ ਪਰੰਤੂ ਫੀਸ ਰਹਿਤ ਨਿਖੇਪੀ ਅਜਿਹਾ ਨਹੀ ਕਰ ਸਕਦਾ ਉਹ ਅਜਿਹੇ ਪਤਾ ਲੱਗੇ ਦੋਸ਼ਾਂ ਤੋਂ ਹੋਣ ਵਾਲੀਆਂ ਲਈ ਨਿਖੇਪ ਗ੍ਰਹਿਣਕਰਤਾ ਪ੍ਰਤੀ ਜੁਮੇਵਾਰੀ ਹੋਵੇਗੀ। ਪਰੰਤੂ ਅਜਿਹੇ ਅਣਜਾਣ ਦੋਸ਼ਾਂ ਦੇ ਕਾਰਣ ਨਿਖੇਪ ਗ੍ਰਹਿਣ ਕਰਤਾ ਦੀ ਕੋਈ ਹਾਨੀ ਹੁੰਦੀ ਹੈ ਤਾਂ ਨਿਖੇਪੀ ਉਸਦੀ ਪੂਰਤੀ ਨਹੀ ਕਰੇਗਾ।

ਉਦਾਹਰਣ: ੳ ਨੇ ਅ ਦੀ ਕਾਰ ਕਿਰਾਏ ਤੇ ਲਈ। ਕਾਰ ਅਸੁਰੱਖਿਅਤ ਸੀ। ਅ ਨੂੰ ਇਸਦੀ ਜਾਣਕਾਰੀ ਨਹੀ ਸੀ। ਕਾਰ ਵਰਤਣ ਤੇ ੳ ਦੁਰਘਟਨਾ ਹੋਣ ਤੇ ਜਖਮੀ ਹੋ ਜਾਂਦਾ ਹੈ ਇਥੇ ਅ ਦੀ ਜੁਮੇਵਾਰੀ ਬਣਦੀ ਹੈ ਕਿ ਉਹ ੳ ਦੇ ਨੁਕਸਾਨ ਦੀ ਪੂਰਤੀ ਕਰੇ।

ਧਾਰਾ 150 ਇਹ ਸਪੱਸ਼ਟ ਰੂਪ ਵਿੱਚ ਬਿਆਨ ਕਰਦੀ ਹੈ ਕਿ ਜੇਕਰ ਵਸਤਾਂ ਕਿਰਾਏ ਤੇ ਦਿੱਤੀਆਂ ਗਈਆਂ ਹੋਣ ਤਾਂ ਵਸਤਾਂ ਦੇ ਨੁਕਸਾਨ ਲਈ ਨਿਖੇਪੀ ਜਿੰਮੇਵਾਰ ਹੋਵੇਗਾ। ਬੇਸ਼ੱਕ ਉਸਨੂੰ ਵਸਤਾਂ ਦੇ ਨੁਕਸ ਦਾ ਪਹਿਲਾਂ ਪਤਾ ਹੋਵੇ ਜਾਂ ਨਾਂ। ਉਸਦਾ ਫਰਜ ਬਣਦਾ ਹੈ ਕਿ ਉਹ ਪਤਾ ਚੱਲਣ ਤੇ ਸਮੇਂ ਸਮੇਂ ਤੇ ਵਸਤਾਂ ਵਿੱਚ ਮੌਜੂਦ ਨੁਕਸ ਦੂਰ ਕਰੇ।

ਉਦਾਹਰਣ: ੳ ਨੇ ਅ ਦਾ ਰੇਹੜਾ ਕਿਰਾਏ ਤੇ ਲਿਆ। ਰੇਹੜਾ ਅਸੁਰੱਖਿਅਤ ਸੀ, ਜਿਸ ਬਾਰੇ ਅ ਨੂੰ ਪਤਾ ਨਹੀ ਸੀ। ਨਤੀਜੇ ਵੱਜੋਂ ੳ ਨੂੰ ਸੱਟ ਲੱਗ ਗਈ। ੳ ਨੂੰ ਹੋਏ ਨੁਕਸਾਨ ਪ੍ਰਤੀ ਅ ਦੀ ਦੇਣਦਾਰੀ ਬਣਦੀ ਹੈ।

2. **ਗੈਰ ਸਧਾਰਣ ਖਰਚੇ ਦਾ ਭੁਗਤਾਨ ਕਰਨਾ** (Duty to bear extra ordinary expenses or balment) – ਜੇਕਰ ਨਿਖੇਪ ਮੁਫਤ ਹੈ ਅਤੇ ਨਿਖੇਪ ਗ੍ਰਹਿਣਕਰਤਾ ਨੂੰ ਇਸਦੇ ਲਈ ਨਿਖੇਪ ਤੋਂ ਕੋਈ ਮਿਹਨਤਾਨਾ ਨਹੀ ਮਿਲਦਾ ਤਾਂ ਨਿਖੇਪੀ ਉਸ ਮਾਲ ਦੇ ਸਬੰਧ ਵਿੱਚ ਨਿਖੇਪ ਗ੍ਰਹਿਣਕਰਤਾ ਦੁਆਰਾ ਕੀਤਾ ਗਿਆ ਖਰਚ ਵਾਪਸ ਕਰਨ ਲਈ ਜਵਾਬਦੇਹ ਹੋਵੇਗਾ। ਧਾਰਾ 158 ਇਸ ਤਰ੍ਹਾਂ ਜੇਕਰ ਨਿਖੇਪ ਗ੍ਰਹਿਣਕਰਤਾ ਬਿਮਾਰ ਘੋੜੇ ਦੀ ਦਵਾ ਦਾਰੂ ਤੇ ਖਰਚ ਕਰਦਾ ਹੈ ਅਤੇ ਘੋੜੇ ਦੇ ਗੁੰਮ ਹੋ ਜਾਣ ਦੀ ਹਾਲਤ ਵਿੱਚ ਉਸਨੂੰ ਲੱਭਣ ਤੇ ਕੋਈ ਖਰਚਾ ਕਰਦਾ ਹੈ ਤਾਂ ਉਹ ਖਰਚ ਦੀ ਅਦਾਇਗੀ ਨਿਖੇਪੀ ਤੋਂ ਵਾਪਸ ਲੈ ਸਕਦਾ ਹੈ।

3. ਨਿਖੇਪ ਗ੍ਰਹਿਣਕਰਤਾ ਦੀ ਹਾਨੀਪੂਰਤੀ ਕਰਨਾ (duty to idemnity bailee) – ਧਾਰਾ 164 ਦੇ ਅਨੁਸਾਰ ਨਿਖੇਪੀ ਨਿਖੇਪ ਗ੍ਰਹਿਣਕਰਤਾ ਦੀਆਂ ਉਹਨਾਂ ਸਾਰੀਆਂ ਹਾਨੀਆਂ ਨੂੰ ਪੂਰਾ ਕਰਨ ਲਈ ਜਿੰਮੇਵਾਰ ਹੋਵੇਗਾ ਜੋ ਨਿਖੇਪੀ ਦੇ ਦੋਸ਼ਪੂਰਨ ਅਧਿਕਾਰਾਂ ਦੇ ਕਾਰਨ ਉਸਨੂੰ ਹੋਈ ਹੋਵੇ। ਦੂਜੇ ਸ਼ਬਦਾਂ ਵਿੱਚ ਨਿਖੇਪ ਗ੍ਰਹਿਣਕਰਤਾ ਨੂੰ ਹੋਈ ਅਜਿਹੀ ਹਾਨੀ ਨੂੰ ਪੂਰਾ ਕਰਨ ਲਈ ਜਵਾਬਦੇਹ ਹੁੰਦਾ ਹੈ ਜਿਹੜੀ ਨਿਖੇਪ ਗ੍ਰਹਿਣਕਰਤਾ ਨੂੰ ਇਸ ਲਈ ਉਠਾਉਣੀ ਪਈ ਹੋਵੇ ਕਿ ਨਿਖੇਪੀ ਨੂੰ ਨਿਖੇਪ ਕਰਨ ਜਾਂ ਮਾਲ ਵਾਪਸ ਕਰਨ ਦੇ ਸਬੰਧ ਵਿੱਚ ਹੁਕਮ ਦੇਣ ਦਾ ਅਧਿਕਾਰ ਨਹੀ ਸੀ।

2.3.8 ਮਾਲ ਪਾਉਣ ਵਾਲਾ ਵਿਅਕਤੀ (Finder of lost goods)

ਇੱਕ ਵਿਅਕਤੀ ਜੋ ਗੁਆਚੀ ਜਾਂ ਪਈ ਹੋਈ ਵਸਤੂ ਨੂੰ ਆਪਣੇ ਅਧਿਕਾਰ ਵਿੱਚ ਲੈ ਲੈਂਦਾ ਹੈ ਤਾਂ ਉਸਨੂੰ ਮਾਲ ਪਾਉਣ ਵਾਲਾ ਵਿਅਕਤੀ ਆਖਦੇ ਹਨ। ਉਸ ਦਾ ਉਦੇਸ਼ ਸਹੀ ਮਾਲਕ ਦੀ ਰੱਖਿਆ ਕਰਨਾ ਹੁੰਦਾ ਹੈ। ਆਮ ਕਰਕੇ ਇਹ ਜਰੂਰੀ ਨਹੀਂ ਹੈ ਕਿ ਕੋਈ ਵਿਅਕਤੀ ਪਈ ਹੋਈ ਵਸਤੂ ਨੂੰ ਚੁੱਕੇ, ਪਰੰਤੂ ਜੇ ਉਸਨੈ ਮਾਲ ਚੁੱਕ ਕੇ ਆਪਣੇ ਕਬਜੇ ਵਿੱਚ ਲੈ ਲਿਆ ਹੈ ਤਾਂ ਉਹ ਕੁਝ ਕਾਨੂੰਨੀ ਕਰਤੱਵਾਂ ਅਤੇ ਅਧਿਕਾਰਾਂ ਦਾ ਪਾਬੰਦ ਹੋਵੇਗਾ। **ਐਕਟ ਦੀ ਧਾਰਾ 17** ਵਿੱਚ ਇਸਦਾ ਸਪੱਸ਼ਟ ਉਲੇਖ ਹੈ ਕਿ ਉਹ ਵਿਅਕਤੀ ਜੋ ਹੋਰ ਵਿਅਕਤੀ ਦੀਆਂ ਪਈਆਂ ਹੋਈਆਂ ਵਸਤਾਂ ਚੁੱਕਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਕਬਜੇ ਵਿੱਚ ਲੈ ਲੈਂਦਾ ਹੈ ਤਾਂ ਉਸਦੀਆਂ ਉਹ ਹੀ ਜਿੰਮੇਵਾਰੀਆਂ ਹੋਣਗੀਆਂ ਜੋ ਇੱਕ ਨਿਖੇਪ ਗ੍ਰਹਿਣਕਰਤਾ ਦੀਆਂ ਹੁੰਦੀਆਂ ਹਨ।

ਇਸ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਮਾਲ ਪਾਉਣ ਵਾਲੇ ਵਿਅਕਤੀ ਦੀ ਉਹੀ ਸਥਿਤੀ ਹੈ ਜੋ ਕਿ ਨਿਖੇਪ ਗ੍ਰਹਿਣਕਰਤਾ ਦੀ ਹੈ। ਸੰਖੇਪ ਵਿੱਚ ਇਸ ਦੇ ਕਰਤੱਵ ਅਤੇ ਅਧਿਕਾਰ ਨਿਮਨ ਹਨ:

ਕਤਵੱਵ (Duties) :

(i) ਮਿਲੇ ਮਾਲ ਦੀ ਉੱਚਿਤ ਦੇਖਭਾਲ ਕਰਨਾ।

(ii) ਅਣ-ਅਧਿਕਾਰਿਤ ਉਪਯੋਗ ਨਾ ਕਰਨਾ।

(iii) ਮਿਲੇ ਮਾਲ ਨੂੰ ਆਪਣੇ ਮਾਲ ਵਿੱਚ ਨਾ ਮਿਲਾਉਣਾ।

(iv) ਮਿਲੇ ਮਾਲ ਤੇ ਪ੍ਰਤਿਕੂਲ ਅਧਿਕਾਰ ਸਥਾਪਤ ਨਾ ਕਰਨਾ।

(v) ਮਾਲ ਦੇ ਮਾਲਕ ਦੀ ਭਾਲ ਲਈ ਉੱਚਿਤ ਜਤਨ ਕਰਨਾ।

(vi) ਮਾਲ ਨੂੰ ਵਾਸਤਵਿਕ ਮਾਲਕ ਨੂੰ ਵਾਪਸ ਕਰਨਾ।

(vii) ਮਾਲ ਵਿੱਚ ਹੋਏ ਵਾਧੇ ਨੂੰ ਅਸਲ ਮਾਲਕ ਨੂੰ ਵਾਪਸ ਕਰਨਾ।

2.3.9 ਮਾਲ ਪਾਉਣ ਵਾਲੇ ਵਿਅਕਤੀ ਦੇ ਅਧਿਕਾਰ (Rights of finder of Goods)

1) **ਗ੍ਰਹਿਣ ਅਧਿਕਾਰ : ਧਾਰਾ 168** ਅਨੁਸਾਰ ਮਾਲ ਪਾਉਣ ਵਾਲਾ ਵਿਅਕਤੀ ਮਿਲੇ ਮਾਲ ਨੂੰ ਵੁਸ ਸਮੇਂ ਤੱਕ ਰੋਕੀ ਰੱਖ ਸਕਦਾ ਹੈ ਜਦੋਂ ਤੱਕ ਉਸਨੂੰ ਉਸ ਵਸਤੂ ਦੀ ਦੇਖਭਾਲ ਕਰਨ ਅਤੇ ਮਾਲਕ ਦੀ ਤਲਾਸ਼ ਵਿੱਚ ਹੋਏ ਖਰਚੇ ਦਾ ਮੁਆਵਜਾ ਨਹੀ ਮਿਲ ਜਾਂਦਾ।

2) **ਵਿਸ਼ੇਸ਼ ਇਨਾਮ ਲਈ ਦਾਵਾ ਕਰਨ ਦਾ ਅਧਿਕਾਰ** (Right to sue for specific reward) : **ਧਾਰਾ 168** ਅਨੁਸਾਰ ਜੇ ਮਾਲਕ ਦੁਆਰਾ ਮਾਲ ਦੇ ਲੱਭਣ ਅਤੇ ਉਸ ਤੱਕ ਪਹੁੰਚਾਉਣ ਲਈ ਕਿਸੇ ਵਿਸ਼ੇਸ਼ ਇਨਾਮ ਦੀ ਘੋਸ਼ਣਾ ਕੀਤੀ ਗਈ ਹੈ ਅਤੇ ਮਾਲ ਪਾਉਣ ਵਾਲੇ ਨੂੰ ਇਸਦਾ ਪਹਿਲਾਂ ਤੋਂ ਹੀ ਗਿਆਨ ਹੈ ਤਾਂ ਉਹ ਇਸ ਇਨਾਮ ਨੂੰ ਪ੍ਰਾਪਤ ਕਰਨ ਲਈ ਦਾਵਾ ਦਾਇਰ ਕਰਨ ਦਾ ਅਧਿਕਾਰ ਰੱਖਦਾ ਹੈ।

3) **ਵਿਕਰੀ ਦਾ ਅਧਿਕਾਰ** (Right of Sale) : ਧਾਰਾ 169 ਅਨੁਸਾਰ ਮਾਲ ਪਾਉਣ ਵਾਲਾ ਵਿਅਕਤੀ

(i) ਜਦੋਂ ਉਚਿਤ ਕੋਸ਼ਿਸ਼ਾਂ ਤੋਂ ਬਾਅਦ ਵੀ ਉਹ ਸਹੀ ਮਾਲਕ ਦਾ ਪਤਾ ਨਾ ਲਗਾ ਸਕਿਆ ਹੋਵੇ, ਜਾਂ

(ii) ਪਤਾ ਲੱਗ ਜਾਣ ਤੇ ਮਾਲ ਦਾ ਮਾਲਕ, ਮਾਲ ਪਾਉਣ ਵਾਲੇ ਵਿਅਕਤੀ ਦੁਆਰਾ ਕੀਤੇ ਗਏ ਕਾਨੂੰਨੀ ਖਰਚਿਆਂ ਦੀ ਅਦਾਇਗੀ ਤੋਂ ਇਨਕਾਰ ਕਰਦਾ ਹੋਵੇ ਤਾਂ ਨਿਮਨਲਿਖਤ ਸਥਿਤੀਆਂ ਵਿੱਚ ਮਾਲ ਪਾਉਣ ਵਾਲਾ ਵਿਅਕਤੀ ਮਾਲ ਨੂੰ ਵੇਚ ਸਕਦਾ ਹੈ:

(ੳ) ਜਦੋਂ ਉਹ ਵਸਤੂ ਅਜਿਹੀ ਹੋਵੇ ਜੋ ਨਸ਼ਟ ਹੋ ਸਕਦੀ ਹੈ ਜਾਂ ਆਪਣੇ ਮੁੱਲ ਦਾ ਅਧਿਕਤਮ ਭਾਗ ਗੁਆ ਸਕਦੀ ਹੈ, ਜਾਂ

(ਅ) ਜਦੋਂ ਮਾਲ ਪਾਉਣ ਵਾਲੇ ਦੇ ਕਾਨੂੰਨੀ ਖਰਚੇ ਮਿਲੇ ਮਾਲ ਦੇ ਦੋ-ਤਿਹਾਈ ਮੁੱਲ ਤੋਂ ਅਧਿਕ ਹੋਣ।

(iii) ਮਾਲ ਪਾਉਣ ਵਾਲਾ ਵਿਅਕਤੀ ਸਹੀ ਮਾਲਕ ਤੋਂ ਇਲਾਵਾ ਸਾਰੇ ਸੰਸਾਰ ਦੇ ਮੁਕਾਬਲੇ ਮੁਕਾਬਲੇ ਤੇ ਚੰਗਾ ਅਧਿਕਾਰ ਰੱਖਦਾ ਹੈ।

2.3.10 ਨਿਖੇਪ ਦੀ ਸਮਾਪਤੀ (Termination of Bailment)

ਨਿਖੇਪ ਦੀ ਸਮਾਪਤੀ ਦੇ ਨਿਮਨ ਤਰੀਕੇ ਹਨ:

1. **ਮਿਆਦ ਸਮਾਪਤ ਹੋਣ ਤੇ** – ਜੇ ਨਿਖੇਪ ਦਾ ਮੁਆਇਦਾ ਕਿਸੇ ਨਿਸ਼ਚਿਤ ਸਮੇਂ ਲਈ ਹੈ ਤਾਂ ਇਸ ਮਿਆਦ ਦੇ ਸਮਾਪਤ ਹੋਣ ਤੇ ਨਿਖੇਪ ਦਾ ਮੁਆਇਦਾ ਵੀ ਸਮਾਪਤ ਹੋ ਜਾਂਦਾ ਹੈ।(ਧਾਰਾ 160)
2. **ਮੰਤਵ ਪੂਰਾ ਹੋਣ ਤੇ** – ਜੇ ਨਿਖੇਪ ਦਾ ਮੁਆਇਦਾ ਕਿਸੇ ਵਿਸੇਸ਼ ਮੰਤਵ ਲਈ ਹੈ ਤਾਂ ਇਸ ਮੰਤਵ ਦੇ ਪੂਰਾ ਹੋਣ ਦੇ ਨਾਲ ਹੀ ਨਿਖੇਪ ਦਾ ਮੁਆਇਦਾ ਸਮਾਪਤ ਹੋ ਜਾਂਦਾ ਹੈ। (ਧਾਰਾ 160)
3. **ਸ਼ਰਤਾਂ ਦੇ ਵਿਰੁੱਧ ਕੰਮ ਕੀਤੇ ਜਾਣ ਤੇ** – ਜੇ ਨਿਖੇਪ ਗ੍ਰਹਿਣਕਰਤਾ ਨਿਖੇਪਿਤ ਵਸਤੂ ਦੇ ਸਬੰਧ ਵਿੱਚ ਕੋਈ ਅਜਿਹਾ ਕਾਰਜ ਕਰਦਾ ਹੈ ਜੋ ਕਿ ਮੁਆਇਦੇ ਦੀਆਂ ਸ਼ਰਤਾਂ ਦੇ ਵਿਰੁੱਧ ਹੈ ਤਾਂ ਨਿਖੇਪ ਸਮਾਪਤ ਹੋ ਜਾਵੇਗਾ।(ਧਾਰਾ 153)

4. **ਫੀਸ-ਰਹਿਤ ਨਿਖੇਪ** - ਫੀਸ-ਰਹਿਤ ਨਿਖੇਪ ਦੀ ਸਥਿਤੀ ਵਿੱਚ ਨਿਖੇਪੀ ਕਦੇ ਵੀ ਨਿਖੇਪਿਤ ਵਸਤੂ ਮੰਗ ਕੇ ਮੁਆਇਦੇ ਨੂੰ ਸਮਾਪਤ ਕਰ ਸਕਦਾ ਹੈ, ਭਾਵ ਨਿਖੇਪ ਨਿਸ਼ਚਿਤ ਮੰਤਵ ਜਾਂ ਸਮੇਂ ਲਈ ਹੀ ਕੀਤਾ ਗਿਆ ਸੀ।

ਪਾਠ ਨੰ. 2.4 **ਲੇਖਿਕਾ : ਰਾਜਵਿੰਦਰ ਕੌਰ**

ਏਜੰਸੀ (Agency)

2.4.0 ਭੂਮਿਕਾ (Introduction)
2.4.1 ਪਰਿਭਾਸ਼ਾ (Definition)
2.4.2 ਲਾਜ਼ਮੀ ਤੱਤ (Essential elements)
2.4.3 ਪ੍ਰਧਾਨ ਕੌਣ ਹੋ ਸਕਦਾ ਹੈ ? (Who may be a President)
2.4.4 ਏਜੰਟ ਕੌਣ ਹੁੰਦਾ ਹੈ ? (Who is an Agent)
2.4.5 ਏਜੰਟ ਅਤੇ ਨੌਕਰ ਵਿਚਕਾਰ ਅੰਤਰ (Difference between Agent and Servant)
2.4.6 ਏਜੰਟ ਦੇ ਪ੍ਰਕਾਰ (Types of Agent)
2.4.7 ਏਜੰਸੀ ਦੀ ਸਥਾਪਨਾ (Creation of Agent)
2.4.8 ਏਜੰਟ ਦੇ ਅਧਿਕਾਰ (Rights of Agent)
2.4.9 ਏਜੰਸੀ ਦੀ ਸਮਾਪਤੀ (Termination of Agency)

2.4.0 ਭੂਮਿਕਾ (Intriduction)

ਆਧੁਨਿਕ ਜਟਿਲ, ਰੁਝੇਵੇਂ ਭਰੇ ਅਤੇ ਵਿਸਤਾਰਵਾਦੀ ਵਪਾਰਕ ਜਗਤ ਵਿੱਚ ਇਹ ਸੰਭਵ ਨਹੀਂ ਕਿ ਹਰੇਕ ਵਿਅਕਤੀ ਆਪਣੇ ਵਪਾਰ ਨਾਲ ਸਬੰਧਤ ਸਾਰੇ ਕਾਰਜਾਂ ਦਾ ਸੰਚਾਲਨ ਅਤੇ ਨਿਰਮਾਣ ਆਪ ਕਰੇ । ਉਸ ਨੂੰ ਦੂਜੇ ਵਿਅਕਤੀਆਂ ਦੀ ਸਹਾਇਤਾ ਦੀ ਲੋੜ ਹੁੰਦੀ ਹੈ । ਇਹ ਸਹਾਇਤਾ ਜਾਂ ਤਾਂ ਉਹ ਆਪਣੇ ਪਾਸ ਨਿਯੁਕਤ ਨੌਕਰਾਂ ਤੋਂ ਲੈ ਸਕਦਾ ਹੈ ਜਾਂ ਫਿਰ ਉਨ੍ਹਾਂ ਵਿਅਕਤੀਆਂ ਤੋਂ, ਜਿਨ੍ਹਾਂ ਨੂੰ ਆਪਣੇ ਨਾਂ ਤੇ ਕੰਮ ਕਰੇ ਅਤੇ ਉਸਦੀ ਪ੍ਰਤਿਨਿਧਤਾ ਕਰਨ ਦਾ ਅਧਿਕਾਰ ਦਿੱਤਾ ਹੈ । ਵਪਾਰ ਦੇ ਕਾਰਜ ਨੂੰ ਅਧਿਕ ਕੁਸ਼ਲਤਾ ਪੂਰਵਕ ਅਤੇ ਨਿਸ਼ਠਾ ਅਤੇ ਲਗਨ ਨਾਲ ਪੂਰਾ ਕਰਾਉਣ ਦੇ ਉਦੇਸ਼ ਨਾਲ ਆਮ ਕਰਕੇ ਵਪਾਰੀ ਦੂਜੇ ਵਿਕਲਪ ਨੂੰ ਚੁਣ ਸਕਦਾ ਹੈ । ਅਜਿਹੇ ਵਿਕਲਪ ਦੇ ਆਧਾਰ ਤੇ ਕਾਰਜ ਕਰਨ ਵਾਲੇ ਨੂੰ ਏਜੰਟ ਅਤੇ ਕਾਰਜ ਕਰਾਉਣ ਵਾਲੇ ਨੂੰ ਪ੍ਰਧਾਨ ਜਾਂ ਨਿਯੁਕਤੀਕਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ ।

2.4.1 ਪਰਿਭਾਸ਼ਾ (Definition)

ਆਮ ਨਿਯਮ ਤਾਂ ਇਹ ਹੈ ਕਿ ਕੋਈ ਵਿਅਕਤੀ ਹੋਰ ਵਿਅਕਤੀ ਨਾਲ ਮੁਆਇਦਾ ਕਰਕੇ ਤੀਜੀ ਧਿਰ ਤੇ ਨਾਂ ਤਾਂ ਜ਼ਿੰਮੇਵਾਰੀ ਪਾ ਸਕਦਾ ਹੈ ਅਤੇ ਨਾ ਹੀ ਅਧਿਕਾਰ ਦੇ ਸਕਦਾ ਹੈ । ਫਿਰ ਵੀ ਕਿਸੇ ਵਿਅਕਤੀ ਦੁਆਰਾ ਤੀਜੀ ਧਿਰ ਨਾਲ ਕਾਨੂੰਨੀ ਸਬੰਧ ਉਤਪੰਨ ਕਰਨ ਲਈ ਉਸ ਨੂੰ ਆਪਣੀ ਪ੍ਰਤਿਨਿਧਤਾ ਕਰਨ ਵਾਸਤੇ ਨਿਯੁਕਤ ਕੀਤਾ ਜਾ ਸਕਦਾ ਹੈ । ਇਸ ਮੰਤਵ ਲਈ ਨਿਯੁਕਤੀ ਨੂੰ ਹੀ ਏਜੰਸੀ ਕਿਹਾ ਜਾਂਦਾ ਹੈ ।

"ਕਾਨੂੰਨ ਵਿਚ ਏਜੰਸੀ ਦਾ ਭਾਵ ਇਕ ਵਿਅਕਤੀ ਦੇ ਉਸ ਅਧਿਕਾਰ ਜਾਂ ਸਮਰੱਥਾ ਤੋਂ ਹੈ ਜਿਸ ਨਾਲ ਪ੍ਰਧਾਨ ਅਤੇ ਤੀਜੀ ਧਿਰ ਵਿਚਕਾਰ ਕਾਨੂੰਨੀ ਸਬੰਧ ਉਤਪੰਨ ਕੀਤੇ ਜਾ ਸਕਣ । (Agency in law connotes an authority or capacity in one person to create legal relations between a person occupying the position

of principal and third parties.) ਏਜੰਸੀ ਦੇ ਉਪਰੋਕਤ ਵਿਵਰਣ ਤੋਂ ਇਹ ਸਪੱਸ਼ਟ ਹੈ ਕਿ ਇਹ ਇਹ ਅਜਿਹਾ ਮਆਇਦਾ ਹੈ ਜਿਸ ਅਧੀਨ ਇਕ ਵਿਅਕਤੀ ਦੂਜੇ ਵਿਅਕਤੀ ਨੂੰ ਤੀਜੇ ਵਿਅਕਤੀ ਨਾਲ ਆਪਣੀ ਪ੍ਰਤਿਨਿਧਤਾ ਕਰਨ ਦਾ ਅਧਿਕਾਰ ਦਿੰਦਾ ਹੈ । ਜਿਸ ਅਧੀਨ ਸਾਧਾਰਣ ਤੌਰ ਤੇ ਅੰਤਿਮ ਜ਼ਿੰਮੇਵਾਰੀ ਨਿਯੁਕਤ ਕਰਨ ਵਾਲੇ ਵਿਅਕਤੀ ਦੀ ਹੋ ਜਾਂਦੀ ਹੈ ।

2.4.2 ਲਾਜ਼ਮੀ ਤੱਤ (Essential elements)

ਉਪਰੋਕਤ ਵਿਵਰਣ ਤੋਂ ਏਜੰਸੀ ਮੁਆਇਦੇ ਦੇ ਨਿਮਨ ਤੱਤ ਸਪੱਸ਼ਟ ਹੁੰਦੇ ਹਨ :-

1. **ਇਕਰਾਰ (Agreement) :** ਏਜੰਸੀ ਇਕਰਾਰ ਕਾਰਨ ਹੋਂਦ ਵਿੱਚ ਆਉਂਦੀ ਹੈ ਅਤੇ ਇਸ ਲਈ ਇਕਰਾਰ ਦੀ ਅਣਹੋਂਦ ਵਿਚ ਧਿਰਾਂ ਦੇ ਸਬੰਧਾਂ ਨੂੰ ਏਜੰਸੀ ਨਹੀਂ ਕਿਹਾ ਜਾ ਸਕਦਾ । ਇਹ ਇਕਰਾਰ ਸਪੱਸ਼ਟ ਜਾਂ ਨਿਹਿਤ ਹੋ ਸਕਦਾ ਹੈ ।
2. **ਅਧਿਕਾਰ (Authority) :** ਧਿਰਾਂ ਦੇ ਸਬੰਧ ਨੂੰ ਏਜੰਸੀ ਤਾਂ ਹੀ ਕਿਹਾ ਜਾ ਸਕੇਗਾ ਜਦੋਂ ਪ੍ਰਧਾਨ ਨੇ ਏਜੰਟ ਨੂੰ ਉਸਦੀ ਪ੍ਰਤਿਨਿਧਤਾ ਕਰਨ ਲਈ ਕੁਝ ਅਧਿਕਾਰ ਪ੍ਰਦਾਨ ਕੀਤੇ ਹੋਣ ।
3. **ਪ੍ਰਧਾਨ ਵੱਲੋਂ ਕਾਰਜ ਕਰਨ ਦਾ ਇਰਾਦਾ (Intention to act on behalf of Principal):** ਜਦੋਂ ਤਕ ਇਕ ਵਿਅਕਤੀ ਦੂਜੇ ਵਿਅਕਤੀ (ਪ੍ਰਧਾਨ) ਵੱਲੋਂ ਕਾਰਜ ਕਰਨ ਦਾ ਇਰਾਦਾ ਨਹੀਂ ਰੱਖਦਾ, ਉਦੋਂ ਤਕ ਉਹਨਾਂ ਵਿਚਕਾਰ ਏਜੰਸੀ ਨਹੀਂ ਆਖੀ ਜਾ ਸਕੇਗੀ । ਇਹ ਕਾਰਜ ਹੀ ਪ੍ਰਧਾਨ ਨੂੰ ਤੀਜੀ ਧਿਰ ਪ੍ਰਤਿ ਜ਼ਿੰਮੇਵਾਰ ਬਣਾਉਂਦਾ ਹੈ ।
4. **ਵਿਸ਼ਵਾਸ-ਆਸ਼ਰਿਤ ਸਬੰਧ (Fiduciary Relationship) :** ਏਜੰਸੀ ਪ੍ਰਧਾਨ ਅਤੇ ਏਜੰਟ ਦੇ ਪਰਸਪਰ ਵਿਸ਼ਵਾਸ ਅਤੇ ਸਦਭਾਵਨਾ ਤੇ ਆਧਾਰਿਤ ਹੈ ।
5. **ਕੋਈ ਵੀ ਵਿਅਕਤੀ ਏਜੰਟ ਬਣ ਸਕਦਾ ਹੈ :** ਧਾਰਾ 185 ਅਨੁਸਾਰ ਨਾਬਾਲਗ ਅਤੇ ਅਸਵਸਥ ਦਿਮਾਗ ਦੇ ਵਿਅਕਤੀ ਵੀ ਏਜਮਟ ਬਣ ਸਕਦੇ ਹਨ, ਪ੍ਰੰਤੂ ਅਜਿਹੇ ਵਿਅਕਤੀ ਮਾਲਕ ਨੂੰ ਜਵਾਬ ਦੇਹ ਨਹੀਂ ਹੋਣਗੇ ।
6. **ਪ੍ਰਤਿਫਲ ਦੀ ਲੋੜ ਨਹੀਂ :** ਏਜੰਸੀ ਸਥਾਪਤ ਕਰਨ ਲਈ ਕਿਸੇ ਪ੍ਰਤਿਫਲ ਦੀ ਲੋੜ ਨਹੀਂ ਹੁੰਦੀ।

2.4.3 ਪ੍ਰਧਾਨ ਕੌਣ ਹੋ ਸਕਦਾ ਹੈ ? (Who may be a principal ?) : **ਧਾਰਾ** 183 ਅਨੁਸਾਰ ਅਜਿਹਾ ਕੋਈ ਵੀ ਵਿਅਕਤੀ ਜੋ ਬਾਲਗ ਹੈ ਅਤੇ ਸਵਸਥ ਦਿਮਾਗ ਦਾ ਹੈ, ਏਜੰਟ ਨਿਯੁਕਤ ਕਰ ਸਕਦਾ ਹੈ । ਅਰਥਾਤ ਅਜਿਹਾ ਵਿਅਕਤੀ ਜੋ ਨਾਬਾਲਗ ਹੈ ਜਾਂ ਅਸਵਸਥ ਦਿਮਾਗ ਦਾ ਹੈ, ਉਹ ਪ੍ਰਧਾਨ ਨਹੀਂ ਬਣ ਸਕਦਾ।

2.4.4 ਏਜੰਟ ਕੌਣ ਹੁੰਦਾ ਹੈ ? (Who is an Agent ?) : **ਧਾਰਾ 182 ਅਨੁਸਾਰ :** "ਇਕ ਏਜੰਟ ਉਹ ਵਿਅਕਤੀ ਹੈ ਜੋ ਕਿਸੇ ਦੂਜੇ ਵੱਲੋਂ ਕਾਰਜ ਕਰਨ ਲਈ ਜਾਂ ਹੋਰ ਧਿਰਾਂ ਨਾਲ ਕੀਤੇ ਗਏ ਵਿਵਹਾਰਾਂ ਵਿਚ ਕਿਸੇ ਦੂਜੇ ਦੀ ਪ੍ਰਤਿਨਿਧਤਾ ਕਰਨ ਲਈ ਨਿਯੁਕਤ ਕੀਤਾ ਜਾਂਦਾ ਹੈ । (An agent is a person employed to do any act for another or to represent another in dealing with third persons.)

ਉਪਰੋਕਤ ਪਰਿਭਾਸ਼ਾ ਦੇ ਵਿਸ਼ਲੇਸ਼ਨ ਤੋਂ ਇਹ ਸਪੱਸ਼ਟ ਹੈ ਕਿ ਏਜੰਟ ਪ੍ਰਧਾਨ ਅਤੇ ਤੀਜੀ ਧਿਰ ਵਿਚਕਾਰ ਸਬੰਧ ਸਥਾਪਤ ਕਰਨ ਵਾਲੀ ਇਕ ਕੜੀ ਹੈ । ਇਹ ਆਪਣੇ ਕਾਰਜਾਂ ਨਾਲ ਪ੍ਰਧਾਨ ਨੂੰ ਪਾਬੰਦ ਕਰਦਾ ਹੈ ।

ਉਦਾਹਰਣ : ਰਮੇਸ਼ ਆਪਣੀ ਸੰਪਤੀ ਨੂੰ ਵੇਚਣ ਲਈ ਸੁਰੇਸ਼ ਨੂੰ ਨਿਯੁਕਤ ਕਰਦਾ ਹੈ । ਇੱਥੇ ਰਮੇਸ਼ ਪ੍ਰਧਾਨ ਹੈ ਅਤੇ ਸੁਰੇਸ਼ ਏਜੰਟ ।

ਉਪਰੋਕਤ ਵਿਵਰਣ ਤੋਂ ਏਜੰਟ ਦੀਆਂ ਨਿਮਨ **ਵਿਸ਼ੇਸ਼ਤਾਈਆਂ** ਸਪੱਸ਼ਟ ਹੁੰਦੀਆਂ ਹਨ :-

i) ਇਹ ਉਹ ਵਿਅਕਤੀ ਹੈ ਜੋ ਕਿਸੇ ਹੋਰ ਧਿਰ ਦੀ ਪ੍ਰਤਿਨਿਧਤਾ ਕਰਦਾ ਹੈ ।

ii) ਉਹ ਪ੍ਰਧਾਨ ਅਤੇ ਹੋਰ ਵਿਅਕਤੀਆਂ ਵਿਚਕਾਰ ਇਕ ਕੜੀ ਦੇ ਰੂਪ ਵਿਚ ਕੰਮ ਕਰਦਾ ਹੈ ।

iii) **ਧਾਰਾ 184** ਅਨੁਸਾਰ ਕੋਈ ਵੀ ਵਿਅਕਤੀ ਏਜੰਟ ਬਣ ਸਕਦਾ ਹੈ, ਪਰੰਤੂ ਪ੍ਰਧਾਨ ਦੇ ਪ੍ਰਤਿ ਏਜੰਟ ਨੂੰ ਜ਼ਿੰਮੇਵਾਰ ਬਣਾਉਣ ਲਈ ਉਸਦਾ ਬਾਲਗ ਅਤੇ ਸਵਸਥ ਮਨ ਦਾ ਹੋਣਾ ਬਹੁਤ ਜ਼ਰੂਰੀ ਹੈ ।

iv) ਏਜੰਟ ਨੌਕਰ ਅਤੇ ਠੇਕੇਦਾਰ ਤੋਂ ਭਿੰਨ ਹੈ ।

2.4.5 ਏਜੰਟ ਅਤੇ ਨੌਕਰ ਵਿਚਕਾਰ ਅੰਤਰ (Difference between Agent and Servant) :

ਅੰਤਰ ਦਾ ਆਧਾਰ	ਏਜੰਟ (Agent)	ਨੌਕਰ (Servant)
ਏਜੰਟ ਦਾ ਅਧਿਕਾਰ	ਏਜੰਟ ਨੂੰ ਆਪਣੇ ਮਾਲਕ ਦੇ ਸਥਾਨ ਤੇ ਕਾਰਜ ਕਰਨ ਅਤੇ ਤੀਜੀ ਧਿਰ ਅਤੇ ਪ੍ਰਧਾਨ ਵਿਚਕਾਰ ਕਾਨੂੰਨੀ ਸਬੰਧ ਉਤਪੰਨ ਕਰਨ ਦਾ ਅਧਿਕਾਰ ਹੁੰਦਾ ਹੈ।	ਨੌਕਰ ਪਾਸ ਅਜਿਹਾ ਅਧਿਕਾਰ ਨਹੀਂ ਹੁੰਦਾ ਜਿਸ ਅਧੀਨ ਉਹ ਮਾਲਕ ਅਤੇ ਤੀਜੀ ਧਿਰ ਵਿਚਕਾਰ ਕਾਨੂੰਨੀ ਸਬੰਧ ਉਤਪੰਨ ਕਰ ਸਕੇ।
ਮਾਲਿਕ ਜਾਂ ਪ੍ਰਧਾਨ ਦਾ ਅਧਿਕਾਰ	ਪ੍ਰਧਾਨ ਨੂੰ ਇਹ ਅਧਿਕਾਰ ਹੈ ਕਿ ਉਹ ਆਪਣੇ ਏਜੰਟ ਨੂੰ ਇਹ ਦੱਸੇ ਕਿ ਉਸਨੇ ਕੀ ਕਾਰਜ ਕਰਨਾ ਹੈ ।	ਮਾਲਕ ਨੌਕਰ ਨੂੰ ਇਹ ਦੱਸਣ ਦਾ ਅਧਿਕਾਰ ਰੱਖਦਾ ਹੈ ਕਿ ਉਸਨੇ ਕੀ ਕਰਨਾ ਹੈ ਅਤੇ ਕਿਵੇਂ ਕਰਨਾ ਹੈ
ਸੇਵਾਫਲ ਭੁਗਤਾਨ	ਏਜੰਟ ਨੂੰ ਕਾਰਜ ਦੇ ਬਦਲੇ ਕਮਿਸ਼ਨ ਦੇ ਰੂਪ ਵਿੱਚ ਸੇਵਾਫਲ ਦਿੱਤਾ ਜਾਂਦਾ ਹੈ।	ਨੌਕਰ ਨੂੰ ਕਾਰਜ ਦੇ ਬਦਲੇ ਤਨਖਾਹ ਜਾਂ ਮਜ਼ਦੂਰੀ ਮਿਲਦੀ ਹੈ ।
ਜ਼ਿੰਮੇਵਾਰੀ	ਏਜੰਟ ਦੇ ਮਾੜੇ ਕਾਰਜਾਂ ਲਈ ਪ੍ਰਧਾਨ ਤਾਂ ਹੀ ਜ਼ਿੰਮੇਵਾਰ ਹੁੰਦਾ ਹੈ ਜਦੋਂ ਕਿ ਉਹ ਏਜੰਟ ਦੇ ਅਧਿਕਾਰ-ਖੇਤਰ ਵਿੱਚ ਹੋਣ	ਨੌਕਰ ਦੀ ਨੌਕਰੀ ਦੇ ਖੇਤਰ ਵਿੱਚ ਕੀਤੇ ਗਏ ਮਾੜੇ ਕੰਮਾਂ ਲਈ ਮਾਲਕ ਜ਼ਿੰਮੇਵਾਰ ਹੁੰਦਾ ਹੈ।
ਕਾਰਜ	ਏਜੰਟ ਕਈ ਸਥਾਨਾਂ ਤੇ ਕਾਰਜ ਕਰ ਸਕਦਾ ਹੈ	ਨੌਕਰ ਆਮ ਕਕੇ ਕੇਵਲ ਇਕ ਹੀ ਸਥਾਨ ਤੇ ਕੰਮ ਕਰਦਾ ਹੈ ।

2.4.6 ਏਜੰਟ ਦੇ ਪ੍ਰਕਾਰ (Types of Agent)

1. ਅਧਿਕਾਰ ਦੇ ਸੀਮਾ-ਖੇਤਰ ਦੇ ਆਧਾਰ 'ਤੇ (On the basis of the extent of their authority):

ਇਸ ਦੇ ਆਧਾਰ 'ਤੇ ਏਜੰਟ ਨਿਮਨ ਤਿੰਨ ਪ੍ਰਕਾਰ ਦੇ ਹੋ ਸਕਦੇ ਹਨ :

1. **ਵਿਸ਼ੇਸ਼ ਏਜੰਟ (Special Agent) :** ਅਜਿਹਾ ਵਿਅਕਤੀ ਜਿਸ ਨੂੰ ਕਿਸੇ ਵਿਸ਼ੇਸ਼ ਕਾਰਜ ਨੂੰ ਕਰਨ ਜਾਂ ਕਿਸੇ ਵਿਸ਼ੇਸ਼ ਵਿਵਹਾਰ ਵਿਚ ਪ੍ਰਧਾਨ ਦੀ ਪ੍ਰਤਿਨਿਧਤਾ ਕਰਨ ਲਈ ਨਿਯੁਕਤ ਕੀਤਾ ਜਾਂਦਾ ਹੈ, ਉਸਨੂੰ ਵਿਸ਼ੇਸ਼ ਏਜੰਟ ਆਖਾਂਗੇ । ਜਿਵੇਂ ਹੀ ਕਾਰਜ ਦਾ ਵਿਵਹਾਰ ਪੂਰਾ ਹੋ ਜਾਂਦਾ ਹੈ, ਉਸਦੀ ਅਧਿਕਾਰ-ਸ਼ਕਤੀ ਵੀ ਸਮਾਪਤ ਹੋ ਜਾਂਦੀ ਹੈ । ਵਿਸ਼ੇਸ਼ ਏਜੰਟ ਦੇ ਕੇਵਲ ਉਨ੍ਹਾਂ ਕਾਰਜਾਂ ਲਈ ਪ੍ਰਧਾਨ ਜ਼ਿੰਮੇਵਾਰ ਹੋਵੇਗਾ ਜਿਹਨਾਂ ਲਈ ਉਸਨੂੰ ਨਿਯੁਕਤ ਕੀਤਾ ਗਿਆ ਸੀ ।
2. **ਜਨਰਲ ਏਜੰਟ (General Agent) :** ਜਨਰਲ ਏਜੰਟ ਉਹ ਏਜੰਟ ਹੈ ਜਿਸਨੂੰ ਕਿਸੇ ਵਿਸ਼ੇਸ਼ ਵਪਾਰ ਜਾਂ ਸੇਵਾ ਨਿਯੋਜਨ ਨਾਲ ਸਬੰਧਤ ਸਾਰੇ ਕਾਰਜਾਂ ਨੂੰ ਕਰਨ ਦਾ ਅਧਿਕਾਰ ਪ੍ਰਾਪਤ ਹੋਵੇ। ਇਸਦੇ ਉਨ੍ਹਾਂ ਸਾਰੇ ਕਾਰਜਾਂ ਲਈ ਜੋ ਕਿ ਏਜੰਟ ਨੇ ਆਮ ਵਪਾਰਕ ਸਿਲਸਿਲੇਵਿੱਚ ਕੀਤੇ ਹੋਣ, ਪ੍ਰਧਾਨ ਜ਼ਿੰਮੇਵਾਰ ਹੋਵੇਗਾ ।
3. **ਸਰਬ-ਵਿਆਪੀ ਏਜੰਟ (Universal Agent)** : ਸਰਬ-ਵਿਆਪੀ ਏਜੰਟ ਉਹ ਵਿਅਕਤੀ ਹੈ ਜਿਸਦੇ ਅਧਿਕਾਰ ਅਸੀਮਿਤ ਹਨ, ਅਰਥਾਤ ਉਸਨੂੰ ਉਹਨਾਂ ਸਾਰੇ ਕਾਰਜਾਂ ਨੂੰ ਕਰਨ ਦਾ ਅਧਿਕਾਰ ਪ੍ਰਾਪਤ ਹੈ ਜਿਨ੍ਹਾਂ ਨੂੰ ਪ੍ਰਧਾਨ ਆਪ ਕਰ ਸਕਦਾ ਹੈ ਜਾਂ ਉਨ੍ਹਾਂ ਨੂੰ ਸਿੱਧਾ ਪ੍ਰਬੰਧ ਕਰ ਸਕਦਾ ਹੈ ।

2. ਕਾਰਜ ਦੀ ਪ੍ਰਕ੍ਰਿਤੀ ਦੇ ਆਧਾਰ 'ਤੇ (On the basis of the nature of the work) :

ਕਾਰਜ ਦੀ ਪ੍ਰਕ੍ਰਿਤੀ ਦੇ ਆਧਾਰ ਤੇ ਏਜੰਟ ਨੂੰ (1) ਵਪਾਰਕ ਏਜੰਟ ਜਾਂ (2) ਗੈਰ-ਵਪਾਰਕ ਏਜੰਟ, ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ।

1. **ਵਪਾਰਕ ਏਜੰਟ (Mercantile Agent)** : ਵਪਾਰਕ ਏਜੰਟ ਦਾ ਭਾਵ ਇੱਕ ਅਜਿਹੇ ਏਜੰਟ ਤੋਂ ਹੈ ਜਿਸ ਨੂੰ ਮਾਲ ਨੂੰ ਵੇਚਣ ਜਾਂ ਭੇਜਣ ਜਾਂ ਮਾਲ ਨੂੰ ਖਰੀਦਣ ਜਾਂ ਮਾਲ ਦੀ ਜਮਾਨਤ ਤੇ ਧਨ ਸੰਗ੍ਰਹਿ ਕਰਨ ਦਾ ਅਧਿਕਾਰ ਹੈ । ਵਪਾਰਕ ਏਜੰਟ ਨੂੰ ਨਿਮਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ।

ੳ. ਆੜ੍ਹਤੀਆ (Factor) : ਆੜ੍ਹਤੀਆ ਉਹ ਵਪਾਰਕ ਏਜੰਟ ਹੈ । ਜਿਸਨੂੰ ਵਿਕਰੀ ਦੇ ਉਦੇਸ਼ ਨਾਲ ਮਾਲ ਦਾ ਕਬਜ਼ਾ ਦਿੱਤਾ ਜਾਂਦਾ ਹੈ । ਉਸਨੂੰ ਪ੍ਰਧਾਨ ਦੇ ਮਾਲ ਨੂੰ ਆਪਣੇ ਨਾਂ ਨਾਲ ਵੇਚਣ ਦਾ ਅਧਿਕਾਰ ਹੁੰਦਾ ਹੈ । ਉਹ ਮਾਲ ਨੂੰ ਗਿਰਵੀ ਰੱਖ ਸਕਦਾ ਹੈ ਅਤੇ ਉਸਨੂੰ ਵਸਤੂ ਤੇ ਸਾਧਾਰਣ ਗ੍ਰਹਿ ਅਧਿਕਾਰ ਪ੍ਰਾਪਤ ਹਨ ।

ਅ. ਦਲਾਲ (Broker) : ਦਲਾਲ ਉਹ ਵਪਾਰਕ ਏਜੰਟ ਹੈ ਜਿਸਨੂੰ ਪ੍ਰਧਾਨ ਦੀ ਵਸਤੂ ਵੇਚਣ ਜਾਂ ਉਸ ਲਈ ਵਸਤੂ ਖਰੀਦਣ ਵਾਸਤੇ ਨਿਯੁਕਤ ਕੀਤਾ ਜਾਂਦਾ ਹੈ, ਪ੍ਰੰਤੂ ਮਾਲ ਦਾ ਕਬਜ਼ਾ ਉਸ ਨੂੰ ਨਹੀਂ ਦਿੱਤਾ ਜਾਂਦਾ । ਇਹ ਇੱਕ ਕੜੀ ਦੇ ਰੂਪ ਵਿੱਚ ਕੰਮ ਕਰਦਾ ਹੈ । ਉਹ ਦੂਜਿਆਂ ਲਈ ਹੀ ਸੌਦਾ ਕਰਦਾ ਹੈ । ਇਹ ਇਕ ਕੜੀ ਦੇ ਰੂਪ ਵਿੱਚ ਕੰਮ ਕਰਦਾ ਹੈ । ਉਹ ਦੂਜਿਆਂ ਲਈ ਹੀ ਸੌਦਾ ਕਰਦਾ ਹੈ । ਉਸਦਾ ਸੇਵਾਫਲ ਤਾਂ ਹੀ ਅਦਾਇਗੀ ਯੋਗ ਹੁੰਦਾ ਹੈ ਜਦੋਂ ਉਸ ਦੁਓਾਰਾ ਕੀਤਾ ਗਿਆ ਵਿਵਹਾਰ ਜਾਂ ਸੌਦਾ ਪੂਰਾ ਹੋ ਜਾਂਦਾ ਹੈ । ਉਸਨੂੰ ਮਿਲਣ ਵਾਲੇ ਸੇਵਾਫਲ ਜਾਂ ਕਮਿਸ਼ਨ ਨੂੰ ਦਲਾਲੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਕਿਉਂਕਿ ਉਸਦੇ ਮਾਲ ਕਬਜ਼ੇ ਵਿੱਚ ਨਹੀਂ ਆਉਂਦਾ, ਇਸ ਲਈ ਉਸਨੂੰ ਗ੍ਰਹਿਣ-ਅਧਿਕਾਰ ਪ੍ਰਾਪਤ ਨਹੀਂ ਹੈ, ਭਾਵੇਂ ਨਿਯੁਕਤੀਕਾਰ ਦੀਆਂ ਪੁਸਤਕਾਂ ਜਾਂ ਕਾਗਜ਼ਾਤ ਜੇ ਉਸਦੇ ਕਬਜ਼ੇ ਵਿੱਚ ਹੋਣ ਤਾਂ ਭੁਗਤਾਨ ਹੋਣ ਤਕ ਰੋਕੀ ਰੱਖਣ ਦਾ ਅਧਿਕਾਰ ਉਸਦਾ ਹੈ ।

ੲ. ਕਮਿਸ਼ਨ ਏਜੰਟ (Commission Agent) : ਕਮਿਸ਼ਨ ਏਜੰਟ ਉਹ ਵਪਾਰਕ ਏਜੰਟ ਹੈ ਜੋ ਪ੍ਰਧਾਨ ਦੇ ਆਦੇਸ਼ ਅਨੁਸਾਰ ਉਸ ਵੱਲੋਂ ਬਜ਼ਾਰ ਵਿੱਚ ਖ਼ਰੀਦ ਜਾਂ ਵਿਕਰੀ ਦੇ ਸੌਦੇ ਕਰਦਾ ਹੈ । ਉਸ ਨੂੰ ਸੇਵਾਫਲ ਦੇ ਰੂਪ ਵਿੱਚ ਕਮਿਸ਼ਨ ਮਿਲਦਾ ਹੈ । ਕਮਿਸ਼ਨ ਏਜੰਟ ਦਾ ਇਹ ਕਰਤੱਵ ਹੈ ਕਿ ਉਹ ਬਜ਼ਾਰ ਤੋਂ ਉਚਿਤ ਸ਼ਰਤਾਂ ਤੇ ਪ੍ਰਧਾਨ ਲਈ ਖ਼ਰੀਦ ਜਾਂ ਵਿਕਰੀ ਦਾ ਕਾਰਜ ਕਰੇ ।

ਸ. ਨਿਲਾਮੀ-ਕਰਤਾ (Auctioneer) : ਇਹ ਇੱਕ ਵਿਸ਼ੇਸ਼ ਪ੍ਰਕਾਰ ਦਾ ਏਜੰਟ ਹੈ ਜੋ ਨੀਲਾਮ ਰਾਹੀਂ ਪ੍ਰਧਾਨ ਦੀ ਵਸਤੂ ਵੇਚਦਾ ਹੈ । ਇਹ ਵਿਕ੍ਰੇਤਾ ਅਤੇ ਖਰੀਦਦਾਰ ਦੋਹਾਂ ਦਾ ਏਜੰਟ ਹੁੰਦਾ ਹੈ । ਇਸ ਨੂੰ ਨੀਲਾਮੀ ਦੇ ਬਦਲੇ ਇੱਕ ਨਿਸ਼ਚਿਤ ਕਮਿਸ਼ਨ ਪ੍ਰਾਪਤ ਹੁੰਦਾ ਹੈ । ਜੇ ਮਾਲ ਉਸਦੇ ਕਬਜ਼ੇ ਵਿੱਚ ਹੈ ਤਾਂ ਉਸਨੂੰ ਵਸਤੂ ਤੇ ਵਿਸ਼ੇਸ਼ ਗ੍ਰਹਿਣ ਅਧਿਕਾਰ ਪ੍ਰਾਪਤ ਹੈ ।

ਹ. ਵਿਸ਼ਵਾਸ਼ ਦਿਵਾਉਣ ਵਾਲਾ ਏਜੰਟ (Del credere Agent) : ਇਹ ਉਹ ਵਪਾਰਕ ਏਜੰਟ ਹੈ ਜੋ ਵਾਧੂ ਕਮਿਸ਼ਨ ਲੈ ਕੇ ਇਹ ਜ਼ਿੰਮੇਵਾਰੀ ਆਪਣੇ ਉਪਰ ਲੈਂਦਾ ਹੈ ਕਿ ਜਿਸ ਵਿਅਕਤੀ ਨਾਲ ਉਹ ਆਪਣੇ ਪ੍ਰਧਾਨ ਲਈ ਮੁਆਇਦਾ ਕਰ ਰਿਹਾ ਹੈ, ਉਹ ਆਪਣੇ ਵਚਨ ਦੀ ਪਾਲਣਾ ਕਰ ਦੇਵੇਗਾ ਅਤੇ ਮੁਆਇਦੇ ਅਧੀਨ ਅਦਾਇਗੀ ਯੋਗ ਧਨ ਦਾ ਭੁਗਤਾਨ ਕਰੇਗਾ । ਜੇ ਧਿਰ ਨਹੀਂ ਭੁਗਤਾਨ ਨਹੀਂ ਕਰੇਗੀ ਤਾਂ ਅਜਿਹਾ ਏਜੰਟ ਇਹ ਵਚਨ ਦਿੰਦਾ ਹੈ ਕਿ ਉਹ ਆਪ ਭੁਗਾਤਨ ਕਰੇਗਾ । ਇਸ ਗਾਰੰਟ ਬਦਲੇ ਉਸਨੂੰ ਜੋ ਪ੍ਰਤਿਫਲ ਪ੍ਰਾਪਤ ਹੁੰਦਾ ਹੈ, ਉਸਨੂੰ ਵਿਸ਼ਵਾਸਾਰਥ ਕਮਿਸ਼ਨ ਆਖਦੇ ਹਨ । ਇਲਾਹਾਬਾਦ ਹਾਈਕੋਰ ਦੇ ਇੱਕ ਨਿਰਣੇ ਅਨੁਸਾਰ ਵਿਸ਼ਵਾਸ਼ਸਾਰਥ ਏਜੰਟ ਦੀ ਕਾਨੂੰਨੀ ਸਥਿਤੀ ਅੰਸ਼ਿਕ ਰੂਪ ਵਿੱਚ ਬੀਮਾ ਕਰਤਾ ਅਤੇ ਅੰਸ਼ਿਕ ਰੂਪ ਵਿੱਚ ਜ਼ਾਮਨ ਦੀ ਹੈ ।

ਕ. ਬੈਂਕਰ (Banker) : ਬੈਂਕਰ ਅਤੇ ਉਸਦੇ ਗਾਹਕ ਦਾ ਸਬੰਧ ਸਾਧਾਰਣ ਤੌਰ ਤੇ ਦੇਣਦਾਰ ਅਤੇ ਲੈਣਦਾਰ ਜਿਹਾ ਹੁੰਦਾ ਹੈ, ਪਰੰਤੂ ਉਸ ਸੂਰਤ ਵਿੱਚ ਜਦੋਂ ਬੈਂਕ ਆਪਣੇ ਗਾਹਕ ਵੱਲੋਂ ਚੈਕ, ਭੁਗਤਾਨ ਆਦਿ ਦਾ ਸੰਗ੍ਰਹਿ ਕਰਦਾ ਹੈ ਜਾਂ ਗਾਹਕ ਵੱਲੋਂ ਸਿਕਿਉਰਿਟੀਆਂ ਦਾ ਭੁਗਤਾਨ ਕਰਦਾ ਹੈ ਤਾਂ ਬੈਂਕ ਗਾਹਕ ਦਾ ਏਜੰਟ ਬਣ ਜਾਂਦਾ ਹੈ ।

2. **ਗ਼ੈਰ-ਵਪਾਰਕ ਏਜੰਟ (Non-Mercantile Agent) :** ਐਡਵੋਕੇਟ ਅਟਾਰਨੀ, ਪ੍ਰਮੋਟੋਰ, ਸਰਕਾਰੀ ਪ੍ਰਾਪਤਕ, ਬੀਮਾ ਏਜੰਟ, ਸਰਪ੍ਰਸਤ ਅਤੇ ਪਤਨੀ ਆਦਿ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੂੰ ਗ਼ੈਰ-ਵਪਾਰਕ ਏਜੰਟ ਕਿਹਾ ਜਾਂਦਾ ਹੈ ।

3. ਨਿਯੁਕਤੀ ਦੀ ਦ੍ਰਿਸ਼ਟੀ ਤੋਂ (On the basis of Appointment) :

ਨਿਯੁਕਤੀ ਦੇ ਆਧਾਰ ਤੇ ਏਜੰਟ (1) ਉਪ-ਏਜੰਟ (2) ਪ੍ਰਤਿਸਥਾਪਤ ਏਜੰਟ ਅਤੇ (3) ਸਹਿ-ਏਜੰਟ-ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ ।

ਮੂਲ ਏਜੰਟ ਦੁਆਰਾ ਨਿਯੁਕਤ ਵਿਅਕਤੀ ਉਪ-ਏਜੰਟ ਅਖਵਾਉਂਦਾ ਹੈ । ਨਿਯੁਕਤੀਕਾਰ ਦੇ ਆਦੇਸ਼ ਤੇ ਮੂਲ ਏਜੰਟ ਦੁਆਰਾ ਨਾਮਜ਼ਦ ਵਿਅਕਤੀ ਪ੍ਰਤਿਸਥਾਪਤ ਏਜੰਟ ਅਖਵਾਉਂਦਾ ਹੈ ਅਤੇ ਕਿਸੇ ਇੱਕ ਕਾਰਜ ਨੂੰ ਸੰਪਾਦਿਤ ਕਰਨ ਲਈ ਇਕ ਤੋਂ ਅਧਿਕ ਏਜੰਟਾਂ ਦੀ ਨਿਯੁਕਤੀ ਉਨ੍ਹਾਂ ਨੂੰ ਸਹਿ-ਏਜੰਟ ਬਣਾ ਦਿੰਦੀ ਹੈ ।

2.4.7 ਏਜੰਸੀ ਦੀ ਸਥਾਪਨਾ (Creation of Agency)

ਏਜੰਸੀ ਦੇ ਸਬੰਧ ਦੀ ਸਥਾਪਨਾ ਨਿਮਨਲਿਖਤ ਤਰੀਕਿਆਂ ਨਾਲ ਹੋ ਸਕਦੀ ਹੈ :

1. ਸਪੱਸ਼ਟ ਇਕਰਾਰ ਦੁਆਰਾ (By Express Agreement) : ਧਾਰਾ 183 ਅਧੀਨ ਕੋਈ ਵੀ ਅਜਿਹਾ ਵਿਅਕਤੀ, ਜੋ ਬਾਲਗ ਹੈ ਅਤੇ ਸਵਸਥ ਰਾਜ ਦਾ ਹੈ, ਏਜੰਟ ਨਿਯੁਕਤ ਕਰ ਸਕਦਾ ਹੈ । ਜੇ ਅਜਿਹਾ ਕੋਈ ਵੀ ਵਿਅਕਤੀ ਕਿਸੇ ਹੋਰ ਧਿਰ ਨੂੰ ਆਪਣੀ ਪ੍ਰਤਿਨਿਧਤਾ ਕਰਨ ਲਈ ਨਿਯੁਕਤ ਕਰਦਾ ਹੈ ਤਾਂ ਉਨ੍ਹਾਂ ਵਿਚਕਾਰ ਏਜੰਸੀ ਦੇ ਸਬੰਧਾਂ ਦਾ ਨਿਰਮਾਣ ਹੁੰਦਾ ਹੈ । ਧਾਰਾ **187** ਅਨੁਸਾਰ ਜੇ ਇਹ ਨਿਯੁਕਤੀ ਲਿਖਤੀ ਹੈ ਜਾਂ ਮੌਖਿਕ ਸ਼ਬਦਾਂ ਦੁਆਰਾ ਕੀਤੀ ਗਈ ਹੈ ਤਾਂ ਇਹ ਸਪੱਸ਼ਟ ਅਧਿਕਾਰ ਹੋਵੇਗਾ ਅਤੇ ਇਸ ਅਧਿਕਾਰ ਅਧੀਨ ਉਤਪੰਨ ਏਜੰਸੀ ਸਪੱਸ਼ਟ ਇਕਰਾਰ ਦੁਆਰਾ ਉਤਪੰਨ ਏਜੰਸੀ ਮੰਨੀ ਜਾਵੇਗੀ । ਇਹ ਏਜੰਸੀ ਦੀ ਸਥਾਪਨਾ ਦਾ ਸਭ ਨਾਲੋਂ ਸਰਲ ਤਰੀਕਾ ਹੈ । ਜਿਸ ਵਿੱਚ ਏਜੰਟ ਦੇ ਅਥਾਰਟੀ ਖੇਤਰ ਨੂੰ ਲਿਖਤੀ ਜਾਂ ਮੌਖਿਕ ਰੂਪ ਵਿੱਚ ਸਪੱਸ਼ਟ ਕਰ ਦਿੱਤਾ ਜਾਂਦਾ ਹੈ।

2. ਨਿਹਿਤ ਇਕਰਾਰ ਦੁਆਰਾ (By implied Agreement) : ਜਦੋਂ ਏਜੰਸੀ ਦੇ ਸਬੰਧੀ ਦੀ ਸਥਪਾਨਾ ਧਿਰਾਂ ਦੇ ਆਚਰਣ ਜਾਂ ਵਿਵਹਾਰ ਜਾਂ ਸਬੰਧਾਂ ਦੇ ਕਾਰਨ ਹੁੰਦੀ ਹੈ ਜਿਸ ਵਿੱਚ ਇੱਕ ਵਿਅਕਤੀ ਤੀਜੀ ਧਿਰ ਨੂੰ ਇਹ ਅਭਾਸ਼ ਦਿੰਦਾ ਹੈ ਜਿਸ ਤੋਂ ਇਹ ਪ੍ਰਤੀਤ ਹੁੰਦਾ ਹੋਵੇ ਕਿ ਉਹ ਕਿਸੇ ਧਿਰ ਦਾ ਏਜੰਟ ਹੈ ਤਾਂ ਇਸ ਨੂੰ ਨਿਹਿਤ ਇਕਰਾਰ ਦੁਆਰਾ ਉਤਪੰਨ ਏਜੰਸੀ ਮੰਨਿਆ ਜਾਵੇਗਾ । **ਧਾਰਾ 187** ਅਨੁਸਾਰ ਅਧਿਕਾਰ ਸ਼ਕਤੀ ਨੂੰ ਉਸ ਸਮੇਂ ਨਿਹਿਤ ਮੰਨਿਆ ਜਾਵੇਗਾ ਜਦੋਂ ਕਿਸੇ ਮਾਮਲੇ ਦੀਆਂ ਸਥਿਤੀਆਂ ਤੋਂ ਕਿਸੇ ਅਧਿਕਾਰ ਦਾ ਨਿਸ਼ਚਾ ਕੀਤਾ ਜਾਂਦਾ ਹੋਵੇ । ਨਿਹਿਤ ਏਜੰਸੀਆਂ ਦੀਆਂ ਨਿਮਨ ਉਦਾਹਰਣਾਂ ਮਹੱਤਵਪੂਰਨ ਹਨ :-

ੳ. ਭਾਈਵਾਲੀ (Partnership)

ਅ. ਪਤੀ-ਪਤਨੀ (Husband and Wife)

ੳ. ਭਾਈਵਾਲੀ (Parntership) : ਭਾਈਾਲੀ ਮੁਆਇਦੇ ਅਧੀਨ ਹਰੇਕ ਭਾਈਵਾਲ, ਭਾਈਵਾਲੀ ਫ਼ਰਮ ਦਾ ਅਤੇ ਸਾਥੀ ਬਾਈਵਾਲਾਂ ਦਾ ਏਜੰਟ ਹੁੰਦਾ ਹੈ । ਉਸਦੇ ਉਨ੍ਹਾਂ ਵਿਵਹਾਰਾਂ ਲਈ ਜੋ ਵਪਾਰ ਦੇ ਸਾਧਾਰਣ ਅਨੁਕ੍ਰਮ ਵਿੱਚ ਕੀਤੇ ਗਏ, ਫ਼ਰਮ ਅਤੇ ਸਾਥੀ ਭਾਈਵਾਲ ਪਾਬੰਦ ਹਨ । ਇਹ ਭਾਈਵਾਲਾਂ ਦੇ ਨਿਹਿਤ ਅਧਿਕਾਰਾਂ ਅਧੀਨ ਉਤਪੰਨ ਏਜੰਸੀ ਦੇ ਸਬੰਧ ਹਨ ।

ਅ. ਪਤੀ ਅਤੇ ਪਤਨੀ (Husband and Wife) : ਜਿਹੜੀ ਪਤਨੀ ਆਪਣੇ ਪਤੀ ਦੇ ਨਾਲ ਰਹਿੰਦੀ ਹੈ, ਉਨ੍ਹਾਂ ਦਾ ਆਪਣਾ ਘਰ ਹੈ, ਉਨ੍ਹਾਂ ਦੇ ਸਬੰਧੀ ਨੂੰ ਪਤੀ-ਪਤਨੀ ਜਿਹੇ ਸਬੰਧ ਮੰਨਿਆ ਜਾ ਸਕਦਾ ਹੈ ਤਾਂ ਪਤਨੀ ਦੁਆਰਾ ਜੀਵਨ ਦੀਆਂ ਲੋੜੀਂਦੀਆਂ ਵਸਤਾਂ ਲਈ ਕੀਤੇ ਗਏ ਮੁਆਇਦਿਆਂ ਦਾ ਪਤੀ ਪਾਬੰਦ ਹੋਵੇਗਾ, ਕਿਉਂਕਿ ਪਤਨੀ ਨੂੰ ਇਨ੍ਹਾਂ ਸ਼ਰਤਾਂ ਵਿੱਚ ਪਤੀ ਦੇ ਏਜੰਟ ਦੇ ਰੂਪ ਵਿੱਚ ਕੰਮ ਕਰਨ ਲਈ ਅਧਿਕਾਰ ਹੈ, ਪ੍ਰੰਤੂ ਪਤਨੀ ਨੂੰ ਇਹ ਨਿਹਿਤ ਅਧਿਕਾਰ ਨਿਮਨ ਸ਼ਰਤਾਂ ਵਿੱਚ ਨਹੀਂ ਮਿਲ ਸਕੇਗਾ :-

ੳ) ਜਦੋਂ ਕਿ ਪਤੀ ਨੇ ਦੁਕਾਨਦਾਰ ਨੂੰ ਸਪੱਸ਼ਟ ਸੂਚਨਾ ਦੇ ਦਿੱਤੀ ਸੀ ਕਿ ਉਸਦੀ ਪਤਨੀ ਨੂੰ ਉਧਾਰ ਮਾਲ ਨਾ ਦਿੱਤਾ ਜਾਵੇ ।

ਅ) ਜਦੋਂ ਖ਼ਰੀਦ ਕੀਤੀਆਂ ਗਈਆਂ ਵਸਤਾਂ ਜੀਵਨ ਲਈ ਜ਼ਰੂਰੀ ਨਹੀਂ ਹਨ ਅਤੇ

ੲ) ਜਦੋਂ ਪਤਨੀ ਨੂੰ ਪਹਿਲਾਂ ਤੋ ਹੀ ਕਾਫੀ ਧਨ ਲੋੜੀਂਦੀਆਂ ਵਸਤਾਂ ਦੀ ਖਰੀਦ ਲਈ ਦੇ ਦਿੱਤਾ ਗਿਆ ਹੈ ਜਿਸਦੀ ਜਾਣਕਾਰੀ ਵਪਾਰੀ ਨੂੰ ਹੈ ।

ਉਪਰੋਕਤ ਸਥਿਤੀ ਉਸ ਸਮੇਂ ਵੀ ਲਾਗੂ ਹੋਵੇਗੀ ਜਦੋਂ ਪਤਨੀ ਬਿਨਾਂ ਆਪਣੇ ਕਿਸੇ ਦੋਸ਼ ਦੇ ਪਤੀ ਤੋਂ ਅਲਗ ਰਹਿੰਦੀ ਹੈ ਅਤੇ ਪਤੀ ਉਸਨੂੰ ਲੋੜੀਂਦਾ ਖ਼ਰਚ ਨਹੀਂ ਦਿੰਦਾ । ਪਰੰਤੂ ਜੇ ਪਤਨੀ ਬਿਨਾਂ ਕਿਸੇ ਕਾਰਨ ਦੇ ਆਪ ਆਪਣੀ ਮਰਜ਼ੀ ਨਾਲ ਹੀ ਪਤੀ ਤੋਂ ਅਲਗ ਰਹਿੰਦੀ ਹੈ ਤਾਂ ਉਸਨੂੰ ਪਤੀ ਦੇ ਏਜੰਟ ਦੇ ਰੂਪ ਵਿੱਚ ਕੰਮ ਕਰਨ ਦਾ ਨਿਹਿਤ ਅਧਿਕਾਰ ਨਹੀ ਹੋਵੇਗਾ

3. **ਬੰਦਿਸ਼ ਜਾਂ ਪ੍ਰਦਰਸ਼ਨ ਦੁਆਰਾ (By Estoppel or Holding out)** : ਜਦੋਂ ਇਕ ਵਿਅਕਤੀ ਆਪਣੇ ਕਥਨ ਜਾਂ ਆਚਰਣ ਤੋਂ ਦੂਜੇ ਵਿਅਕਤੀ ਨੂੰ ਜਾਣ ਬੁੱਝ ਕੇ ਸਥਿਤੀਆਂ ਅਤੇ ਤੱਥਾਂ ਦੇ ਮੌਜੂਦ ਹੋਣ ਦਾ ਵਿਸ਼ਵਾਸ਼ ਦਿਵਾਉਂਦਾ ਹੈ ਅਤੇ ਦੂਜਾ ਵਿਅਕਤੀ ਇਸ ਵਿਸ਼ਵਾਸ਼ ਤੇ ਕਾਰਜ ਕਰਦਾ ਹੈ ਤਾ ਪਹਿਲਾ ਵਿਅਕਤੀ ਜਾਂ ਉਸਦਾ ਪ੍ਰਤਿਨਿਧੀ ਬਾਅਦ ਵਿੱਚ ਆਪਣੇ ਆਚਰਣ ਜਾਂ ਕਥਨ ਦੀ ਸਚਾਈ ਤੋਂ ਇਨਕਾਰ ਨਹੀਂ ਕਰ ਸਕਦਾ, ਇਹ ਕਾਨੂੰਨੀ ਰੁਕਾਵਟ ਦੀ ਬੰਦਸ਼ ਅਖਵਾਉਂਦੀ ਹੈ । ਪ੍ਰਦਰਸ਼ਨ, ਬੰਦਸ਼ ਦੀ ਹੀ ਇੱਕ ਸ਼ਾਖਾ ਹੈ । ਜੇ ਪ੍ਰਧਾਨ ਆਪਣੇ ਆਚਰਣ ਜਾਂ ਕਥਨ ਤੋਂ ਦੂਜੀ ਧਿਰ ਨੂੰ ਇਹ ਵਿਸ਼ਵਾਸ਼ ਕਰਨ ਲਈ ਪ੍ਰੇਰਿਤ ਕਰਦਾ ਹੈ ਕਿ ਅਮੁਕ ਵਿਅਕਤੀ ਉਸਦਾ ਏਜੰਟ ਹੈ ਅਤੇ ਦੂਜੀ ਧਿਰ ਇਸ ਵਿਸ਼ਵਾਸ ਦੇ ਆਧਾਰ ਤੇ ਮੁਆਇਦਾ ਕਰ ਲੈਂਦੀ ਹੈ ਤਾਂ ਇਹ ਬੰਦਸ਼ ਜਾਂ ਪ੍ਰਦਰਸ਼ਨ ਦੁਆਰਾ ਉਤਪੰਨ ਏਜੰਸੀ ਸਬੰਧ ਕਿਹਾ ਜਾਵੇਗਾ ।

ਧਾਰਾ 237 ਇਸ ਨਿਯਮ ਦੀ ਕ੍ਰਿਆਸ਼ੀਲਤਾ ਨੂੰ ਏਜੰਸੀ ਦੇ ਸਬੰਧ ਵਿੱਚ ਸਪੱਸ਼ਟ ਕਰਦੀ ਹੈ। ਇਸ ਅਨੁਸਾਰ, "ਜਦੋਂ ਇਕ ਏਜੰਟ ਬਿਨਾਂ ਕਿਸੇ ਅਧਿਕਾਰ ਦੇ ਪ੍ਰਧਾਨ ਵੱਲੋਂ ਤੀਜੇ ਵਿਅਕਤੀਆਂ ਪ੍ਰਤਿ ਕੋਈ ਕਾਰਜ ਕਰਾਦ ਹੈ ਜਾਂ ਕੋਈ ਜ਼ਿੰਮੇਵਾਰੀ ਸਵੀਕਾਰ ਕਰਦਾ ਹੈ ਤਾਂ ਪ੍ਰਧਾਨ ਨੂੰ ਅਜਿਹੇ ਕਾਰਜਾਂ ਅਤੇ ਜ਼ਿੰਮੇਵਾਰੀਆਂ ਲਈ ਤਾ ਹੀ ਪਾਬੰਦ ਕੀਤਾ ਜਾ ਸਕਦਾ ਹੈ ਜਦੋਂ ਉਸਨੇ ਆਪਣੇ ਕਥਨ ਜਾਂ ਵਿਵਹਾਰ ਦੁਆਰਾ ਇਹ ਵਿਸ਼ਵਾਸ਼ ਦਿਵਾਇਆ ਹੋਵੇ ਕਿ ਉਹ ਕਾਰਜ ਜਾਂ ਜ਼ਿੰਮੇਵਾਰੀਆਂ ਏਜੰਟ ਦੇ ਅਧਿਕਾਰ-ਖੇਤਰ ਵਿੱਚ ਸਨ।"

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਪ੍ਰਧਾਨ ਦੁਆਰਾ ਕੀਤਾ ਗਿਆ ਕਾਰਜ, ਪ੍ਰਦਰਸ਼ਨ ਜਾਂ ਆਚਰਣ ਜਿਸ ਤੋਂ (1) ਜੋ ਵਿਅਕਤੀ ਏਜੰਟ ਨਹੀਂ ਹੈ, ਉਸਨੂੰ ਏਜੰਟ ਹੋਣ ਦਾ ਵਿਸ਼ਵਾਸ਼ ਦਿਵਾਇਆ ਜਾਵੇ ਜਾ (2) ਜੋ ਅਧਿਕਾਰ ਏਜੰਟ ਨੂੰ ਨਹੀਂ ਹੈ, ਉਨ੍ਹਾਂ ਨੂੰ ਉਸ ਨੂੰ ਪ੍ਰਾਪਤ ਹੋਣ ਦਾ ਵਿਸ਼ਵਾਸ਼ ਦਿਵਾਇਆ ਜਾਵੇ, ਜਾਂ (3) ਕਿਸੇ ਵਿਅਕਤੀ ਨੂੰ ਏਜੰਟ ਮੰਨ ਲਿਆ ਹੈ । ਅਜਿਹਾ ਪ੍ਰਦਰਸ਼ਨ ਕੀਤਾ ਜਾਵੇ ਤਾਂ ਉਨ੍ਹਾਂ ਵਿਚਕਾਰ ਏਜੰਸੀ ਮੰਨੀ ਜਾਵੇਗੀ ਅਤੇ ਪ੍ਰਧਾਨ ਅਜਿਹੇ ਏਜੰਟ ਦੇ ਕਾਰਜਾਂ ਲਈ ਜ਼ਿੰਮੇਵਾਰ ਹੋਵੇਗਾ ।

ਉਦਾਹਰਣ :

(ੳ) ਰਮੇਸ਼, ਸੋਹਨ ਦੀ ਹਾਜ਼ਰੀ ਵਿੱਚ ਰਾਜੇਸ਼ ਨੂੰ ਆਖਦਾ ਹੈ ਕਿ ਉਹ ਸੋਹਨ ਦਾ ਏਜੰਟ ਹੈ। ਸੋਹਨ ਇਸ ਕਥਨ ਦਾ ਖੰਡਣ ਨਹੀਂ ਕਰਦਾ । ਰਾਜੇਸ਼ ਇਸ ਵਿਸ਼ਵਾਸ਼ ਤੇ ਕਿ ਰਮੇਸ਼ ਸੋਹਣ ਦਾ ਏਜੰਟ ਹੈ, ਉਸਨੂੰ 5000/- ਰੁਪਏ ਦਾ ਮਾਲ ਉਧਾਰ ਦਿੰਦਾ ਹੈ । ਸੋਹਨ ਇਸ ਧਨ ਦੇ ਭੁਗਤਾਨ ਲਈ ਜ਼ਿੰਮੇਵਾਰ ਹੋਵੇਗਾ ।

(ਅ) ਨਿਖਿਲ ਆਪਣਾ ਮਾਲ ਵੇਚਣ ਲਈ ਆਪਣੇ ਏਜੰਟ ਅਖਿਲ ਪਾਸ ਭੇਜਦਾ ਹੈ ਅਤੇ ਉਸਨੂੰ ਆਦੇਸ਼ ਦਿੰਦਾ ਹੈ ਕਿ ਮਾਲ ਨੂੰ 6000/- ਰੁਪਏ ਤੋਂ ਘੱਟ ਵਿਚ ਨਾ ਵੇਚਿਆ ਜਾਵੇ । ਅਰੁਣ, ਜਿਸਨੂੰ ਨਿਖਿਲ ਦੇ ਆਦੇਸ਼ ਦਾ ਪਤਾ ਨਹੀਂ ਸੀ । ਇਸ ਮਾਲ ਨੂੰ 4000/- ਰੁਪਏ ਵਿੱਚ ਖਰੀਦਣ ਦਾ ਮੁਆਇਦਾ ਕਰ ਲੈਂਦਾ ਹੈ । ਨਿਖਿਲ ਇਸ ਮੁਆਇਦੇ ਦਾ ਪਬੰਧ ਹੋਵੇਗਾ ।

4. **ਸਥਿਤੀਆਂ ਦੀ ਲੋੜ ਅਨੁਸਾਰ (By necessity of the circumstances)** : ਐਨਸਨ ਅਨੁਸਾਰ, "ਕੁੱਝ ਵਿਸ਼ੇਸ਼ ਸਥਿਤੀਆਂ ਵਿਚ ਕਾਨੂੰਨ ਇਕ ਵਿਅਕਤੀ ਨੂੰ ਬਿਨਾਂ ਪ੍ਰਧਾਨ ਦੀ ਸਹਿਮਤੀ ਦੇ ਦੂਜੇ ਦੇ ਏਜੰਟ ਬਣਨ ਦਾ ਅਧਿਕਾਰ ਪ੍ਰਦਾਨ ਕਰਦਾ ਹੈ । ਅਜਿਹੀ ਏਜੰਸੀ ਨੂੰ ਲੋੜ ਦੀ ਏਜੰਸੀ ਆਖਦੇ ਹਨ ।"In certain circumstances the law confers an authority on one person to act as agent for another without any regard to the consent of the principal. Such agency is called an agency of necessity."

ਉਪਰੋਕਤ ਵਿਵਰਣ ਤੋਂ ਸਪੱਸ਼ਟ ਹੈ ਕਿ ਕਦੇ ਕਦੇ ਅਜਿਹੀਆਂ ਅਸਾਧਾਰਣ ਸਥਿਤੀਆਂ ਉਤਪੰਨ ਹੁੰਦੀਆਂ ਹਨ ਜਿਨ੍ਹਾਂ ਵਿਚ ਕਿਸੇ ਧਿਰ ਦਾ ਹਿਤ ਜਾਂ ਉਸਦੀ ਸੰਪਤੀ ਖਤਰੇ ਵਿੱਚ ਹੁੰਦੀ ਹੈ ਅਤੇ ਉਸ ਸੰਪਤੀ ਜਾਂ ਹਿਤ ਦੀ ਰੱਖਿਆ ਲਈ ਕਿਸੇ ਵਿਅਕਤੀ ਨੂੰ ਸਪੱਸ਼ਟ ਜਾਂ ਨਿਹਿਤ ਅਧਿਕਾਰਾਂ ਦੀ ਅਣਹੋਂਦ ਵਿਚ ਕੰਮ ਕਰਨਾ ਜ਼ਰੂਰੀ ਹੋ ਜਾਂਦਾ ਹੈ ਤਾਂ ਉਸਨੂੰ ਲੋੜ ਦੁਆਰਾ ਏਜੰਸੀ ਆਖਾਂਗੇ । ਸਮੁੰਦਰੀ ਯਾਤਰਾਂ ਦੇ ਦੌਰਾਨ ਸੰਕਟ ਦੀ ਸਥਿਤੀ ਵਿਚ ਕਪਤਾਨ ਦੁਆਰਾ ਵਸਤੂ ਦੀ ਸੁਰੱਖਿਆ ਲਈ ਕੋਈ ਕਾਰਜ ਕਰਨਾ, ਦੁਰਘਟਨਾਗ੍ਰਸਤ ਵਿਅਕਤੀ ਨੂੰ ਡਾਕਟਰ ਦੀਆਂ ਸੇਵਾਵਾਂ ਪ੍ਰਦਾਨ ਕਰਨਾ, ਪਤੀ ਦੁਆਰਾ ਆਪਣੀ ਪਤਨੀ ਦੀਆਂ ਲੋੜਾਂ ਦੀ ਵਿਵਸਥਾ ਨਾ ਕਰਨਾ ਜਾਂ ਪਤੀ ਦੁਆਰਾ ਪਤਨੀ ਨੂੰ ਅਣ-ਉਚਿਤ ਰੂਪ ਵਿੱਚ ਅਲਗ ਰਖਣ ਤੇ ਲੋੜਾਂ ਦੀ ਪੂਰਤੀ ਕਰਨਾ ਆਦਿ ਇਸ ਦੀਆ ਚੰਗੀਆਂ ਉਦਾਹਰਣਾਂ ਹਨ ।

ਲੋੜ ਦੁਆਰਾ ਏਜੰਸੀ ਤਾਂ ਹੀ ਕਾਨੂੰਨੀ ਰੂਪ ਵਿਚ ਜ਼ਾਇਜ਼ ਹੋਵੇਗੀ ਜਦੋਂ ਨਿਮਨ ਸ਼ਰਤਾਂ ਪੂਰੀਆਂ ਹੋ ਜਾਣ :-

ੳ) ਸੰਕਟਕਾਲੀ ਸਥਿਤੀਆਂ ਹੋਣ :

ਅ) ਪ੍ਰਧਾਨ ਦੇ ਨਾਂ ਤੇ ਕੰਮ ਕਰਨ ਦੀ ਵਾਸਤਵਿਕ ਲੋੜ ਹੋਵੇ,

ੲ) ਪ੍ਰਧਾਨ ਨਾਲ ਸੰਪਰਕ ਕਰਕੇ ਰਾਏ ਲੈਣਾ ਅਸੰਭਵ ਹੋਵੇ ਅਤੇ

ਸ) ਏਜੰਟ ਨੇ ਸਦਭਾਵਨਾ ਨਾਲ ਪ੍ਰਧਾਨ ਦੇ ਹਿਤਾਂ ਵਿਚ ਕੰਮ ਕੀਤਾ ਹੋਵੇ ।

ਉਦਹਰਣ : ਸਿਮਸ ਐਂਡ ਕੰਪਨੀ ਬਨਾਮ ਮਿਡਲੈਂਡ ਰੇਲਵੇ ਕੰਪਨੀ ਦੇ ਕੇਸ ਵਿੱਚ ਪ੍ਰਤਿਵਾਦੀ ਨੇ ਰੇਲਵੇ ਕੰਪਨੀ ਨੂੰ ਮੱਖਣ ਦਾ ਸਟਾਕ ਇਕ ਥਾਂ ਤੋਂ ਦੂਜੀ ਥਾਂ ਲੈ ਜਾਣ ਲਈ ਦਿੱਤਾ । ਕਰਮਚਾਰੀਓਂ ਦੀ ਹੜਤਾਲ ਕਾਰਨ ਮਾਲ ਰਾਹ ਵਿੱਚ ਰੁਕਿਆ ਰਿਹਾ । ਇਸ ਨੂੰ ਵੇਖਦੇ ਹੋਏ ਕਿ ਮਾਲ ਨਸ਼ਟ ਹੋ ਸਕਦਾ ਹੈ, ਰੇਲਵੇ ਕੰਪਨੀ ਨੇ ਇਹ ਸਾਰਾ ਮੱਖਣ ਵੇਚ ਦਿੱਤਾ । ਨਿਰਣਾ ਦਿੱਤਾ ਗਿਆ ਕਿ ਵਿਕਰੀ ਜ਼ਾਇਜ਼ ਸੀ ਕਿਉਂਕਿ ਰੇਲਵੇ ਕੰਪਨੀ ਲੋੜ ਲਈ ਏਜੰਟ ਸੀ ।

5. ਪੁਸ਼ਟੀਕਰਣ ਦੁਆਰਾ (By Ratification) : ਜਦੋਂ ਇਕ ਵਿਅਕਤੀ ਦੁਆਰਾ ਕਿਸੇ ਹੋਰ ਵਿਅਕਤੀ ਲਈ ਕੀਤੇ ਗਏ ਅਣ-ਅਧਿਕਾਰਤ ਕਾਰਜ ਦੀ ਅੱਗੇ ਜਾ ਕੇ ਪੁਸ਼ਟੀ ਕਰ ਦਿੱਤੀ ਜਾਂਦੀ ਹੈ ਤਾਂ ਇਸ ਨੂੰ ਪੁਸ਼ਟੀਕਰਣ ਆਖਦੇ ਹਨ । ਇਸੇ ਪ੍ਰਕਾਰ ਜੇ ਪ੍ਰਧਾਨ ਦੁਆਰਾ ਆਪਣੇ ਏਜੰਟ ਦੇ ਅਣ-ਅਧਿਕਾਰਤ ਕਾਰਜਾਂ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਇਸ ਨੂੰ ਉਸ ਕਾਰਜ ਦਾ ਪੁਸ਼ਟੀਕਰਣ ਕਿਹਾ ਜਾਵੇਗਾ ਅਤੇ ਇਸ ਨਾਲ ਪੁਸ਼ਟੀਕਰਣ ਦੁਆਰਾ ਏਜੰਸੀ ਹੋਂਦ ਵਿੱਚ ਆ ਸਕੇਗੀ । ਇਸ ਪ੍ਰਕਾਰ ਦਾ ਕਾਰਜ ਨਿਮਨ ਦੋ ਤਰ੍ਹਾਂ ਨਾਲ ਹੋ ਸਕਦਾ ਹੈ :

ਪਹਿਲਾ : ਜਦੋਂ ਕਿ ਉਹ ਪ੍ਰਧਾਨ ਦੇ ਏਜੰਟ ਦੇ ਰੂਪ ਵਿੱਚ ਕੰਮ ਕਰਦਾ ਹੈ, ਭਾਵੇਂ ਉਸ ਪਾਸ ਪ੍ਰਧਾਨ ਦੀ ਪੂਰਵ-ਅਧਿਕਾਰ ਸ਼ਕਤੀ ਏਜੰਟ ਦੇ ਰੂਪ ਵਿੱਚ ਕੰਮ ਕਰਨ ਦੀ ਨਹੀਂ ਹੁੰਦੀ ।

ਦੂਜਾ : ਜਦੋਂ ਕਿ ਉਹ ਮੁਆਇਦੇ ਕਰਦੇ ਸਮੇਂ ਪ੍ਰਧਾਨ ਦਾ ਏਜੰਟ ਹੈ, ਪਰੰਤੂ ਉਹ ਇਸ ਅਧਿਕਾਰ ਸ਼ਕਤੀ ਦੀ ਉਲੰਘਣਾ ਕਰਦਾ ਹੈ ।

ਉਪਰੋਕਤ ਦੋਵੇਂ ਸਥਿਤੀਆਂ ਵਿੱਚ ਪ੍ਰਧਾਨ ਨੂੰ ਅੱਗੇ ਜਾ ਕੇ ਏਜੰਟ ਦੇ ਇਨ੍ਹਾਂ ਕਾਰਜਾਂ ਨੂੰ ਮਾਨਤਾ ਦੇਣ ਜਾਂ ਸਵੀਕਾਰ ਨਾ ਕਰਨ ਦਾ ਅਧਿਕਾਰ ਹੈ । ਜੇ ਉਹ ਅਜਿਹੇ ਕਾਰਜਾਂ ਨੂੰ ਮਨਜ਼ੂਰ ਲੈਂਦਾ ਹੈ ਤਾਂ ਕਿਹਾ ਜਾਵੇਗਾ ਕਿ ਪ੍ਰਧਾਨ ਨੇ ਏਜੰਟ ਦੇ ਕਾਰਜਾਂ ਦੀ ਪੁਸ਼ਟੀ ਕਰ ਦਿੱਤੀ ਹੈ ਅਤੇ ਇਹ ਉਨ੍ਹਾਂ ਵਿਚਕਾਰ ਪੁਸ਼ਟੀਕਰਣ ਦੁਆਰਾ ਏਜੰਸੀ ਹੋਵੇਗੀ ।

ਮੁਆਇਦਾ ਐਕਟ ਦੀ **ਧਾਰਾ 196** ਇਸ ਦੀ ਸਪੱਸ਼ਟ ਵਿਆਖਿਆ ਕਰਦੀ ਹੈ । ਇਸ ਧਾਰ ਅਨੁਸਾਰ :-

"ਜਦੋਂ ਕਿਸੇ ਵਿਅਕਤੀ ਵੱਲੋਂ ਉਸਦੀ ਜਾਣਕਾਰੀ ਜਾਂ ਅਧਿਕਾਰ ਤੋਂ ਬਿਨਾਂ ਕੋਈ ਵਿਅਕਤੀ ਕਾਰਜ ਕਰਦਾ ਹੈ ਤਾਂ ਪਹਿਲਾ ਵਿਅਕਤੀ ਅਜਿਹੇ ਕਾਰਜ ਦੀ ਜਾਂ ਤਾਂ ਪੁਸ਼ਟੀ ਕਰ ਸਕਦਾ ਹੈ। ਜੇ ਉਹ ਕਾਰਜ ਦੀ ਪੁਸ਼ਟੀ ਕਰਦਾ ਹੈ ਤਾਂ ਉਸਦਾ ਉਹੀ ਪ੍ਰਭਾਵ ਹੋਵੇਗਾ, ਜਿਵੇਂ ਕਿ ਉਹ ਅਧਿਕਾਰਾਂ ਅਧੀਨ ਕੀਤਾ ਗਿਆ ਹੋਵੇ । "

ਉਦਾਹਰਣ : ੳ ਬਿਨਾਂ ਅਧਿਕਾਰ ਦੇ ਅ ਲਈ ਮਾਲ ਖ਼ਰੀਦ ਕਰਦਾ ਹੈ । ਅ ਦੁਆਰਾ ਇਸ ਸੌਦੇ ਬਾਰੇ ਸੁਣੇ ਜਾਣ ਤੇ ਉਹ ਇਸਨੂੰ ਸਵੀਕਾਰ ਕਰ ਲੈਂਦਾ ਹੈ । ਇਹ ੳ ਦੇ ਕਾਰਜ ਦੀ ਪੁਸ਼ਟੀ ਹੋਵੇਗੀ ਅਤੇ ੳ ਅਤੇ ੲ ਦੇ ਵਿਚਕਾਰ ਪੁਸ਼ਟੀਕਰਣ ਦੁਆਰਾ ਏਜੰਸੀ ਹੋਵੇਗੀ ।

2.4.8 ਏਜੰਟ ਦੇ ਅਧਿਕਾਰ (Rights of Agent)

ਮੁਆਇਦਾ ਐਕਟ ਦੀ **ਧਾਰਾ 226** ਅਨੁਸਾਰ ਏਜੰਟ ਦੁਆਰਾ ਕੀਤੇ ਗਏ ਮੁਆਇਦੇ ਅਤੇ ਕਾਰਜਾਂ ਤੋਂ ਉਤਪੰਨ ਜ਼ਿੰਮੇਵਾਰੀਆਂ ਨੂੰ ਉਸੇ ਪ੍ਰਕਾਰ ਪੂਰਾ ਕਰਾਇਆ ਜਾ ਸਕੇਗਾ ਅਤੇ ਉਨ੍ਹਾਂ ਦਾ ਉਹੀ ਕਾਨੂੰਨੀ ਪ੍ਰਭਾਵ ਹੋਵੇਗਾ ਜੋ ਕਿ ਪ੍ਰਧਾਨ ਦੁਆਰਾ ਆਪ ਕੀਤੇ ਜਾਣ ਤੇ ਹੁੰਦਾ । ਪ੍ਰੰਤੂ ਇਹ ਨਿਯਮ ਤਾਂ ਹੀ ਲਾਗੂ ਹੋਵੇਗਾ ਜਦੋਂ ਏਜੰਟ ਆਪਣੀ ਸੀਮਾ ਅਤੇ ਅਧਿਕਾਰ-ਖੇਤਰ ਅਧੀਨ ਕੰਮ ਕਰਦਾ ਹੈ । ਜੇ ਉਹ ਆਪਣੇ ਅਧਿਕਾਰ-ਖੇਤਰ ਤੋਂ ਬਾਹਰ ਕੰਮ ਕਰੇਗਾ ਤਾਂ ਪ੍ਰਧਾਨ ਉਸਦੇ ਕਾਰਜਾਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ । ਇੱਕ ਏਜੰਟ ਦੇ ਅਧਿਕਾਰ-ਖੇਤਰ ਦਾ ਗਿਆਨ ਉਸਦੇ (1) ਵਾਸਤਵਿਕ ਅਧਿਕਾਰ (2) ਪ੍ਰਗਟ ਅਧਿਕਾਰ (3) ਸੰਕਟ-ਕਾਲੀ ਅਧਿਕਾਰ ਦੇ ਆਧਾਰ ਤੇ ਲਗਾਇਆ ਜਾ ਸਕਦਾ ਹੈ । ਇਨ੍ਹਾਂ ਦਾ ਸੰਖੇਪ ਵਿਵਰਣ ਨਿਮਨ ਲਿਖਤ ਹੈ ।

1. ਵਾਸਤਵਿਕ ਅਧਿਕਾਰ (Actual Authority) : ਵਾਸਤਵਿਕ ਅਧਿਕਾਰ ਉਹ ਹੈ ਜੋ ਕਿ ਪ੍ਰਧਾਨ ਨੇ ਯਥਾਰਥ ਰੂਪ ਵਿੱਚ ਏਜੰਟ ਨੂੰ ਪ੍ਰਦਾਨ ਕੀਤਾ ਹੈ । ਇਹ ਦੋ ਪ੍ਰਕਾਰ ਦਾ ਹੋ ਸਕਦਾ ਹੈ : ਪਹਿਲਾ : ਸਪੱਸ਼ਟ ਅਧਿਕਾਰ, ਦੂਜਾ : ਨਿਹਿਤ ਅਧਿਾਰ ।

ੳ. ਸਪੱਸ਼ਟ ਅਧਿਕਾਰ (Express Authority) : ਧਾਰਾ 187 ਅਨੁਸਾਰ ਇੱਕ ਅਧਿਕਾਰ ਨੂੰ ਤਾਂ ਹੀ ਸਪੱਸ਼ਟ ਕਿਹਾ ਜਾਵੇਗਾ ਜਦੋਂ ਕਿ ਇਹ ਅਧਿਕਾਰ ਲਿਖਤੀ ਜਾਂ ਮੌਖਿਕ ਸ਼ਬਦਾਂ ਦੁਆਰਾ ਦਿੱਤੇ ਗਏ ਹੋਣ ।

ਉਦਾਹਰਣ : ਬਸੰਤ ਜੈ ਪੁਰ ਵਿਚ ਰਹਿੰਦਾ ਹੈ । ਉਸਨੇ ਬੰਬਈ ਦੇ ਅਸ਼ੋਕ ਨੂੰ ਉਸਦੇ ਕਰਜ਼ੇ ਨੂੰ ਵਸੂਲ ਕਰਨ ਲਈ ਨਿਯੁਕਤ ਕੀਤਾ । ਅਸ਼ੋਕ ਕਰਜ਼ੇ ਦਾ ਭੁਗਤਾਨ ਕਰਨ ਲਈ ਵੀ ਕਾਨੂੰਨੀ ਕਾਰਵਾਈ ਕਰ ਸਕਦਾਹੈ ।

ਅ) ਨਿਹਿਤ ਅਧਿਕਾਰ : ਧਾਰਾ 187 ਅਨੁਸਾਰ ਇੱਕ ਅਧਿਕਾਰ ਨੂੰ ਤਾਂ ਹੀ ਨਿਹਿਤ ਅਧਿਕਾਰ ਆਖਿਆ ਜਾਵੇਗਾ ਜਦੋਂ ਕਿ ਸਥਿਤੀਆਂ ਦੇ ਆਧਾਰ ਤੇ ਜਾਂ ਧਿਰਾਂ ਦੇ ਮੌਖਿਕ ਜਾਂ ਲਿਖਤੀ ਸ਼ਬਦਾਂ ਦੇ ਰੀਤੀ ਰਿਵਾਜ਼ਾਂ ਤੋਂ ਅਜਿਹਾ ਪਤਾ ਲੱਗਦਾ ਹੋਵੇ ।

2. ਪ੍ਰਗਟ ਅਧਿਕਾਰ (Apparent Authority) : ਪ੍ਰਗਟ ਅਧਿਕਾਰ ਉਹ ਅਧਿਕਾਰ ਹਨ ਜੋ ਦੂਜੇ ਨੂੰ ਪ੍ਰਤੀਤ ਹੁੰਦੇ ਹਨ । ਇਹ ਉਹ ਅਧਿਕਾਰ ਹਨ ਜਿਨ੍ਹਾਂ ਨੂੰ ਵਪਾਰ ਦੀਆਂ ਆਮ ਪ੍ਰਥਾਵਾਂ ਅਤੇ ਵਪਾਰ ਦੀਆਂ ਲੋੜਾਂ ਦੇ ਅਨੁਰੂਪ ਪ੍ਰਧਾਨ ਦੁਆਰਾ ਏਜੰਟ ਨੂੰ ਪ੍ਰਾਪਤ ਹੋਏ ਅਧਿਕਾਰ ਨੂੰ ਦੂਜੀ ਧਿਰ ਦਾ ਅਧਿਕਾਰ ਮੰਨ ਕੇ ਚੱਲਦਾ ਹੈ ਜਾਂ ਪ੍ਰਧਾਨ ਦੇ ਕਾਰਜ ਜਾਂ ਆਚਰਣ ਤੋਂ ਅਜਿਹਾ ਲੱਗਦਾ ਹੈ ਕਿ ਇਹ ਏਜੰਟ ਦਾ ਅਧਿਕਾਰ ਹੈ ਜਦੋਂ ਕਿ ਵਾਸਤਵ ਵਿਚ ਅਜਿਹਾ ਕੋਈ ਅਧਿਕਾਰ ਉਸ ਨੂੰ ਪ੍ਰਦਾਨ ਨਹੀਂ ਕੀਤਾ ਗਿਆ ਹੈ । ਇਸ ਲਈ ਜੇ ਕੋਈ ਏਜੰਟ ਕਾਰਜ ਕਰਦੇ ਹੋਏ ਆਪਣੇ ਵਾਸਤਵਿਕ ਅਧਿਕਾਰ ਦੀ ਉਲੰਘਣਾ ਕਰ ਜਾਵੇ, ਪਰੰਤੂ ਇਹ ਉਸਦੇ ਪ੍ਰਗਟ ਅਧਿਕਾਰਾਂ ਦੀ ਸੀਮਾ ਦੇ ਅੰਦਰ ਹੋਵੇ ਤਾਂ ਅਜਿਹਾ ਕਾਰਜ ਪ੍ਰਧਾਨ ਨੂੰ ਪਾਬੰਦ ਕਰੇਗਾ । ਇਸ ਨਿਯਮ ਦੇ ਲਾਗੂ ਹੋਣ ਲਈ ਨਿਮਨ ਸਥਿਤੀਆਂ ਦਾ ਪੂਰਾ ਕੀਤਾ ਜਾਣਾ ਜ਼ਰੂਰੀ ਹੈ :-

- ੳ) ਕਾਰਜ ਜਾਂ ਆਚਰਣ ਪ੍ਰਧਾਨ ਵੱਲੋਂ ਹੋਵੇ ;
- ਅ) ਤੀਜੀ ਧਿਰ ਨੇ ਇਸ ਕਾਰਜ ਜਾਂ ਆਚਰਣ ਤੇ ਵਿਸ਼ਵਾਸ਼ ਕੀਤਾ ਹੋਵੇ ; ਅਤੇ
- ੲ) ਤੀਜੀ ਧਿਰ ਉਸ ਵਿਅਕਤੀ ਨੂੰ ਜਿਸ ਨਾਲ ਸੌਦਾ ਕੀਤਾ ਜਾ ਰਿਹਾ ਹੈ, ਏਜੰਟ ਮੰਨਦੀ ਹੈ ।

ਉਦਾਹਰਣ : ਰਮੇਸ਼ ਆਪਣੇ ਹੋਟਲ ਵਿੱਚ ਮੈਨੇਜਰ ਸੁਰੇਸ਼ ਨੂੰ ਉਧਾਰ ਸਿਗਰੇਟ ਖਰੀਦਣ ਦੀ ਮਨਾਹੀ ਕਰਦਾ ਹੈ । ਇਸਦੇ ਬਾਵਜੂਦ ਦੀ ਸੁਰੇਸ਼ ਸਿਗਰੇਟ ਖਰੀਦ ਕਰਦਾ ਹੈ ਅਤੇ ਹੋਟਲ ਦੇ ਵਪਾਰ ਵਿਚ ਪ੍ਰਯੋਗ ਵਿੱਚ ਲਿਆਂਦਾ ਹੈ । ਕਿਉਂਕਿ ਇਹ ਏਜੰਟ ਦੇ ਪ੍ਰਗਟ ਅਧਿਕਾਰਾਂ ਅਧੀਨ ਆਉਂਦਾ ਹੈ, ਇਸ ਲਈ ਰਮੇਸ਼, ਸੁਰੇਸ਼ ਦੁਆਰਾ ਕੀਤੀ ਗਈ ਖ਼ਰੀਦ ਲਈ ਦੇਣਦਾਰ ਹੈ ।

3. ਸੰਕਟਕਾਲੀ ਆਧਾਰ (Emergency Authority) : ਧਾਰ 189 ਅਨੁਸਾਰ ਸੰਕਟਕਾਲੀ ਸਮੇਂ ਵਿਚ ਏਜੰਟ ਆਪਣੇ ਨਿਯੁਕਤੀਕਾਰ ਨੂੰ ਹਾਨੀ ਤੋਂ ਬਚਾਉਣ ਲਈ ਉਹ ਸਾਰੇ ਕਾਰਜ ਕਰਨ ਦਾ ਅਧਿਕਾਰੀ ਹੈ ਜੋ ਇਕ ਸਾਧਾਰਣ ਬੁੱਧੀ ਵਾਲਾ ਵਿਅਕਤੀ ਆਪਣੇ ਆਪ ਲਈ ਉਸ ਸਥਿਤੀ ਵਿਚ ਕਰਦਾ ਹੈ ।

ਇਹ ਨਿਯਮ ਤਾਂ ਹੀ ਲਾਗੂ ਹੋਵੇਗਾ ਜਦੋਂ (1) ਸੰਕਟਕਾਲੀ ਸਥਿਤੀਆਂ ਹਨ, (2) ਕਾਰਜ ਦਾ ਕੀਤਾ ਜਾਣਾ ਨਿਯੁਕਤੀਕਾਰ ਦੇ ਹਿਤ ਵਿੱਚ ਹੈ, ਅਤੇ (3) ਏਜੰਟ ਸਦਭਾਵਨਾ ਨਾਲ ਕਾਰਜ ਕਰਦਾ ਹੈ।

ਉਦਾਹਰਣ : ਵਿਪਿਨ ਕੁਝ ਵਸਤਾਂ ਅਸ਼ੋਕ ਨੂੰ ਕਲਕੱਤਾ ਇਸ ਨਿਰਦੇਸ਼ ਦੇ ਨਾਲ ਭੇਜਦਾ ਹੈ ਕਿ ਉਹ ਇਨ੍ਹਾਂ ਨੂੰ ਛੇਤੀ ਕੱਟਕੇ ਭੇਜ ਜਾਵੇ । ਜੇ ਅਸ਼ੋਕ ਨੂੰ ਉਹਨਾਂ ਵਸਤਾਂ ਦੇ ਖ਼ਰਾਬ ਹੋ ਜਾਣ ਦਾ ਡਰ ਹੈ ਤਾਂ ਉਹ ਉਹਨਾਂ ਨੂੰ ਕਲਕੱਤੇ ਵਿੱਚ ਹੀ ਵੇਚ ਸਕਦਾ ਹੈ ।

2.4.9 ਏਜੰਸੀ ਦੀ ਸਮਾਪਤੀ (Termination of Agency)

ਏਜੰਸੀ ਦੀ ਸਮਾਪਤੀ ਦਾ ਭਾਵ ਏਜੰਟ ਅਤੇ ਪ੍ਰਧਾਨ ਦੇ ਸਬੰਧਾਂ ਨੂੰ ਸਮਾਪਤ ਕਰਨਾ ਹੈ । ਏਜੰਸੀ ਦੀ ਸਮਾਪਤੀ ਨਿਮਨ ਦੋ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ :-

1. ਧਿਰਾਂ ਦੇ ਕਾਰਜਾਂ ਦੁਆਰਾ ।
2. ਕਾਨੂੰਨ ਨੂੰ ਲਾਗੂ ਕਰਨ ਦੁਆਰਾ ।

ਏਜੰਸੀ ਦੀ ਸਮਾਪਤੀ ਦੇ ਨਿਮਨਲਿਖਤ ਢੰਗ ਹਨ :

1. ਧਿਰਾਂ ਦੇ ਕਾਰਜਾਂ ਦੁਆਰਾ : (By the act of the Parties) :

ਅੱਗੇ ਦਰਜ ਤਰੀਕਿਆਂ ਨਾਲ ਧਿਰਾਂ ਦੇ ਕਾਰਜਾਂ ਦੁਆਰਾ ਏਜੰਸੀ ਨੂੰ ਸਮਾਪਤ ਕੀਤਾ ਜਾ ਸਕਦਾ ਹੈ :

2. ਪ੍ਰਧਾਨ ਦੁਆਰਾ ਰੱਦਣ (Revocation by Principal) : ਐਕਟ ਦੀ **ਧਾਰਾ 203** ਅਨੁਸਾਰ ਏਜੰਟ ਦੁਆਰਾ ਆਪਣੇ ਅਧਿਕਾਰ ਨੂੰ ਪ੍ਰਯੋਗ ਵਿੱਚ ਲਿਆਉਣ ਤੋਂ ਪਹਿਲਾਂ ਕਦੇ ਵੀ ਪ੍ਰਧਾਨ ਸੂਚਨਾ ਦੇ ਕੇ ਏਜੰਸੀ ਨੂੰ ਸਮਾਪਤ ਦੇ ਕੇ ਏਜੰਸੀ ਨੂੰ ਸਮਾਪਤ ਕਰ ਸਕਦਾ ਹੈ ਅਤੇ ਧਾਰਾ 207 ਦੇ ਅਨੁਸਾਰ ਇਹ ਰੱਦਣ ਸਪੱਸ਼ਟ ਜਾਂ ਨਿਹਿਤ ਹੋ ਸਕਦਾ ਹੈ । ਪ੍ਰਧਾਨ ਦੁਆਰਾ ਰੱਦਣ ਦੀਆਂ ਨਿਮਨ ਸੀਮਾਵਾਂ ਹਨ :

1) ਜਦੋਂ ਏਜੰਟ ਨੇ ਅੰਸ਼ਿਕ ਰੂਪ ਵਿੱਚ ਅੰਧਕਾਰ ਤੋਂ ਕੰਮ ਲੈ ਲਿਆ ਹੋਵੇ ਤਾਂ ਉਸ ਕਾਰਜ ਲਈ ਰੱਦਣ ਸੰਭਵ ਨਹੀਂ ਹੋਵੇਗਾ । **ਧਾਰਾ 204**
2) ਜਦੋਂ ਏਜੰਸੀ ਕਿਸੇ ਨਿਸ਼ਚਿਤ ਮਿਆਦ ਲਈ ਹੈ ਅਤੇ ਪ੍ਰਧਾਨ ਬਿਨਾਂ ਉਚਿਤ ਕਾਰਨ ਦੇ ਉਸਦਾ ਰੱਦਣ ਇਸ ਨਿਸ਼ਚਿਤ ਮਿਆਦ ਤੋਂ ਪਹਿਲਾਂ ਕਰ ਦਿੰਦਾ ਹੈ ਤਾਂ ਉਹ ਮੁਆਵਜ਼ੇ ਲਈ ਜ਼ਿੰਮੇਵਾਰ ਹੋਵੇਗਾ । **ਧਾਰਾ 205**
3) ਪ੍ਰਧਾਨ ਦੁਆਰਾ ਉਚਿਤ ਮਿਆਦ ਦੀ ਸੂਚਨਾ ਰੱਦਣ ਦੇ ਸਬੰਧ ਵਿੱਚ ਦੇਣਾ ਜ਼ਰੂਰੀ ਹੈ, ਨਹੀਂ ਤਾਂ ਪ੍ਰਧਾਨ ਮੁਆਇਦੇ ਲਈ ਜ਼ਿੰਮੇਵਾਰ ਹੋਵੇਗਾ । **ਧਾਰਾ 206**

3. ਏਜੰਟ ਦੁਆਰਾ ਰੱਦਣ (Revocation by Agent) : ਏਜੰਟ ਵੀ ਪ੍ਰਧਾਨ ਨੂੰ ਸੂਚਨਾ ਦੇ ਕੇ ਏਜੰਸੀ ਨੂੰ ਸਮਾਪਤ ਕਰ ਸਕਦਾ ਹੈ । ਪਰੰਤੂ ਉਸ ਦੁਆਰਾ ਕੀਤੇ ਗਏ ਰੱਦਣ ਦੀ ਸੂਚਨਾ ਉਚਿਤ ਹੋਣੀ ਚਾਹੀਦੀ ਹੈ ਨਹੀਂ ਤਾਂ ਉਹ ਹਾਨੀ ਲਈ ਜ਼ਿੰਮੇਵਾਰ ਹੋਵੇਗਾ । **ਧਾਰਾ 206**

ਇਸ ਤੋਂ ਇਲਾਵਾ ਜੇ ਏਜੰਸੀ ਕਿਸੇ ਨਿਸ਼ਚਿਤ ਮਿਆਦ ਲਈ ਹੈ ਅਤੇ ਏਜੰਟ ਇਸ ਨਿਸ਼ਚਿਤ ਮਿਆਦ ਦੇ ਬਤੀਤ ਹੋਣ ਤੋਂ ਪਹਿਲਾਂ ਹੀ ਬਿਨਾਂ ਕਿਸੇ ਉਚਿਤ ਕਾਰਨ ਦੇ ਏਜੰਸੀ ਰੱਦ ਕਰਦਾ ਹੈ ਤਾਂ ਏਜੰਟ ਨੂੰ ਪ੍ਰਧਾਨ ਲਈ ਹਾਣਪੂਰਤੀ ਕਰਨੀ ਹੋਵੇਗੀ **ਧਾਰਾ 205**

2. ਕਾਨੂੰਨ ਨੂੰ ਲਾਗੂ ਕਰਨ ਦੁਆਰਾ (By operation of Law) - ਕਾਨੂੰਨ ਨੂੰ ਲਾਗੂ ਕਰਨ ਕਾਰਨ ਨਿਮਨ ਸਥਿਤੀਆਂ ਵਿੱਚ ਏਜੰਸੀ ਸਮਾਪਤ ਹੋ ਸਕਦੀ ਹੈ :

1. ਏਜੰਸੀ ਦੇ ਕਾਰਜ ਪੂਰਾ ਹੋਣ 'ਤੇ (On completion of the business of the agency) :

ਧਾਰਾ 201 ਅਨੁਸਾਰ ਜਿਉਂ ਹੀ ਏਜੰਸੀ ਦੇ ਕਾਰਜ, ਜਿਸ ਲਈ ਇਸਦਾ ਨਿਰਮਾਣ ਕੀਤਾ ਗਿਆ ਸੀ, ਪੂਰਾ ਹੁੰਦਾ ਹੈ, ਏਜੰਸੀ ਸਮਾਪਤ ਹੋ ਸਕਦੀ ਹੈ ।

2. **ਮਿਆਦ ਸਮਾਪਤ ਹੋਣ ਤੇ (On expiry of time)** : ਜਦੋਂ ਏਜੰਸੀ ਦਾ ਕਿਸੇ ਨਿਸ਼ਚਿਤ ਮਿਆਦ ਲਈ ਨਿਰਮਾਣ ਕੀਤਾ ਹੋਵੇ ਤਾਂ ਇਸ ਮਿਆਦ ਦੇ ਸਮਾਪਤ ਹੋਣ ਤੇ ਏਜੰਸੀ ਦੀ ਸਮਾਪਤ ਹੋ ਜਾਂਦੀ ਹੈ ।

3. **ਮ੍ਰਿਤੂ ਜਾਂ ਪਾਗਲਪਣ (Death or insanity) : ਧਾਰਾ** 201 ਅਨੁਸਾਰ ਪ੍ਰਧਾਨ ਜਾਂ ਏਜੰਟ ਦੀ ਮ੍ਰਿਤੂ ਜਾਂ ਅਸਵੱਸਥ ਮਨ ਦਾ ਹੋਣ ਤੇ ਏਜੰਸੀ ਦਾ ਮੁਆਇਦਾ ਸਮਾਪਤ ਹੋ ਜਾਂਦ ਹੈ । ਭਾਵੇਂ ਆਰੰਭ ਵਿੱਚ ਇੱਕ ਅਸਵੱਸਥ ਮਨ ਦੇ ਵਿਅਕਤੀ ਨੂੰ ਏਜੰਟ ਬਣਾਇਆ ਜਾ ਸਕਦਾ ਹੈ ।

4. **ਦਿਵਾਲੀਆ (Insolvency) : ਧਾਰਾ** 201 ਅਨੁਸਾਰ ਪ੍ਰਧਾਨ ਦੇ ਦਿਵਾਲੀਆ ਘੋਸ਼ਿਤ ਕੀਤੇ ਜਾਣ ਦੇ ਨਾਲ ਹੀ ਏਜੰਸੀ ਸਮਾਪਤ ਹੋ ਜਾਂਦੀ ਹੈ ।

5. **ਵਿਸ਼ਾ-ਸਮੱਗਰੀ ਨਸ਼ਟ ਹੋਣ 'ਤੇ (On Destruction of the subject matter) :** ਜਦੋਂ ਏਜੰਸੀ ਦਾ ਨਿਰਮਾਣ ਕਿਸੇ ਵਿਸ਼ਾ-ਵਸਤੂ ਦੇ ਲੈਣ ਦੇਣ ਲਈ ਹੋਇਆ ਹੈ ਤਾਂ ਇਸਦੇ ਨਸ਼ਟ ਹੋਣ ਦੇ ਨਾਲ ਹੀ ਏਜੰਸੀ ਵੀ ਸਮਾਪਤ ਹੋ ਜਾਂਦੀ ਹੈ ।

6. **ਪ੍ਰਧਾਨ ਜਾਂ ਏਜੰਟ ਦੇ ਵਿਦੇਸ਼ੀ ਸ਼ਤਰੂ ਬਣ ਜਾਣ 'ਤੇ (Principal or Agent becoming alien enemy) :** ਜਦੋਂ ਪਰਧਾਨ ਅਤੇ ਏਜੰਟ ਅਲੱਗ ਦੇਸਾਂ ਦੇ ਨਿਵਾਸੀ ਹਨ ਤਾਂ ਉਨ੍ਹਾਂ ਵਿਚਕਾਰ ਏਜੰਸੀ ਦਾ ਵਿਵਹਾਰ ਉਸ ਸਮੇਂ ਤੱਕ ਹੀ ਜ਼ਾਇਜ਼ ਹੋਵੇਗਾ । ਜਦੋਂ ਤੱਕ ਦੋਵੇਂ ਦੇਸ਼ ਮਿੱਤਰ ਹਨ । ਦੋਹਾਂ ਦੇਸਾਂ ਦੇ ਦੁਸ਼ਮਣ ਬਣਨ ਦੇ ਨਾਲ ਏਜੰਸੀ ਸਮਾਪਤ ਹੋ ਜਾਵੇਗੀ ।

7. **ਕੰਪਨੀ ਦਾ ਸਮਾਪਨ (Winding up of company) :** ਜਦੋਂ ਪ੍ਰਧਾਨ ਜਾਂ ਏਜੰਟ ਇੱਕ ਨਿਸ਼ਚਿਤ ਸਮੇਂ ਦੀ ਕੰਪਨੀ ਹੈ ਤਾਂ ਕੰਪਨੀ ਦੇ ਸਮਾਧਨ ਦੇ ਨਾਲ ਹੀ ਏਜੰਸੀ ਵੀ ਸਮਾਪਤ ਹੋ ਜਾਂਦੀ ਹੈ ।

ਪਾਠ ਨੰ. 2.5 **ਲੇਖਿਕਾ : ਰਾਜਵਿੰਦਰ ਕੌਰ**

ਮਾਲ ਵਿਕਰੀ ਐਕਟ
(Law of sales of Goods)

2.5.0 ਭੂਮਿਕਾ (Introduction)
2.5.1 ਪਰਿਭਾਸ਼ਾ (Definition)
2.5.2 ਵਿਕਰੀ-ਮੁਆਇਦੇ ਦੇ ਜਰੂਰੀ ਤੱਤ
2.5.3 ਵਿਕਰੀ ਅਤੇ ਵਿਕਰੀ ਦਾ ਸਮਝੌਤਾ
2.5.4 ਵਿਕਰੀ ਅਤੇ ਕਿਰਾਇਆ ਖਰੀਦ ਸਮਝੌਤਾ
2.5.5 ਵਿਕਰੀ ਦਾ ਮੁਆਇਦਾ ਕਿੱਦਾਂ ਕੀਤਾ ਜਾਂਦਾ ਹੈ?
2.5.6 ਵਿਕਰੀ ਮੁਆਇਦੇ ਦਾ ਵਿਸ਼ਾ ਵਸਤੂ

2.5.0 ਭੂਮਿਕਾ (Introduction)
ਭਾਰਤ ਵਿੱਚ ਮਾਲ ਵਿਕਰੀ ਨਾਲ ਸਬੰਧਿਤ ਕਾਨੂੰਨਾਂ ਨੂੰ ਮਾਲ ਵਿਕਰੀ ਅਧਿਨਿਯਮ 1930 ਵਿੱਚ ਇਕੱਠਾ ਕੀਤਾ ਗਿਆ ਹੈ। ਸੰਨ 1930 ਤੋਂ ਪਹਿਲਾਂ ਵਿਕਰੀ ਨਾਲ ਸਬੰਧਿਤ ਨਿਯਮ ਭਾਰਤੀ ਮੁਆਇਦਾ ਅਧਿਨਿਯਮ, 1872 ਦੀਆਂ ਧਾਰਾਵਾਂ 76 ਤੋ 123 ਵਿੱਚ ਦਰਜ ਸਨ ਪ੍ਰੰਤੂ ਇਹ ਨਿਯਮ ਇਹ ਅਸਲ ਅਤੇ ਨਿਯਮ ਮਾਲ ਵਿਕਰੀ ਮੁਆਇਦੇ ਨਾਲ ਸਬੰਧਿਤ ਪੈਦਾ ਹੋਵੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਦੇਣ ਵਿੱਚਅਸਮੱਰਥ ਸੀ। ਇਸੇ ਕਾਰਨ ਭਾਰਤੀ ਸੰਸਦ ਨੇ 1930 ਵਿੱਚ ਇਹਨਾਂ ਨਿਯਮਾਂ ਨੂੰ ਮੁਆਇਦਾ ਅਧਿਨਿਯਮ ਵਿੱਚੋਂ ਕੱਢ ਦਿੱਤਾ ਅਤੇ ਉਹਨਾਂ ਦੀ ਥਾਂ ਤੇ ਇੱਕ ਨਵਾਂ ਅਧਿਨਿਯਮ ਮਾਲ ਵਿਕਰੀ ਅਧਿਨਿਯਮ ਦੀ ਸਥਾਪਨਾ ਕਰ ਦਿੱਤੀ। ਇਸ ਅਧਿਨਿਯਮ ਨੂੰ 15 ਮਾਰਚ, 1930 ਨੂੰ ਉਸ ਵੇਲੇ ਦੇ ਗਵਰਨਰ ਜਰਨਲ ਤੋਂ ਪ੍ਰਵਾਨਗੀ ਪ੍ਰਾਪਤ ਹੋਈ ਅਤੇ 1 ਜੁਲਾਈ, 1930 ਨੂੰ ਇਹਨਾਂ ਨੂੰ ਲਾਗੂ ਕਰ ਦਿੱਤਾ ਗਿਆ।
ਇਸ ਅਧਿਨਿਯਮ ਵਿੱਚ 66 ਧਾਰਾਵਾਂ ਸ਼ਾਮਲ ਹਨ ਅਤੇ ਇਹ ਜੰਮੂ-ਕਸ਼ਮੀਰ ਨੂੰ ਛੱਡ ਕੇ ਸਮੁੱਚੇ ਭਾਰਤ ਵਿੱਚ ਲਾਗੂ ਹੁੰਦਾ ਹੈ। ਭਾਰਤੀ ਮਾਲ ਵਿਕਰੀ ਅਧਿਨਿਯਮ, 1930 ਇੰਗਲਿਸ਼ ਅਧਿਨਿਯਮ ਤੇ ਅਧਾਰਤ ਹੈ ਅਤੇ ਇਸ ਵਿੱਚ ਉਹਨਾਂ ਸਾਰੀਆਂ ਧਾਰਾਵਾਂ ਅਤੇ ਨਿਯਮਾਂ ਨੂੰ ਸ਼ਾਮਲ ਕੀਤਾ ਗਿਆ ਹੈ ਜੋ ਕਿ ਭਾਰਤ ਦੀਆਂ ਜਰੂਰਤਾਂ ਲਈ ਠੀਕ ਸਨ। ਬੇਸ਼ੱਕ ਇਹ ਅਧਿਨਿਯਮ ਆਪਣੇ ਆਪ ਵਿੱਚ ਸੰਪੂਰਣ ਹੈ ਫੇਰ ਵੀ ਇਸ ਦਾ ਮੂਲ ਆਧਾਰ ਭਾਰਤੀ ਮੁਆਇਦਾ ਅਧਿਨਿਯਮ ਹੀ ਹੈ। ਬਾਕੀ ਦੇ ਮੁਆਇਦਿਆਂ ਵਾਂਗ ਵਿਕਰੀ ਦੇ ਮੁਆਇਦੇ ਲਈ ਵੀ ਦੋ ਧਿਰਾਂ ਦੀ ਪੇਸ਼ਕਸ਼ ਅਤੇ ਸਹਿਮਤੀ ਦੀ ਜਰੂਰਤ ਹੁੰਦੀ ਹੈ ਭਾਰਤੀ ਮਾਲ ਵਿਕਰੀ ਅਧਿਨਿਯਮ ਮੁਆਇਦੇ ਦੀਆਂ ਧਿਰਾਂ ਦੀਆਂ ਇੱਛਾਵਾਂ ਤੇ ਕੋਈ ਬਹਿਸ ਨਹੀਂ ਲਾਉਂਦਾ।

ਮਾਲ ਵਿਕਰੀ ਦਾ ਮੁਆਇਦਾ

2.5.1 ਪਰਿਭਾਸ਼ਾ (Definition)
ਧਾਰਾ 4 ਦੇ ਅਨੁਸਾਰ ਮਾਲ ਵਿਕਰੀ ਦਾ ਮੁਆਇਦਾ ਇੱਕ ਅਜਿਹਾ ਮੁਆਇਦਾ ਹੈ ਜਿਸ ਦੇ ਦੁਆਰਾ ਵਿਕਰੀਕਾਰ, ਖਰੀਦਦਾਰ ਨੂੰ ਇੱਕ ਨਿਸ਼ਚਿਤ ਮੁੱਲ ਦੇ ਬਦਲੇ ਮਾਲ ਦੀ ਮਾਲਕੀ ਸੌਂਪਦਾ ਹੈ ਜਾਂ ਮਾਲਕੀ ਸੌਂਪਣ ਦਾ ਸਮਝੌਤਾ ਕਰਦਾ ਹੈ।

ਮਾਲ ਵਿਕਰੀ ਦਾ ਮੁਆਇਦਾ ਬਿਨਾਂ ਸ਼ਰਤ ਦੇ ਜਾਂ ਸ਼ਰਤ ਸਹਿਤ ਹੋ ਸਕਦਾ ਹੈ ਸ਼ਰਤ ਸਹਿਤ ਵਿਕਰੀ ਦੀ ਹਾਲਤ ਵਿੱਚ ਪੂਰਣ ਰੂਪ ਵਿੱਚ ਵਸਤੂ ਦੀ ਸਪੁਰਦਗੀ ਵਿਕਰੀਕਾਰ ਦੁਆਰਾ ਖਰੀਦਦਾਰ ਨੂੰ ਉਸ ਵੇਲੇ ਤੱਕ ਨਹੀ ਕੀਤੀ ਜਾਂਦੀ ਜਦੋਂ ਤੱਕ ਸਬੰਧਤ ਸ਼ਰਤ ਪੂਰੀ ਨਹੀਂ ਹੋ ਜਾਂਦੀ। ਮਾਲਕ ਵਿਕਰੀ ਅਧਿਨਿਯਮ ਵਿੱਚ ਦੋ ਵੱਖ-ਵੱਖ ਗੱਲਾਂ ਦਾ ਮਿਸ਼ਰਣ ਹੈ –

(i) ਵਿਕਰੀ

(ii) ਵਿਕਰੀ ਦਾ ਸਮਝੌਤਾ

ਜਦੋਂ ਮਾਲ ਦੀ ਮਲਕੀਅਤ ਦੀ ਸਪੁਰਦਗੀ ਵਿਕਰੀਕਾਰ ਤੋਂ ਖਰੀਦਦਾਰ ਨੂੰ ਮੁਆਇਦੇ ਦੇ ਸਮੇਂ ਹੀ ਹੋ ਜਾਂਦੀ ਹੈ ਤਾਂ ਇਸ ਨੂੰ ਵਿਕਰੀ ਕਿਹਾ ਜਾਂਦਾ ਹੈ। ਪ੍ਰੰਤੂ ਜਦੋਂ ਮਾਲ ਦੀ ਮਲਕੀਅਤ ਦੀ ਸਪਰਦਗੀ ਬਾਅਦ ਵਿੱਚ ਕੀਤੀ ਜਾਂਦੀ ਹੈ ਜਾਂ ਫਿਰ ਕਿਸੇ ਸ਼ਰਤ ਦੇ ਪੂਰਾ ਹੋਣ ਪਿੱਛੋਂ ਕੀਤੀ ਜਾਂਦੀ ਹੈ ਤਾਂ ਇਸਨੂੰ ਵਿਕਰੀ ਦੇ ਲਈ ਸਮਝੌਤਾ ਕਹਿੰਦੇ ਹਨ।

ਵਿਕਰੀ ਲਈ ਸਮਝੌਤਾ ਕਦੋਂ ਵਿਕਰੀ ਬਣਦਾ ਹੈ ? – ਵਿਕਰੀ ਦੇ ਲਈ ਸਮਝੌਤਾ ਉਸ ਸਮੇਂ ਵਿਕਰੀ ਬਣ ਜਾਂਦਾ ਹੈ ਜਦੋਂ ਜਾਂ ਤਾਂ ਨਿਰਧਾਰਤ ਸਮਾਂ ਬੀਤ ਜਾਂਦਾ ਹੈ ਜਾਂ ਵਸਤੂ ਦੀ ਸਪੁਰਦਗੀ ਦੇ ਸਬੰਧ ਵਿੱਚ ਨਿਰਧਾਰਤ ਕੀਤੀ ਗਈ ਸ਼ਰਤ ਪੂਰੀ ਹੋ ਜਾਂਦੀ ਹੈ। ਹਰੇਕ ਵਿਕਰੀ ਦਾ ਜਨਮ, ਵਿਕਰੀ ਦੇ ਲਈ ਸਮਝੌਤੇ ਤੋਂ ਹੀ ਹੁੰਦਾ ਹੈ।

2.5.2 ਵਿਕਰੀ-ਮੁਆਇਦੇ ਦੇ ਜਰੂਰੀ ਤੱਤ

1) **ਇੱਕ ਮੁਆਇਦਾ** - ਮੁਆਇਦੇ ਦਾ ਅਰਥ ਹੈ ਅਜਿਹਾ ਸਮਝੌਤਾ ਜੋ ਕਾਨੂੰਨ ਦੁਆਰਾ ਲਾਗੂ ਕਰਵਾਉਣਯੋਗ ਹੋਵੇ। ਇਹ ਮੰਨ ਲਿਆ ਜਾਂਦਾ ਹੈ ਕਿ ਮੁਆਇਦੇ ਲਈ ਦਿੱਤੀ ਗਈ ਸਹਿਮਤੀ ਅਜਾਦ ਰੂਪ ਵਿੱਚ ਦਿੱਤੀ ਜਾਵੇਗੀ ਅਤੇ ਮੁਆਇਦੇ ਦੀਆਂ ਧਿਰਾਂ ਵਿੱਚ ਮੁਆਇਦਾ ਕਰਨ ਦੀ ਯੋਗਤਾ ਹੋਵੇਗਾ। ਕੀਤੇ ਗਏ ਸਮਝੌਤੇ ਦਾ ਉਦੇਸ਼ ਸੰਵਿਧਾਨਕ ਹੋਣਾ ਚਾਹੀਦਾ ਹੈ ਅਤੇ ਕਾਨੂੰਨੀ ਪ੍ਰਤਿਫਲ ਦੇ ਬਦਲੇ ਹੀ ਮਾਲ ਦੀ ਸਪੁਰਦਗੀ ਹੋ ਸਕਦੀ ਹੈ।

2) **ਦੋ ਧਿਰਾਂ** - ਮਾਲ ਵਿਕਰੀ ਮੁਆਇਦੇ ਲਈ ਜਰੂਰੀ ਹੈ ਕਿ ਖਰੀਦਦਾਰ ਅਤੇ ਵਿਕਰੇਤਾ ਦੋਵੇਂ ਅਲੱਗ-ਅਲੱਗ ਵਿਅਕਤੀ ਹੋਣੇ ਚਾਹੀਦੇ ਹਨ ਕਿਉਂਕਿ ਵਿਅਕਤੀ ਆਪ ਆਪਣੇ ਮਾਲ ਨੂੰ ਨਹੀਂ ਖਰੀਦ ਸਕਦਾ, ਜੇ ਵਿਅਕਤੀ ਆਪਣੇ ਮਾਲ ਦੀ ਖਰੀਦ ਕਰਦਾ ਹੈ ਤਾਂ ਉਹ ਵਿਕਰੀ ਨਹੀ ਹੋਵੇਗੀ।

ਪ੍ਰੰਤੂ ਇਸ ਨਿਯਮ ਦੀਆਂ ਕੁਝ ਛੋਟਾਂ ਹਨ ਜਿਲ੍ਹਾਂ ਅਨੁਸਾਰ ਇੱਕ ਵਿਅਕਤੀ ਆਪਣੇ ਮਾਲ ਦਾ ਖਰੀਦਦਾਰ ਹੋ ਸਕਦਾ ਹੈ। ਇਨ੍ਹਾਂ ਛੋਟਾਂ ਅਧੀਨ ਵਸਤਾਂ ਗਿਰਵੀ ਰੱਖ ਲੈਣ ਵਾਲ, ਗਿਰਵੀ ਰੱਖਣ ਵਾਲੇ ਨੂੰ ਸਰਕਾਰੀ ਪ੍ਰਾਪਕ ਜਾਂ ਨੀਲਾਮ ਕਰਤਾ ਦੁਆਰਾ ਮਾਲ ਮਾਲਕ ਨੂੰ, ਇੱਕ ਭਾਈਵਾਲੀ ਸੰਸਥਾ ਜਾਂ ਹੋਰ ਕਿਸੇ ਭਾਈਵਾਲ ਨੂੰ ਅਤੇ ਮਾਲਕ ਦੇ ਅੰਸ਼ਿਕ ਮਾਲਕ ਦੁਆਰਾ ਦੂਜੇ ਅੰਸ਼ਿਕ ਮਾਲਕ ਨੂੰ ਮਾਲ ਵੇਚਿਆ ਜਾ ਸਕਦਾ ਹੈ।

ਇਸ ਨਿਯਮ ਦੀਆਂ ਕੁਝ ਛੋਟਾਂ ਵੀ ਹਨ ਜੋ ਇਸ ਪ੍ਰਕਾਰ ਹਨ :

(i) ਜਦੋਂ ਕਿਸੇ ਵਿਅਕਤੀ ਦੀਆਂ ਨਿੱਜੀ ਵਸਤਾਂ ਦੀ ਵਿਕਰੀ ਕਿਸੇ ਡਿਗਰੀ ਅਧੀਨ ਕੀਤੀ ਜਾ ਰਹੀ ਹੋਵੇ ਤਾਂ ਉਹ ਖੁਦ ਹੀ ਆਪਣੀਆਂ ਵਸਤਾਂ ਖਰੀਦ ਸਕਦਾ ਹੈ।

(ii) ਵਸਤਾਂ ਦਾ ਸਹਿਮਾਲਕ ਆਪਣੇ ਹਿੱਸੇ ਦੂਜੇ ਸਹਿ ਮਾਲਕਾਂ ਨੂੰ ਪੂਰਨ ਮਾਲਕ ਬਣਾਉਣ ਲਈ ਵੇਚ ਸਕਦਾ ਹੈ।

(iii) ਜਦੋਂ ਗਿਰਵੀ ਗ੍ਰਹਿਣ ਕਰਤਾ ਆਪਣੇ ਬਿਲ ਦਾ ਭੁਗਤਾਨ ਨਾ ਹੋਣ ਦੀ ਹਾਲਤ ਵਿੱਚ ਜਦੋਂ ਗਿਰਵੀ ਵਸਤਾਂ ਨੂੰ ਵੇਚੇ ਤਾਂ ਗਿਰਵੀ ਰੱਖੀਆਂ ਵਸਤਾਂ ਗਿਰਵੀ ਗ੍ਰਹਿਣਕਰਤਾ ਆਪ ਖਰੀਦ ਸਕਦਾ ਹੈ।

(iv) ਇੱਕ ਸਾਂਝੀਦਾਰ ਫਰਮ ਤੋਂ ਅਤੇ ਇੱਕ ਫਰਮ ਕਿਸੇ ਵੀ ਸਾਂਝੀਦਾਰ ਤੋਂ ਵਸਤਾਂ ਖਰੀਦ ਸਕਦੇ ਹਨ।

(v) ਬੋਲੀ ਦੁਆਰਾ ਵਿਕਰੀ ਦੀ ਹਾਲਤ ਵਿੱਚ ਵਸਤਾਂ ਦਾ ਮਾਲਕ ਆਪ ਵੀ ਵੱਧ ਬੋਲੀ ਦੇ ਕੇ ਵਸਤਾਂ ਖਰੀਦ ਸਕਦਾ ਹੈ।

3. ਮਲਕੀਅਤ ਦਾ ਤਬਾਦਲਾ - ਮਾਲ ਵਿਕਰੀ ਦੇ ਮੁਆਇੰਦ ਵਿੱਚ ਵਸਤੂ ਦਾ ਪੂਰਾ ਜਾਂ ਸਧਾਰਨ ਤਬਾਦਲਾ ਹੋਣਾ ਚਾਹੀਦਾ ਹੈ ਨਹੀ ਤਾਂ ਵਿਕਰੀ ਦੇ ਅਧੀਨ ਵਸਤੂ ਦੀ ਮਲਕੀਅਤ ਦਾ ਤਬਾਦਲਾ ਹੋਣਾ ਜਰੂਰੀ ਹੈ ਪ੍ਰੰਤੂ ਸਰੀਰਕ ਤਬਾਦਲਾ ਜਰੂਰੀ ਨਹੀ ਹੁੰਦਾ।

4. ਮਾਲ - ਮਾਲ ਵਿਕਰੀ ਦੇ ਮੁਆਇਦੇ ਦੇ ਲਈ ਮਾਲ ਦਾ ਹੋਣਾ ਬਹੁਤ ਜਰੂਰੀ ਹੈ ਕਿਉਂਕਿ ਮਾਲ ਹੀ ਇਸ ਦਾ ਵਿਸ਼ਾ ਵਸਤੂ ਹੁੰਦਾ ਹੈ। ਮਾਲ ਦਾ ਅਰਥ ਹੈ ਵਾਅਦੇਯੋਗ ਦਾਅਵੇ ਅਤੇ ਪ੍ਰਚੱਲਿਤ ਮੁਦਰਾ ਨੂੰ ਛੱਡ ਕੇ ਸਾਰੀਆਂ ਚੱਲ ਵਸਤਾਂ ਜਿਵੇ

ਕਿ ਸ਼ੇਅਰ, ਖੜੀਆਂ ਫਸਲਾਂ, ਘਾਹ ਅਤੇ ਜਮੀਨ ਤੋਂ ਪੈਦਾ ਹੋਣ ਵਾਲੀਆਂ ਸਾਰੀਆਂ ਵਸਤਾਂ ਜਾਂ ਭੂਮੀ ਦੇ ਅੰਗ ਜੋ ਭੂਮੀ ਤੋਂ ਅਲੱਗ ਹੋ ਸਕਦੇ ਹੋਣ ਪਰੰਤੂ [compress V. Juggessur (1878) 3, Cal. 379] ਦੇ ਕੇਸ ਵਿੱਚ ਇਹ ਫੈਸਲਾ ਦਿੱਤਾ ਗਿਆ ਕਿ ਪੁਰਾਣੇ ਦੁਰਲੱਭ ਸਿੱਕੇ ਜੋ ਕਾਨੂੰਨੀ ਮੁਦਰਾ ਨਹੀਂ, ਨੂੰ ਮਾਲ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਗੁਡਵਿੱਲ, ਟ੍ਰੇਡਮਾਰਕ, ਪੇਟੈਂਟ ਰਾਈਟਸ, ਗੈਸ, ਪਾਣੀ, ਬਿਜਲੀ, ਆਦਿ ਮਾਲ ਹੀ ਹੁੰਦੇ ਹਨ।

5. ਮੁੱਲ – ਇੱਕ ਜਾਇਜ ਵਿਕਰੀ ਮੁਆਇਦੇ ਦੇ ਲਈ ਜਰੂਰੀ ਹੈ ਕਿ ਮਾਲ ਦੀ ਤਬਦੀਲੀ ਦੇ ਪ੍ਰਤੀਫਲ ਦੇ ਰੂਪ ਵਿੱਚ ਮੁਦਰਾ ਜਰੂਰ ਹੋਵੇ। ਮੁਦਰਾ ਦੇ ਰੂਪ ਵਿੱਚ ਪ੍ਰਤੀਫਲ ਨਾ ਹੋਣ ਦੀ ਹਾਲਤ ਵਿੱਚ ਮਾਲ ਵਿਕਰੀ ਮੁਆਇਦਾ ਨਹੀ ਹੋ ਸਕਦਾ। ਮਾਲ ਦੇ ਬਦਲੇ ਵਿੱਚ ਮਾਲ ਦੇਣ ਜਾਂ ਕੰਮ ਦੇ ਬਦਲੇ ਵਿੱਚ ਮਾਲ ਦੇਣਾ ਵਸਤੂ ਵਿਕਰੀ ਅਧਿਨਿਯਮ ਦੇ ਘੇਰੇ ਵਿੱਚ ਨਹੀਂ ਆਉਂਦੇ। ਉਧਾਰ ਵੇਚੇ ਗਏ ਮਾਲ ਜਿਸ ਵਿੱਚ ਖਰੀਦਦਾਰ ਦੁਆਰਾ ਮੁੱਲ ਦਾ ਭੁਗਤਾਨ ਕੁਝ ਦੇਰ ਬਾਅਦ ਕੀਤਾ ਜਾਂਦਾ ਹੈ, ਮਾਲ ਵਿਕਰੀ ਮੁਆਇਦਾ ਹੁੰਦਾ ਹੈ। ਕਿਉਂਕਿ ਮੁੱਲ ਤੋਂ ਬਿਨਾਂ ਮਾਲ ਦੀ ਸਪੁਰਦਗੀ ਜਾਇਜ ਨਹੀ ਹੁੰਦੀ। ਇਸ ਲਈ ਵਿਕਰੀ ਮੁਆਇਦੇ ਵਿੱਚ ਵਿਕਰੀਕਾਰ ਦੁਆਰਾ ਮਾਲ ਦੀ ਸਪੁਰਦਗੀ ਮੁਦਰਾ ਦੇ ਰੂਪ ਵਿੱਚ ਪ੍ਰਤੀਫਲ ਦੇ ਬਦਲੇ ਹੀ ਕੀਤੀ ਜਾਂਦੀ ਹੈ। ਇਸ ਲਈ ਵਿਕਰੀ ਮੁਆਇਦੇ ਨੂੰ ਵਸਤੂ ਵਟਾਂਦਰੇ ਅਤੇ ਦਾਨ ਜਾਂ ਸੁਗਾਤ ਤੋਂ ਵੱਖ ਮੰਨਿਆ ਜਾਂਦਾ ਹੈ। ਪਰੰਤੂ ਅੱਧ-ਪਚੱਧ ਮੁਦਰਾ ਅਤੇ ਬਾਕੀ ਵਸਤਾਂ ਦੇ ਰੂਪ ਵਿੱਚ ਮੁੱਲ ਦੇਣ ਦੇ ਬਦਲੇ ਮਾਲ ਦੀ ਵਿਕਰੀ ਨੂੰ ਵਿਕਰੀ ਹੀ ਮੰਨਿਆ ਜਾਂਦਾ ਹੈ।

ਵਿਕਰੀ ਮੁਆਇਦਾ ਕਰਨ ਦੇ ਲਈ ਕੋਈ ਖਾਸ ਤਰੀਕਾ ਨਹੀ ਹੁੰਦਾ। ਵਿਕਰੀ ਮੁਆਇਦਾ ਲਿਖਤੀ ਜਾਂ ਜੁਬਾਨੀ ਦੋਵੇਂ ਹੀ ਕਿਸਮ ਦਾ ਹੋ ਸਕਦਾ ਹੈ ਅਤੇ ਧਿਰਾਂ ਵੱਲੋਂ ਗ੍ਰਭਿਤ ਰੂਪ ਵਿੱਚ ਵੀ ਹੋ ਸਕਦਾ ਹੈ।

2.5.3 ਵਿਕਰੀ ਅਤੇ ਵਿਕਰੀ ਦਾ ਸਮਝੌਤਾ –

ਵਿਕਰੀ ਦੇ ਮੁਆਇਦੇ ਦੀਆਂ ਧਿਰਾਂ ਦੇ ਅਧਿਕਾਰਾਂ ਅਤੇ ਫਰਜਾਂ ਦੇ ਨਿਰਧਾਰਣ ਲਈ ਦੋਹਾਂ ਵਿਚਕਾਰ ਫਰਕ ਸਥਾਪਤ ਕਰਨਾ ਬਹੁਤ ਜਰੂਰੀ ਹੈ। ਵਿਕਰੀ ਅਤੇ ਵਿਕਰੀ ਦੇ ਸਮਝੌਤੇ ਵਿੱਚ ਹੇਠ ਲਿਖੇ ਅੰਤਰ ਹੋ ਸਕਦੇ ਹਨ –

1) **ਮਾਲਕੀਅਤ ਦਾ ਤਬਾਦਲਾ** – ਵਿਕਰੀ ਵਿੱਚ ਮਾਲ ਦੀ ਮਾਲਕੀ ਦਾ ਤਬਾਦਲਾ ਵਿਕਰੀ ਕਾਰ ਤੋਂ ਖਰੀਦਦਾਰ ਨੂੰ ਮੁਆਇਦਾ ਕਰਨ ਦੇ ਸਮੇਂ ਹੀ ਹੋ ਜਾਂਦਾ ਹੈ ਪ੍ਰੰਤੂ ਵਿਕਰੀ ਦੇ ਸਮਝੌਤੇ ਵਿੱਚ ਮਾਲ ਦੀ ਮਾਲਕੀ ਦਾ ਤਬਾਦਲਾ ਇੱਕ ਨਿਸ਼ਚਿਤ ਮਿਆਦ ਜਾਂ ਨਿਸ਼ਚਿਤ ਸ਼ਰਤ ਦੇ ਪੂਰਾ ਹੋਣ ਤੋਂ ਬਾਅਦ ਹੀ ਵਿਕਰੇਤਾ ਤੋਂ ਖਰੀਦਦਾਰ ਨੂੰ ਕੀਤਾ ਜਾਂਦਾ ਹੈ।
2) **ਮੁਆਇਦੇ ਦੀ ਪ੍ਰਕਿਰਤੀ** – ਵਿਕਰੀ ਇਹ ਲਾਗੂ ਕੀਤਾ ਮੁਆਇਦਾ ਹੈ ਭਾਵ ਇਸ ਵਿੱਚ ਮੁਆਇਦੇ ਨੂੰ ਮੁਆਇਦਾ ਕਰਨ ਸਮੇਂ ਹੀ ਲਾਗੂ ਕਰ ਦਿੱਤਾ ਜਾਂਦਾ ਹੈ ਜਦੋਂ ਕਿ ਵਿਕਰੀ ਦਾ ਸਮਝੌਤਾ ਇੱਕ ਲਾਗੂ ਕਰਨ ਯੋਗ ਮੁਆਇਦਾ ਹੁੰਦਾ ਹੈ ਭਾਵ ਇਸ ਨੂੰ ਭਵਿੱਖ ਵਿੱਚ ਕਿਸੇ ਸਮੇਂ ਲਾਗੂ ਕਰਨਾ ਹੁੰਦਾ ਹੈ।
3) **ਨੁਕਸਾਨ ਦਾ ਜੋਖਮ** – ਵਿਕਰੀ ਵਿੱਚ ਕਿਉਂਕਿ ਖਰੀਦਦਾਰ ਤਰੁੰਤ ਮਾਲ ਦਾ ਮਾਲਕ ਬਣ ਜਾਂਦਾ ਹੈ। ਇਸ ਲਈ ਉਸ ਤੋਂ ਬਾਅਦ ਮਾਲ ਦੀ ਹਾਨੀ ਦਾ ਜੋਖਮ ਉਹ ਖੁਦ ਹੀ ਸਹਿੰਦਾ ਹੈ ਪ੍ਰੰਤੂ ਵਿਕਰੀ ਦੇ ਸਮਝੌਤੇ ਅਧੀਨ ਮਾਲ ਦਾ ਜੋਖਮ ਉਸ ਵੇਲੇ ਤੱਕ ਵਿਕਰੀ ਕਾਰ ਦਾ ਹੀ ਹੁੰਦਾ ਹੈ ਜਦੋਂ ਤੱਕ ਉਹ ਮਾਲ ਦੀ ਮਾਲਕੀ ਦੀ ਸਪੁਰਦਗੀ ਖਰੀਦਦਾਰ ਨੂੰ ਨਹੀਂ ਕਰ ਦਿੰਦਾ। ਬੇਸ਼ੱਕ ਵਸਤਾਂ ਜਾਂ ਮਾਲ ਖਰੀਦਦਾਰ ਪਾਸ ਹੀ ਪਿਆ ਹੋਵੇ।
4) **ਮੁਆਇਦਾ ਭੰਗ ਕਰਨ ਦੇ ਨਤੀਜੇ** – ਵਿਕਰੀ ਵਿੱਚ ਜੇਕਰ ਵਿਕਰੀ ਕਾਰ ਮਾਲ ਦੇਣ ਵਿੱਚ ਗਲਤੀ ਕਰਦਾ ਹੈ ਤਾਂ ਖਰੀਦਦਾਰ ਨੂੰ ਵਿਕਰੇਤਾ ਦੇ ਵਿਰੁੱਧ ਦਾਅਵਾ ਕਰਨ ਅਤੇ ਵਸਤਾਂ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਹੁੰਦਾ ਹੈ ਜਦੋਂ ਕਿ ਵਿਕਰੀ ਦੇ ਸਮਝੌਤੇ ਅਧੀਨ ਵਿਕਰੇਤਾ ਦੁਆਰਾ ਅਜਿਹਾ ਕਰਨ ਤੋਂ ਖਰੀਦਦਾਰ ਨੂੰ ਕੇਵਲ ਹਾਨੀ ਪੂਰਤੀ ਲਈ ਹੀ ਵਿਕਰੀ ਕਾਰ ਤੇ ਦਾਅਵਾ ਕਰਨ ਦਾ ਅਧਿਕਾਰ ਹੁੰਦਾ ਹੈ।
5) **ਖਰੀਦਦਾਰ ਦੇ ਦਿਵਾਲੀਆ ਹੋਣ ਤੇ** – ਵਿਕਰੀ ਵਿੱਚ ਖਰੀਦਦਾਰ ਦੇ ਦਿਵਾਲੀਆ ਹੋਣ ਤੇ ਉਸ ਦੁਆਰਾ ਖਰੀਦਿਆ ਮਾਲ ਉਸ ਦੇ ਸਰਕਾਰੀ ਪ੍ਰਾਪਤ ਕਰਤਾ ਨੂੰ ਸੌਂਪ ਦਿੱਤਾ ਜਾਂਦਾ ਹੈ ਜਦੋਂ ਕਿ ਵਿਕਰੀ ਦੇ ਸਮਝੌਤੇ ਵਿੱਚ ਜੇਕਰ ਖਰੀਦਦਾਰ ਭੁਗਤਾਨ ਤੋ ਪਹਿਲਾਂ ਦੀਵਾਲੀਆ ਹੋ ਜਾਵੇ ਤਾਂ ਵਿਕਰੀਕਾਰ ਉਸ ਨੂੰ ਮਾਲ ਦੇਣ ਤੋਂ ਇਨਕਾਰ ਵੀ ਕਰ ਸਕਦਾ ਹੈ।

6) **ਵਿਕਰੇਤਾ ਦੇ ਦੀਵਾਲੀਆ ਹੋਣ ਤੇ** – ਵਿਕਰੀ ਦੇ ਅਧੀਨ ਜੇਕਰ ਮਾਲ ਦੀ ਸਪੁਰਦਗੀ ਤੋਂ ਪਹਿਲਾਂ ਵਿਕਰੇਤਾ ਦੀਵਾਲੀਆ ਹੋ ਚੁੱਕਾ ਹੋਵੇ ਤਾਂ ਖਰੀਦਦਾਰ ਨੂੰ ਵਿਕਰੇਤਾ ਦੇ ਸਰਕਾਰੀ ਪ੍ਰਾਪਤ ਕਰਤਾ ਤੋਂ ਮਾਲ ਦੀ ਸਪਰਦਗੀ ਲੈਦ ਦਾ ਅਧਿਕਾਰ ਹੁੰਦਾ ਹੈ ਕਿਉਂਕਿ ਉਹ ਮਾਲ ਦਾ ਅਸਲੀ ਮਾਲਕ ਹੁੰਦਾ ਹੈ। ਪਰੰਤੂ ਵਿਕਰੀ ਦੇ ਸਮਝੌਤੇ ਵਿੱਚ ਜੇਕਰ ਵਿਕਰੇਤਾ ਦੀਵਾਲੀਆ ਹੋ ਜਾਵੇ ਤਾਂ ਖਰੀਦਦਾਰ ਕੇਵਲ ਹਾਨੀਪੂਰਤੀ ਦਾ ਅਧਿਕਾਰ ਹੀ ਰੱਖਦਾ ਹੈ ਨਾ ਕਿ ਵਸਤਾਂ ਪ੍ਰਾਪਤ ਕਰਨ ਦਾ।
7) **ਅਧਿਕਾਰਾਂ ਦੀ ਉੱਤਪਤੀ** – ਵਿਕਰੀ ਵਿੱਚ ਵਿਸ਼ਵਵਿਆਪੀ ਅਧਿਕਾਰਾਂ ਦੀ ਉੱਤਪਤੀ ਹੁੰਦੀ ਹੈ ਭਾਵ ਖਰੀਦਦਾਰ ਸਾਰੇ ਸੰਸਾਰ ਦੇ ਵਿਰੋਧ ਦੇ ਬਾਵਜੂਦ ਆਪਣੇ ਤਰੀਕੇ ਨਾਲ ਵਸਤੂ ਦੀ ਵਰਤੋਂ ਕਰ ਸਕਦਾ ਹੈ ਜਦੋਂ ਕਿ ਵਿਕਰੀ ਦੇ ਸਮਝੌਤੇ ਵਿੱਚ ਕੇਵਲ ਨਿੱਜੀ ਅਧਿਕਾਰ ਪੈਦਾ ਹੁੰਦੇ ਹਨ ਭਾਵ ਖਰੀਦਦਾਰ ਅਤੇ ਵਿਕਰੀਕਾਰ ਇੱਕ ਦੂਜੇ ਵਿਰੁੱਧ ਹੀ ਕੇਸ ਕਰ ਸਕਦੇ ਹਨ।
8) **ਮੁੱਲ ਦਾ ਭੁਗਤਾਨ ਨਾ ਹੋਣ ਤੇ** – ਵਿਕਰੀ ਵਿੱਚ ਖਰੀਦਦਾਰ ਦੁਆਰਾ ਮੁੱਲ ਦਾ ਭੁਗਤਾਨ ਨਾ ਕੀਤੇ ਜਾਣ ਤੇ ਵਿਕਰੀਕਾਰ ਕੇਵਲ ਮੁੱਲ ਦੀ ਅਦਾਇਗੀ ਲਈ ਹੀ ਕੇਸ ਕਰ ਸਕਦਾ ਹੈ ਜਦੋਂ ਕਿ ਵਿਕਰੀ ਦੇ ਸਮਝੌਤੇ ਵਿੱਚ ਖਰੀਦਦਾਰ ਜੇਕਰ ਭੁਗਤਾਨ ਨਹੀ ਕਰਦਾ ਤਾਂ ਵਿਕਰੀਕਾਰ ਹਾਨੀਪੂਰਤੀ ਲਈ ਦਾਅਵਾ ਕਰ ਸਕਦਾ ਹੈ।
9) **ਦੁਬਾਰਾ ਵਿਕਰੀ ਦਾ ਅਧਿਕਾਰ** – ਵਿਕਰੀ ਵਿੱਚ ਵਿਕਰੇਤਾ ਨੂੰ ਮਾਲ ਨੂੰ ਦੁਬਾਰਾ ਵੇਚਣ ਦਾ ਅਧਿਕਾਰ ਨਹੀਂ ਹੁੰਦਾ ਕਿਉਂਕਿ ਮਾਲ ਦਾ ਮਾਲਕ ਖਰੀਦਦਾਰ ਹੁੰਦਾ ਹੈ ਜਦੋਂ ਕਿ ਵਿਕਰੀ ਦੇ ਸਮਝੌਤੇ ਵਿੱਚ ਵਿਕਰੇਤਾ ਨੂੰ ਮਾਲ ਨੂੰ ਦੁਬਾਰਾ ਵੇਚਣ ਦਾ ਅਧਿਕਾਰ ਹੁੰਦਾ ਹੈ ਪਰੰਤੂ ਉਸਨੂੰ ਪਹਿਲੇ ਖਰੀਦਦਾਰ ਦੀ ਹਾਨੀ ਦੀ ਪੂਰਤੀ ਕਰਨੀ ਪੈਂਦੀ ਹੈ।

2.5.4 ਵਿਕਰੀ ਅਤੇ ਕਿਰਾਇਆ ਖਰੀਦ ਸਮਝੌਤਾ – ਕਿਰਾਇਆ ਖਰੀਦ ਮੁਆਇਦਾ ਅਜਿਹਾ ਮੁਆਇਦਾ ਹੈ ਜਿਸ ਦੁਆਰਾ ਖਰੀਦਦਾਰ ਦੇ ਨਿਸ਼ਚਿਤ ਕਿਸ਼ਤਾਂ ਵਿੱਚ ਵਸਤੂ ਦਾ ਮੁੱਲ ਦਾ ਭੁਗਤਾਨ ਕਰਨ ਦੀ ਸ਼ਰਤ ਤੇ ਵਸਤੂ ਵਿਕਰੇਤਾ ਦੁਆਰਾ ਖਰੀਦਦਾਰ ਨੂੰ ਦਿੱਤੀ ਜਾਂਦੀ ਹੈ ਅਤੇ ਪੂਰੀਆਂ ਕਿਸ਼ਤਾਂ ਦਾ ਭੁਗਤਾਨ ਹੋਣ ਤੇ ਹੀ ਵਿਕਰੇਤਾ ਖਰੀਦਦਾਰ ਨੂੰ ਵਸਤੂ ਦੀ ਮਾਲਕੀ ਬਦਲ ਦੇਣ ਦਾ ਵਚਨ ਦਿੰਦਾ ਹੈ। ਕਿਸ਼ਤਾਂ ਦੇ ਭੁਗਤਾਨ ਵਿੱਚ ਰੁਕਾਵਟ ਹੋਣ ਦੀ ਸੂਰਤ ਵਿੱਚ ਵਿਕ੍ਰੇਤਾ ਵਸਤੂ ਨੂੰ ਵਾਪਸ ਲੈ ਸਕਦਾ ਹੈ ਅਤੇ ਅਦਾ ਕੀਤੀਆਂ ਗਈਆਂ ਕਿਸਤਾਂ ਨੂੰ ਕਿਰਾਇਆ ਸਮਝ ਕੇ ਰੱਖ ਸਕਦਾ ਹੈ।

ਕਿਰਾਇਆ ਖਰੀਦ ਮੁਆਇਦਾ ਹੇਠ ਦਿੱਤੇ ਦੋ ਤੱਥਾ ਦੇ ਆਧਾਰ ਤੇ ਸਪੱਸ਼ਟ ਹੁੰਦਾ ਹੈ –

(i) ਜੇ ਖਰੀਦਦਾਰ ਨੂੰ ਮਾਲ ਵਾਪਸ ਕਰਕੇ ਮੁਆਇਦਾ ਸਮਾਪਤ ਕਰਨ ਦਾ ਅਧਿਕਾਰ ਨਹੀ ਹੈ ਤਾਂ ਮੁਆਇਦਾ ਵਿਕਰੀ ਹੋਵੇਗਾ; ਕਿਰਾਇਆ ਖਰੀਦ ਦਾ ਮਆਇਦਾ ਨਹੀ।
(ii) ਜੇ ਖਰੀਦਦਾਰ ਨੂੰ ਮਾਲ ਵਾਪਸ ਕਰਨ ਦਾ ਅਧਿਕਾਰ ਹੈ ਤਾਂ ਹੀ ਇਹ ਸੌਦਾ ਰਿਾਇਆ ਖਰੀਦ ਦਾ ਮੁਆਇਦਾ ਮੰਨਿਆ ਜਾਵੇਗਾ।

ਵਿਕਰੀ ਦਾ ਮੁਆਇਦਾ ਕਿੱਦਾਂ ਕੀਤਾ ਜਾਂਦਾ ਹੈ?

ਅਧਿਨਿਯਮ ਦੀ ਧਾਰਾ 4, ਵਿਕਰੀ ਮੁਆਇਦੇ ਦੀ ਪ੍ਰਭਿਾਸ਼ਾ ਦਿੰਦੀ ਹੈ। ਧਾਰਾ 5 ਉਹਨਾਂ ਸ਼ਰਤਾਂ ਦਾ ਵਰਨਣ ਕਰਦੀ ਹੈ ਜਿਲ੍ਹਾਂ ਨੂੰ ਪੂਰਾ ਕਰਨਾ ਵਿਕਰੀ ਮੁਆਇਦੇ ਲਈ ਜਰੂਰੀ ਹੁੰਦਾ ਹੈ। ਜਦੋਂ ਖਰੀਦਦਾਰ ਦੁਆਰਾ ਮੁੱਲ ਦੇ ਬਦਲੇ ਵਿੱਚ ਕਿਸੇ ਮਾਨ ਨੂੰ ਖਰੀਦਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ ਵਿਕਰੀ ਕਾਰ ਕਿਸੇ ਮੁੱਲ ਦੇ ਬਦਲੇ ਵਿੱਚ ਉਸ ਮਾਲ ਨੂੰ ਵੇਚਣ ਲਈ ਸਹਿਮਤ ਹੋ ਜਾਂਦਾ ਹੈ ਤਾਂ ਇਸ ਨੂੰ ਵਿਕਰੀ ਦਾ ਮੁਆਇਆ ਕਹਿੰਦੇ ਹਾਂ। ਮੁਆਇਦੇ ਦੀਆਂ ਧਿਰਾਂ ਆਪਸ ਵਿੱਚ ਇਹ ਤਿਹ ਕਰ ਸਕਦੀਆਂ ਹਨ ਕਿ ਵਸਤੂ ਜਾਂ ਮਾਲ ਦੀ ਸਪੁਰਦਗੀ ਕਦੋਂ ਕਿਸ ਤਰ੍ਹਾਂ, ਕਿਸ ਨੂੰ ਅਤੇ ਕਿਥੇ ਦਿੱਤੀ ਜਾਵੇਗੀ ਅਤੇ ਮੁੱਲ ਦਾ ਭਗਤਾਨ ਕਦੋਂ ਅਤੇ ਕਿਵੇਂ ਕੀਤਾ ਜਾਵੇਗਾ। ਧਿਰਾਂ ਵਸਤੂ ਦੀ ਸਪੁਰਦਗੀ ਸਬੰਧੀ ਇੱਕ ਦੂਜੇ ਤੇ ਕੁਝ ਸ਼ਰਤਾਂ ਵੀ ਲਗਾ ਸਕਦੀਆਂ ਹਨ।

ਵਿਕਰੀ ਮੁਆਇਦਾ ਲਿਖਤੀ ਜਾਂ ਜੁਬਾਨੀ ਜਾਂ ਦੋਹਾਂ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ। ਇਹ ਗ੍ਰਭਿਤ ਰੂਪ ਵਿੱਚ ਵੀ ਹੋ ਸਕਦਾ ਹੈ। ਵਿਕਰੀ ਮੁਆਇਦੇ ਕੇਵਲ ਚੱਲ ਵਸਤਾਂ ਜਾਂ ਮਾਲ ਦੇ ਹੀ ਹੋ ਸਕਦੇ ਹਨ। ਅਚੱਲ ਮਾਲ ਜਾਂ ਸੰਪੱਤੀਆਂ ਦੇ ਲਈ ਵੱਖਰੇ ਅਧਿਨਿਯਮ ਦੀ ਵਿਵਸਥਾ ਵਿੱਚ ਕੀਤੀ ਗਈ ਹੈ।

ਵਿਕਰੀ ਮੁਆਇਦੇ ਦਾ ਵਿਸ਼ਾ ਵਸਤੂ

ਧਾਰਾ 6 ਦੇ ਅਨੁਸਾਰ ਵਿਕਰੀ ਮੁਆਇਦੇ ਦੀ ਵਿਸ਼ਾ ਵਸਤੂ ਮਾਲ ਹੈ। ਧਾਰਾ 2(7) ਦੇ ਅਨੁਸਾਰ ''ਵਾਅਦੇ-ਯੋਗ ਦਾਅਵੇ ਅਤੇ ਮੁਦਰਾ ਨੂੰ ਛੱਡ ਕੇ ਸਭ ਪ੍ਰਕਾਰ ਦੀ ਚੱਲ ਸੰਪਤੀ ਨੂੰ ਮਾਲ ਕਿਹਾ ਜਾਂਦਾ ਹੈ।''

ਉਪਰੋਕਤ ਪ੍ਰਭਿਾਸ਼ਾ ਤੋ ਸਪੱਸ਼ਟ ਹੈ ਕਿ ਦਾਅਵੇ ਤੇ ਮੁਦਰਾ ਤੋਂ ਇਲਾਵਾ ਸਾਰੀਆਂ ਚੱਲ ਵਸਤਾਂ ਮਾਲ ਵਿੱਚ ਸ਼ਮਿਲ ਹੋ ਜਾਂਦੀਆਂ ਹਨ। ਚੱਲ ਵਸਤਾਂ ਤੋਂ ਭਾਵ ਅਜਿਹੀਆਂ ਵਸਤਾਂ ਤੋਂ ਹੈ ਜਿਨ੍ਹਾਂ ਨੂੰ ਇੱਕ ਸਥਾਨ ਤੋਂ ਦੂਜੇ ਸਥਾਨ ਤੇ ਲਿਆਇਆ ਜਾਂ ਲਿਜਾਇਆ ਜਾ ਸਕਦਾ ਹੋਵੇ। ਇਸ ਵਿੱਚ ਸਟਾਕ, ਸ਼ੇਅਰਜ, ਖੜੀਆਂ ਫਸਲਾਂ, ਪਾਣੀ, ਗੈਸ, ਬਿਜਲੀ, ਅਦਾਲਤ ਦੀ ਡਿਗਰੀ, ਜਹਾਜ, ਅਤੇ ਹੋਰ ਵਸਤਾਂ ਜੋ ਕਿ ਭੂਮੀ ਨਾਲ ਜੁੜੀਆਂ ਹੋਈਆਂ ਹੋਣ ਜਾਂ ਭੂਮੀ ਦੇ ਅੰਸ਼ ਦੇ ਰੂਪ ਵਿੱਚ ਹੋਣ ਅਤੇ ਜਿਨ੍ਹਾਂ ਨੂੰ ਵਿਕਰੀ ਮੁਆਇਦੇ ਅਨੁਸਾਰ ਭੂਮੀ ਤੋ ਅਲੱਗ ਕਰ ਲਿਆ ਹੈ ਜਾਂ ਅਲੱਗ ਕਰਨ ਦਾ ਇਕਰਾਰ ਹੈ, ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਉਪਰੋਕਤ ਪਰਿਭਾਸ਼ਾ ਵਿੱਚ ਮੁਦਰਾ ਅਤੇ ਵਾਅਦੇ ਯੋਗ ਦਾਵਿਆਂ ਤੋਂ ਇਲਾਵਾ ਸਾਰੀਆਂ ਚੱਲ ਵਸਤਾਂ ਨੂੰ 'ਮਾਲ ਵਿੱਚ ਸ਼ਾਮਲ ਕੀਤਾ ਗਿਆ ਹੈ। ਮੁਦਰਾ ਦਾ ਭਾਵ ਪ੍ਰਚਲਿਤ ਮੁਦਰਾ ਤੋਂ ਹੈ, ਨੂੰ ਇਸ ਲਈ ਮਾਲ ਵਿੱਚ ਸ਼ਾਮਲ ਨਹੀ ਕੀਤਾ ਜਾਂਦਾ ਹੈ ਕਿ ਕਿਉਂਕਿ ਇਸ ਐਕਟ ਦੀ ਇਹ ਸ਼ਰਤ ਲਾਜਮੀ ਹੈ ਕਿ ਵਿਕਰੀ ਮੁਆਇਦੇ ਵਿੱਚ ਪ੍ਰਤੀਫਲ ਪ੍ਰਚਲਿਤ ਮੁਦਰਾ ਵਿੱਚ ਹੋਵੇ ਨਹੀ ਤਾਂ ਮੁਆਇਦਾ ਵਿਅਰਥ ਹੋ ਜਾਵੇਗਾ ਪਰੰਤੂ ਜਿਹੜੀ ਮੁਦਰਾ ਨਾ ਤਾਂ ਹੁਣ ਪ੍ਰਚਲਿਤ ਹੈ ਅਤੇ ਨਾ ਹੀ ਕਾਨੂੰਨੀ ਰੂਪ ਵਿੱਚ ਜਾਇਜ ਹੈ ਜਿਵੇਂ ਕਿ ਦੁਰਲਭ ਸਿੱਕੇ, ਉਸ ਨੂੰ ਮਾਲ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

ਵਿਕਰੀ ਮੁਆਇਦੇ ਦੀ ਵਿਸ਼ਾ ਵਸਤੂ ਅਧੀਨ ਮਾਲ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ-

1. ਹਾਜਰ ਮਾਲ - ਉਹ ਮਾਲ ਜੋ ਵਿਕਰੀ ਮੁਆਇਦਾ ਕਰਨ ਵੇਲੇ ਵਿਕਰੇਤਾ ਦੇ ਕਬਜੇ ਵਿੱਚ ਹੋਵੇ ਉਹ ਹਾਜਰ ਮਾਲ ਅਖਵਾਉਦਾ ਹੈ, ਹਾਜਰ ਮਾਲ ਲਈ ਦੋ ਸ਼ਰਤਾਂ ਦਾ ਹੋਣਾ ਜਰੂਰੀ ਹੈ-

(ii) ਵਿਕਰੀ ਮੁਆਇਦਾ ਕਰਨ ਸਮੇਂ ਮਾਲ ਅਸਲ ਵਿੱਚ ਹੋਂਦ ਵਿੱਚ ਹੋਵੇ ਜਾਂ ਹਾਜਰ ਹੋਵੇ।

(iii) ਵਿਕਰੀ ਮੁਆਇਦਾ ਕਰਨ ਸਮੇਂ ਮਾਲ ਵਿਕਰੇਤਾ ਦੇ ਕਬਜੇ ਵਿੱਚ ਜਾਂ ਮਲਕੀਅਤ ਅਧੀਨ ਹੋਵੇ।

ਹਾਜਰ ਮਾਲ ਤਿੰਨ ਕਿਸਮਾਂ ਦਾ ਹੋ ਸਕਦਾ ਹੈ -

(i) **ਵਿਸ਼ੇਸ਼ ਮਾਲ** - ਅਜਿਹਾ ਮਾਲ ਜੋ ਵਿਕਰੀ ਮੁਆਇਦਾ ਕਰਨ ਸਮੇਂ ਧਿਰਾਂ ਨੇ ਵੇਖ ਪਹਿਚਾਣ ਲਿਆ ਹੋਵੇ ਅਤੇ ਨਿਸ਼ਚਿਤ ਕਰ ਲਿਆ ਹੋਵੇ। ਕੇਵਲ ਪਹਿਚਾਣ ਕੀਤੇ ਮਾਲ ਦੀ ਵਿਕਰੀ ਸਬੰਧੀ ਹੀ ਮੁਆਇਦਾ ਹੁੰਦਾ ਹੈ।

(ii) **ਨਿਸ਼ਚਿਤ ਮਾਲ** - ਨਿਸ਼ਚਿਤ ਮਾਲ ਦੀ ਪਰਿਭਾਸ਼ਾ ਨਹੀ ਦਿੱਤੀ ਗਈ। ਇਸ ਲਈ ਇਸ ਨੂੰ ਵਿਸ਼ੇਸ਼ ਮਾਲ ਵਾਂਗ ਹੀ ਮੰਨ ਲਿਆ ਜਾਂਦਾ ਹੈ। ਅਸਲ ਵਿੱਚ ਨਿਸ਼ਚਿਤ ਮਾਲ ਉਹ ਮਾਲ ਹੁੰਦਾ ਹੈ ਜਿਸਦੀ ਪਹਿਚਾਣ ਵਿਕਰੀ ਮੁਆਇਦਾ ਕਰਨ ਤੋਂ ਬਾਅਦ ਕੀਤੀ ਜਾਂਦੀ ਹੈ ਭਾਵ ਵਿਕਰੀ ਤੋਂ ਬਾਅਦ ਪਏ ਮਾਲ ਵਿੱਚੋਂ ਮਾਲ ਦੀ ਛਾਂਟੀ ਕਰਕੇ ਇੱਕ ਪਾਸੇ ਰੱਖ ਲਿਆ ਜਾਂਦਾ ਹੈ।

(iii) **ਅਨਿਸ਼ਚਿਤ ਮਾਲ** - ਵਿਕਰੀ ਮੁਆਇਦਾ ਕਰਦੇ ਸਮੇਂ ਧਿਰਾਂ ਦੁਆਰਾ ਮਾਲ ਦੀ ਪਹਿਚਾਣ ਜਾਂ ਨਿਸ਼ਚਿਤ ਨਾ ਕੀਤਾ ਗਿਆ ਹੋਵੇ ਬਲਕਿ ਇਸ ਆਧਾਰ ਤੇ ਹੀ ਮਾਲ ਦੀ ਵਿਕਰੀ ਕਰ ਦਿੱਤੀ ਹੋਵੇ ਕਿ ਮਾਲ ਹਾਜਰ ਹੈ।

2. ਭਵਿੱਖਤ ਮਾਲ - ਭਾਵੀ ਮਾਲ ਦਾ ਭਾਵ ਉਹ ਮਾਲ ਤੋਂ ਹੈ ਜਿਸ ਨੂੰ ਵਿਕਰੀ ਮੁਆਇਦਾ ਦੇ ਬਾਅਦ ਵਿਕਰੇਤਾ ਕੁਆਰਾ ਉਤਪਾਦਨ, ਪੈਦਾ ਜਾਂ ਪ੍ਰਾਪਤ ਕੀਤਾ ਜਾਣਾ ਹੁੰਦਾ ਹੈ ਭਾਵ ਮੁਆਇਦਾ ਕਰਨ ਸਮੇਂ ਵਿਕਰੀਕਾਰ ਦੇ ਹੱਥ ਨਾ ਮਾਲ ਹੀ ਹੋਵੇ ਅਤੇ ਨਾ ਹੀ ਉਸ ਦੀ ਮਾਲਕੀ, ਤਾਂ ਉਸ ਨੂੰ ਭਵਿੱਖਤ ਮਾਲ ਕਹਾਂਗੇ।

ਉਦਾਹਰਣ: ੳ ਨੇ ਆਪਣੇ ਬਾਗ ਵਿੱਚ ਅਗਲੇ ਸਾਲ ਲੱਗਣ ਵਾਲੇ ਸਾਰੇ ਅੰਬ ਅ ਨੂੰ ਵੇਚਣ ਦਾ ਮੁਆਇਦਾ ਕੀਤਾ। ਇਹ ਭਵਿੱਖਤ ਮਾਲ ਦੀ ਵਿਕਰੀ ਦਾ ਮੁਆਇਦਾ ਹੈ।

3. ਸੰਯੋਗਿਕ ਮਾਲ - ਜਦੋਂ ਮਾਲ ਦੀ ਪ੍ਰਾਪਤ ਕਿਸੇ ਅਜਿਹੀ ਘਟਨਾ ਤੇ ਆਧਾਰਿਤ ਹੋਵੇ ਜਿਸ ਦਾ ਵਾਪਰਨਾ ਅਨਿਸ਼ਚਿਤ ਹੋਵੇ ਤਾਂ ਅਜਿਹੇ ਮਾਲ ਨੂੰ ਸੰਯੋਗਿਕ ਮਾਲ ਕਹਿੰਦੇ ਹਾਂ। ਅਜਿਹੇ ਮਾਲ ਦੀ ਵਿਕਰੀ ਸ਼ਰਤ ਸਹਿਤ ਵਿਕਰੀ ਮੁਆਇਦੇ ਰਾਹੀ ਹੁੰਦੀ ਹੈ। ਜਿਵੇਂ ਕਿ 1. ਪਹੁੰਚਣ ਵਾਲੀਆਂ ਵਸਤਾਂ 2. ਭਵਿੱਖਤ ਫਸਲਾਂ 3. ਅੰਡੇ

ਉਦਾਹਰਣ: ੳ ਨੇ ਇੱਕ ਮੁੰਦਰੀ ਲਈ ਅ ਨੂੰ ਇਸ ਸ਼ਰਤ ਤੇ ਵਾਅਦਾ ਕੀਤਾ ਕਿ ਜੇਕਰ ਉਸਨੇ ਉਹ ਮੁੰਦਰੀ ਉਸਦੇ ਮਾਲਕ ਤੋ ਖਰੀਦ ਲਈ ਤਾਂ ਉਹ ਉਸ ਨੂੰ ਵੇਚ ਦੇਵੇਗਾ। ਇਹ ਸੰਯੋਗਿਕ ਮਾਲ ਦੀ ਵਿਕਰੀ ਦਾ ਮੁਆਇਦਾ ਹੈ।

ਵਿਸ਼ਾ ਵਸਤੂ ਦੇ ਨਸ਼ਟ ਹੋਣ ਤੇ ਪ੍ਰਭਾਵ

ਧਾਰਾ 7 ਅਤੇ 8 ਵਿੱਚ ਉਹਨਾਂ ਨਿਯਮਾਂ ਦਾ ਵਰਣਨ ਹੈ ਜੋ ਵਸਤੂ ਵਿਕਰੀ ਮੁਆਇਦੇ ਦੀ ਵਿਸ਼ਾ ਵਸਤੂ ਦੇ ਮੁਆਇਦੇ ਤੋਂ ਪਹਿਲਾਂ ਜਾਂ ਬਾਅਦ ਵਿੱਚ ਨਸ਼ਟ ਹੋਣ ਤੋਂ ਲਾਗੂ ਹੁੰਦੇ ਹਨ।

ਵਿਕਰੀ ਮੁਆਇਦੇ ਤੋਂ ਪਹਿਲਾਂ ਮਾਲ ਨਸ਼ਟ ਹੋਣ ਤੇ

ਮਾਲ ਵਿਕਰੀ ਅਧਿਨਿਯਮ ਦੀ ਧਾਰਾ 7 ਦੇ ਅਨੁਸਾਰ ਜਦੋਂ ਕੋਈ ਹਾਜਰ ਮਾਲ ਨੂੰ ਵੇਚਣ ਦੇ ਬਾਰੇ ਮੁਆਇਦਾ ਕੀਤਾ ਗਿਆ ਹੋਵੇ ਜੇਕਰ ਮਾਲ ਦੇ ਵਿਕਰੇਤਾ ਦੀ ਜਾਣਕਾਰੀ ਤੋਂ ਬਗੈਰ ਮੁਆਇਦੇ ਤੋਂ ਪਹਿਲਾਂ ਹੀ ਮਾਲ ਨਸ਼ਟ ਹੋ ਚੁੱਕਾ ਹੋਵੇ ਜਾਂ ਮੁਆਇਦੇ ਵਿੱਚ ਨਿਸ਼ਚਿਤ ਕੀਤੇ ਮਾਲ ਨਾਲ ਮੇਲ ਨਾ ਖਾਂਦਾ ਹੋਵੇ ਤਾਂ ਅਜਿਹਾ ਮੁਆਇਦਾ ਵਿਰਰਥ ਹੁੰਦਾ ਹੈ।

ਉਦਾਹਰਣ: ੳ ਨੇ ਅ ਨੂੰ ਇੱਕ ਵਿਸ਼ੇਸ਼ ਮਾਲ ਜੋ ਜਹਾਜ ਤੇ ਇੰਗਲੈਂਡ ਤੋ ਬੰਬਈ ਜਾ ਰਿਹਾ ਸੀ ਵੇਚਣ ਦਾ ਸਮਝੌਤਾ ਕੀਤਾ। ਬਾਅਦ ਵਿੱਚ ਇਹ ਪਤਾ ਚੱਲਦਾ ਹੈ ਕਿ ਸੌਦਾ ਹੋਣ ਤੋ ਪਹਿਲਾਂ ਹੀ ਮਾਲ ਵਾਲਾ ਜਹਾਜ ਸਮੁੰਦਰ ਵਿੱਚ ਡੁੱਬ ਗਿਆ ਅਤੇ ਵਸਤਾਂ ਨਸ਼ਟ ਹੋ ਗਈਆਂ ਪ੍ਰੰਤੂ ਇਸ ਬਾਰੇ ਦੋਹਾਂ ਧਿਰਾਂ ਨੂੰ ਸੌਦਾ ਕਰਨ ਵੇਲੇ ਪਤਾ ਨਹੀ ਸੀ ਇਸ ਤਰ੍ਹਾਂ ਇਹ ਮੁਆਇਦਾ ਵਿਅਰਥ ਹੋ ਜਾਂਦਾ ਹੈ।

ਇਸ ਧਾਰਾ ਅਧੀਨ ਵਿਕਰੀ ਦਾ ਮੁਆਇਦਾ ਤਾਂ ਹੀ ਵਿਅਰਥ ਹੋਵੇਗਾ ਜਦੋਂ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਹੋਣ:

(i) ਵਸਤਾਂ ਵਿਸ਼ੇਸ਼ ਤੌਰ ਤੇ ਨਿਯਚਿਤ ਹੋਣੀਆਂ ਚਾਹੀਦੀਆਂ ਹਨ ਇਹ ਘਾਰਾ ਅਲੱਗ ਨਾ ਕੀਤੀਆਂ ਵਸਤਾਂ ਤੇ ਲਾਗੂ ਨਹੀ ਹੁੰਦੀ।

(ii) ਵਸਤਾਂ ਸੌਦਾ ਹੋਣ ਤੋਂ ਪਹਿਲਾਂ ਨਸ਼ਟ ਹੋ ਚੁੱਕੀਆਂ ਹੋਣ ਅਤੇ ਦੋਹਾਂ ਧਿਰਾਂ ਨੂੰ ਇਸ ਗੱਲ ਬਾਰੇ ਬਿਲਕੁਲ ਵੀ ਪਤਾ ਨਹੀਂ ਹੋਣਾ ਚਾਹੀਦਾ।

ਜੇਕਰ ਮੁਆਇਦੇ ਨਾਲ ਸਬੰਧਿਤ ਮਾਲ ਦਾ ਕੁੱਝ ਹਿਸਾ ਨਸ਼ਟ ਹੋ ਜਾਵੇ, ਹਾਨੀ ਹੋ ਜਾਵੇ, ਚੋਰੀ ਹੋ ਜਾਵੇ, ਜਿਸਦੀ ਜਾਣਕਾਰੀ ਨਾ ਹੋਵੇ ਤਾਂ ਅਜਿਹੀ ਹਾਲਤ ਵਿੱਚ ਮੁਆਇਦੇ ਦੀ ਪਾਲਣਾ ਇਸ ਗੱਲ ਤੇ ਨਿਰਭਰ ਹੋਵੇਗੀ ਕਿ ਕੀ ਮਾਲ ਵੱਖਰਾ ਹੋਣ ਯੋਗ ਹੈ ਜਾਂ ਨਹੀ ਹੈ। ਵੱਖਰੇ ਹੋਣ ਯੋਗ ਦੀ ਹਾਲਤ ਵਿੱਚ ਮੁਆਇਦੇ ਦੀ ਪਾਲਣਾ ਹੋ ਸਕਦੀ ਹੈ।

ਉਦਾਹਰਣ: ਦੋ ਵਿਅਕਤੀਆਂ ਵਿਚਕਾਰ 700 ਬੈਗ ਨਟਸ ਵੇਚਣ ਦਾ ਮੁਆਇਦਾ ਹੋਇਆ। ਪਰੰਤੂ ਵਿਕਰੀ ਤੋਂ ਪਹਿਲਾਂ 109 ਬੈਗ ਚੋਰੀ ਹੋ ਗਏ ਜਿਸ ਬਾਰੇ ਵਿਕਰੀਕਾਰ ਨੁ ਪਤਾ ਨਹੀਂ ਸੀ। ਵਿਕਰੀ ਵਿਅਰਥ ਹੈ ਅਤੇ ਖਰੀਦਦਾਰ ਨੂੰ ਬਾਕੀ ਬੈਗ ਖ੍ਰੀਦਣ ਲਈ ਮਜਬੂਰ ਨਹੀ ਕੀਤਾ ਜਾ ਸਕਦਾ।

ਧਾਰਾ 7 ਕੇਵਲ ਵਿਸ਼ੇਸ਼ ਮਾਲ ਤੇ ਹੀ ਲਾਗੂ ਹੁੰਦੀ ਹੈ ਨਾ ਕਿ ਭਾਵੀ ਜਾਂ ਅਨਿਸ਼ਚਿਤ ਮਾਲ ਦੇ ਸਬੰਧ ਵਿੱਚ।

ਵਿਕਰੀ ਸਮਝੌਤੇ ਤੋ ਬਾਅਦ ਪਰੰਤੂ ਵਿਕਰੀ ਤੋਂ ਪਹਿਲਾਂ ਮਾਲ ਦੇ ਨਸ਼ਟ ਹੋਣ ਤੇ – ਧਾਰਾ 8 ਉਹਨਾਂ ਪ੍ਰਭਾਵਾਂ ਦਾ ਵਰਣਨ ਕਰਦੀ ਹੈ ਜਿਹੜੇ ਵਿਕਰੀ ਅਨਿਨਿਯਮ ਦੇ ਅਧੀਨ ਵਿਕਰੀ ਸਮਝੌਤੇ ਤੋਂ ਬਾਅਦ ਪਰੰਤੂ ਵਿਕਰੀ ਤੋਂ ਪਹਿਲਾਂ ਮਾਲ ਦੇ ਨਸ਼ਟ ਹੋਣ ਕਾਰਣ ਪੈਦਾ ਹੁੰਦੇ ਹਨ। ਇਸ ਧਾਰਾ ਦੇ ਅਨੁਸਾਰ ਜੇਕਰ ਕਿਸੇ ਵਿਸ਼ੇਸ਼ ਮਾਲ ਦੀ ਵਿਕਰੀ ਸਬੰਧੀ ਕੋਈ ਸਮਝੌਤਾ ਕੀਤਾ ਗਿਆ ਹੋਵੇ ਪ੍ਰੰਤੂ ਖਰੀਦਦਾਰ ਨੂੰ ਮਾਲ ਮਲਕੀਅਤ ਤਬਦੀਲ ਹੋਣ ਤੋਂ ਪਹਿਲਾਂ ਹੀ ਵਿਕਰੇਤਾ ਜਾਂ ਖਰੀਦਦਾਰ ਦੀ ਗਲਤੀ ਦੇ ਬਗੈਰ ਮਾਲ ਇਸ ਤਰ੍ਹਾਂ ਖਰਾਬ ਹੋ ਜਾਵੇ ਕਿ ਉਹ ਸਮਝੌਤੇ ਵਿੱਚ ਕੀਤੇ ਮਾਲ ਦੇ ਵਰਣਨ ਨਾਲ ਮੇਲ ਨਾ ਖਾਂਦਾ ਹੋਵੇ ਤਾਂ ਸਮਝੌਤਾ ਵਿਅਰਥ ਹੋਵੇਗਾ। ਧਾਰਾ 8 ਦੇ ਅਨੁਸਾਰ ਇੱਕ ਮੁਆਇਦਾ ਉਸ ਸਮੇਂ ਹੀ ਪੂਰਾ ਹੋਣ ਤੋਂ ਅਸੰਭਵ ਦੇ ਅਧਾਰ ਤੇ ਵਿਅਰਥ ਹੋ ਸਕਦਾ ਹੈ ਜਦੋਂ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਹੋਣ:

(i) ਮੁਆਇਦਾ ਵਸਤਾਂ ਨੂੰ ਵੇਚਣ ਲਈ ਕੀਤਾ ਸਮਝੌਤਾ ਹੋਵੇ ਨਾ ਕਿ ਅਸਲ ਵਿਕਰੀ।

(ii) ਹਾਨੀ ਸਪੱਸ਼ਟ ਜਾਂ ਸਪੱਸ਼ਟ ਵਸਤਾਂ ਦੇ ਸਬੰਧ ਵਿੱਚ ਹੋਵੇ।

(iii) ਵਸਤਾਂ ਦਾ ਨੁਕਸਾਨ ਜਾਂ ਖਰਾਬ ਹੋਣਾ ਵਸਤਾਂ ਦੀ ਮਾਲਕੀ ਤਬਦੀਲ ਹੋਣ ਤੇ ਪਹਿਲਾਂ ਵਾਪਰ ਚੁੱਕਾ ਹੋਵੇ।

(iv) ਵਸਤਾਂ ਦਾ ਖਰਾਬ ਹੋਣਾਂ ਜਾਂ ਨੁਕਸਾਨ ਵਿਕਰੀਕਾਰ ਅਤੇ ਖਰੀਦਦਾਰ ਦੀ ਗਲਤੀ ਜਾਂ ਅਣਗਹਿਲੀ ਕਾਰਣ ਨਾ ਹੋਇਆ ਹੋਵੇ।

ਉਦਾਹਰਣ: ਅ ਨੇ ਇੱਕ ਘੋੜਾ ੳ ਤੋਂ ਇੱਕ ਸ਼ਰਤ ਤੇ ਖਰੀਦਣ ਦੀ ਸਹਿਮਤੀ ਦਿੱਤੀ ਕਿ ਉਹ ਘੋੜਾ ਆਪਣੇ ਪਾਸ 8 ਦਿਨ ਰੱਖਕੇ ਟਰਾਈ ਕਰੇਗਾ ਅਤੇ ਜੇਕਰ ਉਸਨੂੰ ਠੀਕ ਨਾ ਲੱਗਾ ਤਾਂ 8 ਦਿਨਾਂ ਵਿੱਚ ਮੋੜ ਦੇਵੇਗਾ। ਘੋੜਾ ਅ ਪਾਸ ਉਸਦੀ ਅਸਤਬਲ ਵਿੱਚ ਤੀਜੇ ਦਿਨ ਹੀ ਮਰ ਗਿਆ ਪਰੰਤੂ ਇਸ ਵਿੱਚ ਅ ਦੀ ਕੋਈ ਗਲਤੀ ਨਹੀ ਸੀ। ਇਹ ਫੈਸਲਾ ਕੀਤਾ ਗਿਆ ਕਿ ੳ ਘੋੜੇ ਦੀ ਕੀਮਤ ਅ ਤੋ ਵਸੂਲ ਨਹੀ ਕਰ ਸਕਦਾ।

ਮੁੱਲ ਜਾਂ ਕੀਮਤ

ਮੁੱਲ ਵਿਕਰੀ ਦਾ ਇੱਕ ਜਰੂਰੀ ਤੱਤ ਹੈ ਇਸਦਾ ਅਰਥ ਹੈ ਮੁੱਦਰਾ ਦੇ ਰੂਪ ਵਿੱਚ ਵਸਤੂ ਜਾਂ ਮਾਲ ਦੀ ਵਿਕਰੀ ਦੇ ਬਦਲੇ ਵਿੱਚ ਪ੍ਰਾਪਤ ਹੋਣ ਵਾਲਾ ਪ੍ਰਤੀਫਲ। ਮੁੱਖ ਦੀ ਕਮੀ ਜਾਂ ਗੈਰ ਹਾਜਰੀ ਕਾਰਣ ਜਾਇਦਜ ਵਿਕਰੀ ਦਾ ਜਨਮ ਨਹੀ ਹੋ ਸਕਦਾ। ਧਾਰਾ 2(10) ਦੀ ਵਿਆਖਿਆ ਦੇ ਅਨੁਸਾਰ ਮੁੱਲ ਤੋਂ ਭਾਵ ਵਸਤੂ ਵਿਕਰੀ ਦੇ ਲਈ ਮੁਦਰਾ ਦੇ ਰੂਪ ਵਿੱਚ ਪ੍ਰਤੀਫਲ ਤੋਂ ਹੈ। ਜੇਕਰ ਵਸਤਾਂ ਦੀ ਮਾਲਕੀ ਦਾ ਤਬਾਦਲਾ ਬਗਰ ਪ੍ਰਤੀਫਲ ਦੇ ਕੀਤਾਜਾਂਦਾ ਹੈ ਤਾਂ ਇਸ ਨੂੰ ਦਾਨ ਜਾਂ ਉਪਹਾਰ ਜਾਂ ਤੋਹਫਾ ਜਾਂ ਸੁਗਾਤ ਕਹਿੰਦੇ ਹਾਂ।

ਮੁੱਲ ਨਿਰਧਾਰਣ ਕਰਨ ਦੇ ਤਰੀਕੇ

1) **ਮੁਆਇਦਾ ਰਾਹੀਂ ਮੁੱਲ ਨਿਰਧਾਰਨ** – ਮਾਲ ਦੇ ਮੁੱਲ ਦਾ ਨਿਰਧਾਰਣ ਮੁਆਇਦੇ ਦੁਆਰਾ ਸਪੱਸ਼ਟ ਰੂਪ ਵਿੱਚ ਕੀਤਾ ਜਾ ਸਕਦਾ ਹੈ। ਧਿਰਾਂ ਮਾਲ ਦੀ ਕੋਈ ਵੀ ਕੀਮਤ ਰੱਖ ਸਕਦੀਆਂ ਹਨ ਪਰੰਤੂ ਇਹ ਨਿਸ਼ਚਿਤ ਰਕਮ ਹੋਣੀ ਚਾਹੀਦੀ ਹੈ। ਮੁੱਲ ਪੂਰਾ ਹੈ ਜਾਂ ਘੱਟ ਹੈ ਹਿਸ ਸਬੰਧੀ ਕਿਸੇ ਨੂੰ ਵੀ ਦਖ਼ਲ ਦੇਣ ਦਾ ਅਧਿਕਾਰ ਨਹੀ ਹੁੰਦਾ।
2) **ਮੁਆਇਦੇ ਦੁਅਰਾ ਦੱਸੀ ਗਈ ਵਿਧੀ ਅਨੁਸਾਰ ਮੁੱਲ ਨਿਰਧਾਰਣ** – ਵਿਕਰੀ ਮੁਆਇਦੇ ਦੀਆਂ ਧਿਰਾਂ ਮੁਆਇਦਾ ਕਰਨ ਵੇਲੇ ਕੋਈ ਵੀ ਅਜਿਹਾ ਤਰੀਕਾ ਨਿਰਧਾਰਤ ਕਰ ਸਕਦੀਆਂ ਹਨ ਜਿਸ ਅਨੁਸਾਰ ਮਾਲ ਦੀ ਕੀਮਤ ਨਿਰਧਾਰਤ ਕੀਤੀ ਜਾ ਸਕਦੀ ਹੈ। ਇਹ ਤਰੀਕਾ ਨਿਸ਼ਚਿਤ ਅਤੇ ਵਿਆਖਿਆ ਪੂਰਣ ਹੋਣਾ ਚਾਹੀਦਾ ਹੈ।
3) **ਧਿਰਾਂ ਦੇ ਆਪਸੀ ਵਿਵਹਾਰ ਰਾਹੀਂ ਮੁੱਲ ਨਿਰਧਾਰਣ** – ਜੇਕਰ ਮੁਆਇਦੇ ਵਿੱਚ ਕੋਈ ਨਿਸ਼ਚਿਤ ਮੁੱਲ ਨਹੀਂ ਦਿੱਤਾ ਗਿਆ ਜਾਂ ਇਸ ਬਰੇ ਨਿਸ਼ਚਤਿ ਤਰੀਕਾ ਨਹੀ ਦੱਸਿਆ ਗਿਆ ਤਾਂ ਮੁੱਲ ਦਾ ਨਿਰਧਾਰਣ ਧਿਰਾਂ ਦੇ ਆਪਸੀ ਵਿਵਹਾਰ ਦੇ ਆਧਾਰ ਤੇ ਹੋ ਸਕਦਾ ਹੈ।
4) **ਉੱਚਿਤ ਮੁੱਲ ਦਾ ਨਿਰਧਾਰਣ** – ਜੇਕਰ ਉਪਰੋਕਤ ਵਰਣਨ ਕੀਤੇ ਤਿੰਨ ਤਰੀਕਿਆਂ ਰਾਹੀਂ ਮੁੱਲ ਨਿਰਧਾਰਣ ਨਾ ਕੀਤਾ ਜਾ ਸਕਿਆ ਹੋਵੇ ਅਤੇ ਵਿਕਰੇਤਾ ਨੇ ਖਰੀਦਦਾਰ ਨੂੰ ਮਾਲ ਵੇਚ ਦਿੱਤਾ ਹੋਵੇ ਅਤੇ ਖਰੀਦਦਾਰ ਨੇ ਮਾਲ ਸਵੀਕਾਰ ਕਰ ਲਿਆ ਹੋਵੇ ਤਾਂ ਖਰੀਦਦਾਰ ਵਿਕਰੀਕਾਰ ਨੂੰ ਉੱਚਿਤ ਮੁੱਲ ਦਾ ਭੁਗਤਾਨ ਕਰਨ ਲਈ ਪਾਬੰਦ ਹੁੰਦਾ ਹੈ।
5) **ਤੀਜੀ ਧਿਰ ਰਾਹੀਂ ਮੁੱਲ ਨਿਰਧਾਰਣ** – ਧਾਰਾ 9(2) ਦੇ ਅਨੁਸਾਰ ਵਿਕਰੀ ਮੁਆਇਦੇ ਦੇ ਅਧੀਨ, ਮੁਆਇਦੇ ਦੀਆਂ ਧਿਰਾਂ ਆਪਸ ਵਿੱਚ ਇਸ ਗੱਲ ਰਾਜੀ ਹੋ ਸਕਦੀਆਂ ਹਨ ਕਿ ਮਾਲ ਦੇ ਮੁੱਲ ਦਾ ਨਿਰਧਾਰਣ ਕਿਸੇ ਤੀਜੀ ਧਿਰ ਦੁਆਰਾ ਕੀਤਾ ਜਾਵੇਗਾ ਅਜਿਹੀ ਹਾਲਤ ਵਿੱਚ ਦੋਵੇਂ ਧਿਰਾਂ ਤੀਜੀ ਧਿਰ ਦੁਆਰਾ ਨਿਰਧਾਰਤ ਕੀਤੇ ਮੁੱਲ ਪ੍ਰਤੀ ਪਾਬੰਦ ਹੋਣਗੀਆਂ। ਜੇ ਤੀਜੀ ਧਿਰ ਮੁੱਲ ਨਿਰਧਾਰਤ ਕਰਨ ਤੋਂ ਆਪਦੀ ਅਸਮਰੱਥਾ ਜਾਹਰ ਕਰਦੀ ਹੈ ਤਾਂ ਮੁਆਇਦਾ ਵਿਅਰਥ ਹੋ ਜਾਵੇਗਾ ਬਸ਼ਰਤੇ ਇਸ ਵਿੱਚ ਕਿਸੇ ਧਿਰ ਦੀ ਗਲਤੀ ਵੀ ਹੋਈ ਹੋਵੇ।

ਉਦਾਹਰਣ: ੳ ਨੇ ਅ ਨੂੰ 10 ਟਨ ਕਣਕ ੲ ਦੁਆਰਾ ਨਿਰਧਾਰਤ ਕੀਤੇ ਮੁੱਲ ਤੇ ਵੇਚਣ ਦਾ ਵਾਅਦਾ ਕੀਤਾ। ਜੇਕਰ ੲ ਕਣਕ ਦੀ ਕੀਮਤ ਨਿਰਧਾਰਤ ਕਰਨ ਤੋਂ ਨਾਂਹ ਕਰ ਦਿੰਦਾ ਹੈ ਤਾਂ ੳ ਅਤੇ ਅ ਵਿਚਲਾ ਮੁਆਇਦਾ ਵਿਅਰਥ ਹੋ ਜਾਵੇਗਾ। ਪ੍ਰੰਤੂ ਜੇਕਰ ੲ ਨੂੰ ੳ ਜਾਂ ਅ ਦੁਆਰਾ ਮੁੱਲ ਨਿਰਧਾਰਤ ਕਰਨ ਤੋਂ ਰੋਕਿਆ ਜਾਂਦਾ ਹੈ ਤੇ ਜਿਸ ਧਿਰ ਦਾ ਨੁਕਸਾਨ ਹੋਇਆ ਹੋਵੇ, ਦੂਜੀ ਕਰਨ ਵਾਲੀ ਦੂਜੀ ਧਿਰ ਤੇ ਮੁਕੱਦਮਾ ਕਰ ਸਕਦੀ ਹੈ।

ਮੁੱਲ ਦਾ ਭੁਗਤਾਨ

ਕਿਸੇ ਉਲਟ ਜਾਂ ਵਿਰੋਧੀ ਮੁਆਇਦੇ ਦੀ ਅਣਹੋਂਦ ਵਿੱਚ ਵਿਕਰੀਕਾਰ ਨੂੰ ਦੇਸ਼ ਵਿੱਚ ਪ੍ਰਚਿਲਿਤ ਮੁਦਰਾ ਦੇ ਇਲਾਵਾ ਕਿਸੇ ਵੀ ਹੋਰ ਮੁਦਰਾ ਵਿੱਚ ਮੁੱਲ ਦਾ ਭੁਗਤਾਨ ਲੈਣ ਲਈ ਮਜਬੂਰ ਨਹੀ ਕੀਤਾ ਜਾ ਸਕਦਾ। ਜੇਕਰ ਵਿਕਰੇਤਾ ਨੇ ਪਹਿਲੇ

ਵਿਵਹਾਰਾਂ ਦਾ ਮੁੱਲ ਚੈਕ ਰਾਹੀਂ ਪ੍ਰਾਪਤ ਨਹੀ ਕੀਤਾ ਤਾਂ ਉਸ ਨੂੰ ਚੈਕ ਰਾਹੀ ਭੁਗਤਾਨ ਲੈਣ ਲਈ ਪਾਬੰਦ ਨਹੀ ਕੀਤਾ ਜਾ ਸਕਦਾ। ਵਿਕਰੇਤਾ ਨੂੰ ਮੁੱਲ ਵਿੱਚ ਸਰਕਾਰੀ ਕਰਾਂ ਵਿੱਚ ਕਮੀ ਜਾਂ ਵਾਧੇ ਨੂੰ ਘਟਾਉਣ ਅਤੇ ਜੋੜਨ ਦਾ ਅਧਿਕਾਰ ਹੁੰਦਾ ਹੈ। ਆਪਸੀ ਸਹਿਮਤੀ ਨਾਲ ਵਿਕਰੇਤਾ ਹੇਠ ਲਿਖੇ ਤਰੀਕਿਆਂ ਰਾਹੀਂ ਭੁਗਤਾਨ ਪ੍ਰਾਪਤ ਕਰ ਸਕਦਾ ਹੈ–

(i) ਚੈੱਕ ਜਾਂ ਡਰਾਫਟ ਦੁਆਰਾ।

(ii) ਵਟਾਂਦਰਾ ਪੱਤਰ ਦੁਆਰਾ।

(iii) ਹੁੰਡੀ ਦੁਆਰਾ।

(iv) ਕਿਸੇ ਹੋਰ ਤਰੀਕੇ ਰਾਹੀਂ।